ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 20 | Issue 105| 10 Jan. to 16 Jan.2024 | Ph.: (510) 240-5949 | Email: asrtimes@gmail.com



**ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ**
**ਚਾਲ਼ੀ ਮੁਕਤਿਆਂ ਦੀ ਲਾਸਾਨੀ ਸ਼ਹਾਦਤ ਨੂੰ**
**ਕੋਟਿਨ ਕੋਟ ਪ੍ਰਣਾਮ।**

# ਪੂਰੇ ਵਿਸ਼ਵ ’ਚ ਸ਼ੁਰੂ ਹੋਇਆ ‘ਲੋਕਤੰਤਰ ਦਾ ਵੱਡਾ ਮੇਲਾ’

## ਇਸ ਸਾਲ 80 ਦੇਸ਼ਾਂ ਵਿੱਚ ਹੋਣਗੀਆਂ 83 ਕਿਸਮ ਦੀਆਂ ਚੋਣਾਂ

## ਆਲਮੀ ਰਾਜਨੀਤੀ, ਭੂ-ਰਾਜਨੀਤੀ, ਗਲੋਬਲ ਆਰਥਿਕਤਾ ’ਤੇ ਪਵੇਗਾ ਵੱਡਾ ਅਸਰ

## ਵਿਸ਼ਵ ਮੰਦੀ, ਅੱਤਵਾਦ, ਤੇਲ ਦੀਆਂ ਕੀਮਤਾਂ, ਰੂਸ-ਯੂਕਰੇਨ ਯੁੱਧ, ਇਜ਼ਰਾਈਲ-ਹਮਾਸ ਸੰਘਰਸ਼ ਮੁੱਖ ਤੌਰ ’ਤੇ ਬਣੇ ਚੋਣ ਮੁੱਦੇ

**ਦੁਨੀਆਂ ਦੀ ਲਗਭਗ ਅੱਧੀ ਆਬਾਦੀ ਕਰੇਗੀ ਆਪਣੀ ਵੋਟ ਦੀ ਵਰਤੋਂ**

ਸਾਲ 2024 ਦੇ ਸ਼ੁਰੂ ਹੁੰਦਿਆਂ ਹੀ ਪੂਰੀ ਦੁਨੀਆਂ ਵਿੱਚ ‘ਲੋਕਤੰਤਰ ਦਾ ਵੱਡਾ ਮੇਲਾ’ ਸ਼ੁਰੂ ਹੋ ਗਿਆ ਹੈ, ਕਿਉਂਕਿ ਇਸ ਸਾਲ ਵਿਸ਼ਵ ਦੇ 80 ਦੇਸ਼ਾਂ ਵਿੱਚ ਚੋਣਾਂ ਹੋ ਰਹੀਆਂ ਹਨ, ਜੋ ਕਿ ਆਪਣੇ ਆਪ ਵਿੱਚ ਇੱਕ ਰਿਕਾਰਡ ਹੈ। ਭਾਵੇਂ ਵੱਡੀ ਗਿਣਤੀ ਦੇਸ਼ਾਂ ’ਚ ‘ਪੂੰਜੀਵਾਦ’ ਨੇ ਆਪਣੇ ਪੈਰ ਪਸਾਰ ਲਏ ਹਨ ਪਰ ਇਹਨਾਂ ਦੇਸ਼ਾਂ ’ਚ ਅਜੇ ਵੀ ਲੋਕਤੰਤਰ ਦੀਆਂ ਪਵਿੱਤਰ ਮੰਨੀਆਂ ਜਾਂਦੀਆਂ ‘ਕਦਰਾਂ- ਕੀਮਤਾਂ’ ਵੀ ਮੌਜੂਦ ਹਨ। ‘ਲੋਕਤੰਤਰ ਦੇ ਪਵਿੱਤਰ ਤਿਉਹਾਰ’ ਦੀ ਸ਼ੁਰੂਆਤ ਬੰਗਲਾਦੇਸ਼ ਵਿੱਚ 7 ਜਨਵਰੀ ਨੂੰ ਹੋਈਆਂ ਚੋਣਾਂ ਤੋਂ ਹੋ ਵੀ ਚੁੱਕੀ ਹੈ। ਵਿਸ਼ਵ ਦੇ 80 ਦੇਸ਼ਾਂ ਵਿੱਚ 83 ਕਿਸਮ ਦੀਆਂ ਚੋਣਾਂ ਹੋਣ ਕਾਰਨ ਹੀ ਸਾਲ 2024 ਨੂੰ ਚੋਣ ਵਰ੍ਹਾ ਵੀ ਕਿਹਾ ਜਾ ਰਿਹਾ ਹੈ। ਵਾਸ਼ਿੰਗਟਨ ਸਥਿਤ ਥਿੰਕ ਟੈਂਕ ਐਟਲਾਂਟਿਕ ਕੌਂਸਲ ਮੁਤਾਬਕ 2024 ਤੋਂ ਬਾਅਦ ਅਗਲੇ 24 ਸਾਲਾਂ ਤੱਕ ਦੁਨੀਆਂ ਭਰ ਵਿੱਚ ਸਿਰਫ਼ ਇੱਕ ਸਾਲ ਦੌਰਾਨ ਇੰਨੀਆਂ ਚੋਣਾਂ ਨਹੀਂ ਹੋਣਗੀਆਂ। ਸਾਲ 2048 ਵਿੱਚ ਅਜਿਹਾ ਇਤਫ਼ਾਕ ਫ਼ਿਰ ਵਾਪਰ ਸਕਦਾ ਹੈ ਕਿ ਇੱਕ ਸਾਲ ਦੇ ਅੰਦਰ ਇੰਨੇ ਦੇਸ਼ਾਂ ਵਿੱਚ ਚੋਣਾਂ ਦੇਖਣ ਨੂੰ ਮਿਲਣਗੀਆਂ।



ਲੋਕਤੰਤਰ ਵਿੱਚ ‘ਲੋਕਾਂ ਦੀ, ਲੋਕਾਂ ਦੇ ਲਈ ਅਤੇ ਲੋਕਾਂ ਦੇ ਵੱਲੋਂ’ ਸਰਕਾਰ ਹੁੰਦੀ ਹੈ। ਭਾਵੇਂ ਕਿ ਕੁਝ ਦੇਸ਼ਾਂ ਵਿੱਚ ਲੋਕਾਂ ਦੀਆਂ ਵੋਟਾਂ ਨਾਲ ਚੁਣ ਕੇ ਆਏ ਲੋਕ ਪ੍ਰਤੀਨਿਧੀ ਸੱਤਾ ਮਿਲਦਿਆਂ ਹੀ ਨਿਰਕੁੰਸ਼ ਸ਼ਾਸਨ ਵਰਗੇ ਕੰਮ ਕਰਨ ਲੱਗਦੇ ਹਨ। ਨਵੇਂ ਸਾਲ ਦੇ ਜਸ਼ਨ ਖਤਮ ਹੁੰਦੇ ਹੀ ਪੂਰੇ ਵਿਸ਼ਵ ਵਿੱਚ ਚੋਣਾਂ ਦੀਆਂ ਚਰਚਾਵਾਂ ਅਤੇ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਇਹ ਚੋਣਾਂ ਆਲਮੀ ਰਾਜਨੀਤੀ, ਭੂ-ਰਾਜਨੀਤੀ, ਗਲੋਬਲ ਆਰਥਿਕਤਾ ਵਰਗੇ ਵੱਖ-ਵੱਖ ਮੁੱਦਿਆਂ ’ਤੇ ਅਸਰ ਪਾਉਣਗੀਆਂ। ਭਾਰਤ ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਲੈ ਕੇ ਗੁਆਂਢੀ ਮੁਲਕਾਂ ਪਾਕਿਸਤਾਨ, ਬੰਗਲਾਦੇਸ਼, ਭੂਟਾਨ, ਇੰਡੋਨੇਸ਼ੀਆ ਅਤੇ ਇਰਾਨ ਵਿੱਚ ਚੋਣਾਂ ਹੋਣੀਆਂ ਹਨ। ਇਹ ਚੋਣ ਸਿਰਫ਼ ਦੱਖਣੀ ਏਸ਼ੀਆ ਤੱਕ ਹੀ ਸੀਮਤ ਨਹੀਂ, ਸਗੋਂ ਅਮਰੀਕਾ, ਰੂਸ, ਬਰਤਾਨੀਆ, ਦੱਖਣੀ ਅਫ਼ਰੀਕਾ, ਯੂਰਪੀਅਨ ਯੂਨੀਅਨ, ਮੈਕਸੀਕੋ, ਵੈਨੇਜ਼ੁਏਲਾ ਆਦਿ ਵਿੱਚ ਵੀ ਹੋਵੇਗੀ। ਹਾਲੀਆ ਮੁੱਦਿਆਂ ਵਿੱਚ ਵਿਸ਼ਵ ਮੰਦੀ, ਅੱਤਵਾਦ, ਤੇਲ ਦੀਆਂ ਕੀਮਤਾਂ, ਰੂਸ-ਯੂਕਰੇਨ ਯੁੱਧ, ਇਜ਼ਰਾਈਲ-ਹਮਾਸ ਸੰਘਰਸ਼ ਆਦਿ ਸ਼ਾਮਲ ਹਨ। ਇਨ੍ਹਾਂ ਚੋਣਾਂ ’ਚ ਦੁਨੀਆਂ ਦੀ ਲਗਭਗ ਅੱਧੀ ਆਬਾਦੀ ਆਪਣੀ ਵੋਟ ਦਾ ਇਸਤੇਮਾਲ ਕਰੇਗੀ, ਜਿਸ ਦਾ ਅਸਰ ਪੂਰੀ ਦੁਨੀਆਂ ’ਚ ਦੇਖਿਆ ਜਾ ਸਕਦਾ ਹੈ।

### ਕਈ ਸ਼ਕਤੀਸ਼ਾਲੀ ਦੇਸ਼ਾਂ ਵਿੱਚ ਹੋਣਗੀਆਂ ਚੋਣਾਂ

‘ਦ ਇਕਾਨਮਿਸਟ’ ਦੇ ਮੁਤਾਬਕ, ਜਿਨ੍ਹਾਂ ਦੇਸ਼ਾਂ ’ਚ ਚੋਣਾਂ ਹੋਣ ਜਾ ਰਹੀਆਂ ਹਨ, ਉਨ੍ਹਾਂ ’ਚੋਂ ਕਈ ਜੀ-20 ਅਤੇ ਜੀ- 7 ਵਰਗੇ ਦੁਨੀਆਂ ਦੇ ਕੁਝ ਸ਼ਕਤੀਸ਼ਾਲੀ ਸਮੂਹਾਂ ਦਾ ਹਿੱਸਾ ਹਨ। ਜਿਸ ਦਾ ਮਤਲਬ ਹੈ ਕਿ ਇਨ੍ਹਾਂ ਦੇ ਚੋਣ ਨਤੀਜਿਆਂ ਦਾ ਭੂ-ਰਾਜਨੀਤਿਕ ਪ੍ਰਭਾਵ ਵੀ ਪਵੇਗਾ ਅਤੇ ਅੰਤਰਰਾਸ਼ਟਰੀ ਦ੍ਰਿਸ਼ ਵੀ ਪ੍ਰਭਾਵਿਤ ਹੋ ਸਕਦਾ ਹੈ। ਅਮਰੀਕਾ ਦੀ ਚੋਣ ਵੀ ਇਨ੍ਹਾਂ ਵਿਚੋਂ ਹੈ।

(ਬਾਕੀ ਸਫ਼ਾ 30 ’ਤੇ)

# ਐੱਨ. ਆਰ. ਆਈ. ਪੰਜਾਬੀਆਂ ਨਾਲ ਮਿਲਣੀ ਸਮਾਗਮਾਂ ਦੀ ਸ਼ੁਰੂਆਤ 3 ਫ਼ਰਵਰੀ ਤੋਂ

ਚੰਡੀਗੜ੍ਹ/ਏ.ਟੀ.ਨਿਊਜ਼ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਰਵਾਸੀ ਪੰਜਾਬੀਆਂ ਦੇ ਮਸਲਿਆਂ ਅਤੇ ਸ਼ਿਕਾਇਤਾਂ ਨੂੰ ਛੇਤੀ ਅਤੇ ਤਸੱਲੀਬਖ਼ਸ਼ ਢੰਗ ਨਾਲ ਨਜਿੱਠਣ ਲਈ ‘ਐੱਨ. ਆਰ. ਆਈ. ਪੰਜਾਬੀਆਂ ਨਾਲ ਮਿਲਣੀ’ ਨਾਮਕ ਚਾਰ ਪ੍ਰੋਗਰਾਮਾਂ ਦਾ ਆਯੋਜਨ ਕਰੇਗੀ। ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਐੱਨ. ਆਰ. ਆਈ. ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ‘ਐੱਨ. ਆਰ. ਆਈ. ਪੰਜਾਬੀਆਂ ਨਾਲ ਮਿਲਣੀ’ ਸਮਾਗਮਾਂ ਦੀ ਸ਼ੁਰੂਆਤ 3 ਫ਼ਰਵਰੀ ਨੂੰ ਪਠਾਨਕੋਟ ਤੋਂ ਹੋਵੇਗੀ, ਜਿੱਥੇ ਪਠਾਨਕੋਟ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਹੁਸ਼ਿਆਪੁਰ ਆਦਿ ਜ਼ਿਲ੍ਹਿਆਂ ਨਾਲ ਸਬੰਧਿਤ ਪਰਵਾਸੀ ਪੰਜਾਬੀਆਂ ਦੇ ਮਸਲੇ ਤੇ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾਵੇਗਾ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸੇ ਤਰ੍ਹਾਂ ਹੀ 9 ਫ਼ਰਵਰੀ ਨੂੰ ਐੱਸ. ਬੀ. ਐੱਸ. ਨਗਰ (ਨਵਾਂਸ਼ਹਿਰ) ਵਿਖੇ ਐੱਸ. ਬੀ. ਐੱਸ. ਨਗਰ ਰੂਪਨਗਰ, ਜਲੰਧਰ, ਕਪੂਰਥਲਾ ਅਤੇ ਐੱਸ. ਏ. ਐੱਸ. ਨਗਰ (ਮੋਹਾਲੀ) ਆਦਿ ਜ਼ਿਲ੍ਹਿਆਂ, ਜਦੋਂ ਕਿ 16 ਫ਼ਰਵਰੀ ਨੂੰ ਸੰਗਰੂਰ, ਪਟਿਆਲਾ, ਬਰਨਾਲਾ, ਫ਼ਤਹਿਗੜ੍ਹ ਸਾਹਿਬ, ਮਾਲੇਰਕੋਟਲਾ, ਬਠਿੰਡਾ, ਲੁਧਿਆਣਾ ਅਤੇ ਮਾਨਸਾ ਆਦਿ ਜ਼ਿਲ੍ਹਿਆਂ ਨਾਲ ਸਬੰਧਿਤ ਪਰਵਾਸੀ ਪੰਜਾਬੀਆਂ ਦੇ ਮਸਲੇ ਹੱਲ ਕੀਤੇ ਜਾਣਗੇ। ਧਾਲੀਵਾਲ ਨੇ ਦੱਸਿਆ ਕਿ ਪਰਵਾਸੀ ਪੰਜਾਬੀ 11 ਜਨਵਰੀ ਤੋਂ 30 ਜਨਵਰੀ, 2024 ਤੱਕ ਵਿਭਾਗ ਦੀ ਵੈੱਬਸਾਈਟ ਅਤੇ ਵਟਸਐਪ ਨੰਬਰ 90560-09884 ’ਤੇ ਆਪਣੀਆਂ ਸ਼ਿਕਾਇਤਾਂ ਦਰਜ ਕਰਵਾ ਸਕਦੇ ਹਨ।



# ਗ਼ਰੀਬ ਤੋਂ ਲੈ ਕੇ ਅਮੀਰ ਭਾਰਤੀ ਵੱਡੀ ਗਿਣਤੀ ਵਿੱਚ ਕਰ ਰਹੇ ਨੇ ਦੂਸਰੇ ਦੇਸ਼ਾਂ ’ਚ ਪ੍ਰਵਾਸ

## ਡੌਂਕੀ ਰਾਹੀਂ ਪ੍ਰਵਾਸ ਰੋਕਣ ਵਿੱਚ ਮੋਦੀ ਸਰਕਾਰ ਅਸਫ਼ਲ

ਹਾਲ ਹੀ ਵਿੱਚ, ਜਦੋਂ 303 ਭਾਰਤੀਆਂ ਨੂੰ ਲੈਕੇ ਜਹਾਜ਼ ਨਿਕਾਰਗੁਆ ਜਾ ਰਿਹਾ ਸੀ ਤਾਂ ਫ਼ਰਾਂਸ ਤੋਂ ਵਾਪਸ ਭੇਜ ਦਿਤਾ ਗਿਆ ਸੀ। ਇਸ ਤੋਂ ਬਾਅਦ ਇਹ ਖ਼ੁਲਾਸਾ ਹੋਇਆ ਸੀ ਕਿ ਇਨ੍ਹਾਂ ਭਾਰਤੀਆਂ ਨੇ ਨਿਕਾਰਾਗੁਆ ਤੋਂ ਗੈਰ ਕਾਨੂੰਨੀ ਢੰਗ ਨਾਲ ਅਮਰੀਕੀ ਸਰਹੱਦ ਵਿੱਚ ਦਾਖਲ ਹੋਣਾ ਸੀ। ਇਹ ਸਭ ਚੰਗੇ ਰੁਜ਼ਗਾਰ ਦੀ ਤਲਾਸ਼ ਵਿੱਚ ਅਮਰੀਕਾ ਜਾਣਾ ਚਾਹੁੰਦੇ ਸਨ।

ਯਾਦ ਰਹੇ ਕਿ ਭਾਰਤ ਵਿਚੋਂ ‘ਡੰਕੀ’ ਜਾਂ ‘ਡੌਂਕੀ’ ਰਾਹੀਂ ਪ੍ਰਵਾਸ ਰੋਕਣ ਅਤੇ ਨੌਜਵਾਨਾਂ ਨੂੰ ਆਪਣੇ ਮੁਲਕ ਵਿੱਚ ਟਿਕੇ ਰਹਿਣ ਦੇ ਮੌਕੇ ਪ੍ਰਦਾਨ ਕਰਨ ਵਿੱਚ ਕੇਂਦਰ ਦੀਆਂ ਸਰਕਾਰਾਂ ਦੀ ਕਾਰਗੁਜ਼ਾਰੀ ਫ਼ਿੱਕੀ ਰਹੀ ਹੈ। ਭਾਰਤ ਸਰਕਾਰ ਨੇ 2022 ਤੱਕ 10 ਲੱਖ ਲੋਕਾਂ ਨੂੰ ਵਿਦੇਸ਼ ਭੇਜਣ ਦਾ ਟੀਚਾ ਮਿੱਥਿਆ ਸੀ ਤਾਂ ਜੋ ਗ਼ੈਰ-ਕਾਨੂੰਨੀ ਪ੍ਰਵਾਸ ਨੂੰ ਨੱਥ ਪਾਈ ਜਾ ਸਕੇ। ਬਾਵਜੂਦ ਇਸ ਦੇ ਹਰ ਰੋਜ਼ 2000 ਦੇ ਕਰੀਬ ਭਾਰਤੀ ਗ਼ੈਰ-ਕਾਨੂੰਨੀ ਤੌਰ ’ਤੇ ਜਹਾਜ਼ ਚੜ੍ਹ ਰਹੇ ਹਨ। ਇੰਟਰਨੈਸ਼ਨਲ ਆਰਗੇਨਾਈਜੇਸ਼ਨ ਫ਼ਾਰ ਮਾਈਗਰੇਸ਼ਨ ਦੀ ਇੱਕ ਤਾਜ਼ਾ ਰਿਪੋਰਟ ਅਨੁਸਾਰ ਹਰ ਸਾਲ 7 ਲੱਖ 25 ਹਜ਼ਾਰ ਭਾਰਤੀ ਗ਼ੈਰ-ਕਾਨੂੰਨੀ ਤੌਰ ’ਤੇ ਪ੍ਰਵਾਸ ਕਰਦੇ ਹਨ। ਇਨ੍ਹਾਂ ਵਿਚੋਂ ਵੱਡੀ ਗਿਣਤੀ ਭਾਰਤੀਆਂ ਦੀ ਪਹਿਲੀ ਪਸੰਦ ਅਮਰੀਕਾ ਹੈ।



ਅੰਕੜਿਆਂ ਅਨੁਸਾਰ ਸਾਲ 2014 ਤੋਂ ਲੈ ਕੇ ਪਿਛਲੇ ਸਾਲ ਦੇ ਅੰਤ ਤੱਕ ਗ਼ੈਰ-ਕਾਨੂੰਨੀ ਤੌਰ ’ਤੇ ਦੂਜੇ ਦੇਸ਼ਾਂ ਵਿੱਚ ਪ੍ਰਵੇਸ਼ ਕਰਦੇ 50 ਹਜ਼ਾਰ ਭਾਰਤੀ ਮਾਰੇ ਗਏ ਹਨ ਜਾਂ ਲਾਪਤਾ ਹੋਏ ਹਨ। ਅਮਰੀਕਾ ਪੁੱਜਣ ਲਈ ਭਾਰਤੀਆਂ ਨੂੰ ਕਈ ਦੇਸ਼ਾਂ ਵਿਚੋਂ ਦੀ ਹੋ ਕੇ ਲੰਘਣਾ ਪੈਂਦਾ ਹੈ। ਦਿੱਲੀ ਤੋਂ ਅਮਰੀਕਾ ਦੀ ਦੂਰੀ 14 ਹਜ਼ਾਰ ਕਿੱਲੋਮੀਟਰ ਦੱਸੀ ਗਈ ਹੈ। ਇਸ ਵਿੱਚ ‘ਡੰਕੀ ਰੂਟ’ ਦਾ 4600 ਕਿਲੋਮੀਟਰ ਰਸਤਾ ਵੀ ਸ਼ਾਮਿਲ ਹੈ। ਰਿਪੋਰਟ ਅਨੁਸਾਰ ਅਮਰੀਕਾ ਵਿੱਚ ਦਾਖ਼ਲ ਹੋਣ ਦੇ ਇੱਛੁਕ ਭਾਰਤੀਆਂ ਨੂੰ ਸਭ ਤੋਂ ਪਹਿਲਾਂ ਲਾਤੀਨੀ ਅਮਰੀਕਾ ਦੇ ਦੇਸ਼ ਇਕਵਾਡੋਰ ਲਿਜਾਇਆ ਜਾਂਦਾ ਹੈ। ਉਥੋਂ ਦਾ ਵੀਜ਼ਾ ਏਅਰਪੋਰਟ ’ਤੇ ਮਿਲ ਜਾਂਦਾ ਹੈ, ਜਿਸ ਕਰਕੇ ਕੋਈ ਦਿੱਕਤ ਨਹੀਂ ਆਉਂਦੀ। ਇਕਵਾਡੋਰ ਤੋਂ ਬਾਅਦ ਸਭ ਤੋਂ ਪਹਿਲਾਂ ਕੋਲੰਬੀਆ ਪਹੁੰਚਣਾ ਹੁੰਦਾ ਹੈ, ਇਹ ਰਸਤਾ ਸਮੁੰਦਰ ਰਾਹੀਂ ਤੈਅ ਕਰਨ ਲਈ ਕਿਹਾ ਜਾਂਦਾ ਹੈ।

(ਬਾਕੀ ਸਫ਼ਾ 30 ’ਤੇ)

# ਬਰੈਂਪਟਨ ’ਚ ਪੰਜਾਬੀ ਵਿਦਿਆਰਥੀਆਂ ਦੇ ਸੰਘਰਸ਼ ਨੂੰ ਪਿਆ ਬੂਰ

## ਅਲਗੋਮਾ ਯੂਨੀਵਰਸਿਟੀ ਖ਼ਿਲਾਫ਼ ਰੋਸ ਮਾਰਚ ਵਿੱਚ ਸਥਾਨਕ ਲੋਕਾਂ ਨੇ ਦਿੱਤਾ ਸੀ ਸੰਘਰਸ਼ ’ਚ ਸਾਥ




ਬਰੈਂਪਟਨ/ਏ.ਟੀ.ਨਿਊਜ਼ : ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚੋਂ ਬਰੈਂਪਟਨ (ਕੈਨੇਡਾ) ਪੜ੍ਹਾਈ ਲਈ ਗਏ ਵਿਦਿਆਰਥੀਆਂ ਦੇ ਅਲਗੋਮਾ ਯੂਨੀਵਰਸਿਟੀ ਖ਼ਿਲਾਫ਼ ਚੱਲ ਰਹੇ ਸੰਘਰਸ਼ ਨੂੰ ਛੇਵੇਂ ਦਿਨ ਬੂਰ ਪੈ ਗਿਆ ਹੈ। ਸੰਘਰਸ਼ ਵਿੱਚ ਸ਼ਾਮਲ ਵਿਦਿਆਰਥੀਆਂ ਮੁਤਾਬਕ ਯੂਨੀਵਰਸਿਟੀ 132 ਵਿੱਚੋਂ ਸੌ ਵਿਦਿਆਰਥੀਆਂ ਨੂੰ ਪਾਸ ਕਰਨ ’ਤੇ ਸਹਿਮਤ ਹੋ ਗਈ ਹੈ। ਬਾਕੀ ਰਹਿੰਦੇ 32 ਵਿਦਿਆਰਥੀਆਂ ਬਾਰੇ ਸ਼ੁੱਕਰਵਾਰ ਤੱਕ ਫ਼ੈਸਲਾ ਹੋਵੇਗਾ। ਇਨ੍ਹਾਂ ਵਿੱਚੋਂ ਕੁਝ ਵਿਦਿਆਰਥੀਆਂ ਨੇ ਪੜ੍ਹਾਈ ਵਿੱਚ ਘੱਟ ਤੇ ਕੰਮ ਵਿੱਚ ਵਧੇਰੇ ਦਿਲਚਸਪੀ ਦਿਖਾਈ। ਇਨ੍ਹਾਂ ਵਿੱਚੋਂ ਕਈਆਂ ਨੂੰ ਮੁੜ ਪੇਪਰ ਦੇਣ ਦਾ ਮੌਕਾ ਮਿਲ ਸਕਦਾ ਹੈ ਪਰ ਆਖ਼ਰੀ ਫ਼ੈਸਲਾ ਸ਼ੁੱਕਰਵਾਰ ਨੂੰ ਹੋਵੇਗਾ। ਵਿਦਿਆਰਥੀ ਆਗੂ ਮਨਦੀਪ ਸਿੰਘ ਸੱਦੋਵਾਲ, ਮਨਪ੍ਰੀਤ ਕੌਰ ਲੌਂਗੋਵਾਲ, ਹਰਿੰਦਰ ਮਹਿਰੋਕ ਤੇ ਖੁਸ਼ਪਾਲ ਗਰੇਵਾਲ ਨੇ ਸੰਘਰਸ਼ ਵਿੱਚ ਸਾਥ ਦੇਣ ਵਾਲੇ ਵਿਦਿਆਰਥੀਆਂ, ਪੰਜਾਬੀਆਂ ਅਤੇ ਹੋਰ ਲੋਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਸੰਘਰਸ਼ ਦੀ ਜਿੱਤ ਹੋ ਗਈ ਹੈ ਪਰ ਇਹ ਅਧੂਰੀ ਹੈ ਜਿਸ ਕਰਕੇ ਸ਼ੁੱਕਰਵਾਰ ਨੂੰ ਅੰਤਿਮ ਫ਼ੈਸਲਾ ਆਉਣ ਤੱਕ ਸੰਘਰਸ਼ ਨੂੰ ਜਾਰੀ ਰੱਖਿਆ ਜਾਵੇਗਾ। ਉਸ ਦਿਨ ਸਹਿਮਤੀ ਬਣਨ ਅਤੇ ਸਮਝੌਤਾ ਸਿਰੇ ਚੜ੍ਹਨ ’ਤੇ ਜੇਤੂ ਰੈਲੀ ਕਰਕੇ ਸੰਘਰਸ਼ ਦੀ ਸਮਾਪਤੀ ਹੋਵੇਗੀ। ਵਿਦਿਆਰਥੀ ਪਿਛਲੇ ਛੇ ਦਿਨ ਤੋਂ ਕੜਾਕੇ ਦੀ ਠੰਢ ਵਿੱਚ ਧਰਨੇ ’ਤੇ ਡਟੇ ਹੋਏ ਹਨ। ਇਨ੍ਹਾਂ ਵਿਦਿਆਰਥੀ ਆਗੂਆਂ ਅਤੇ ਮਾਂਟਰੀਅਲ ਯੂਥ ਸਟੂਡੈਂਟਸ ਆਰਗੇਨਾਈਜੇਸ਼ਨ ਵੱਲੋਂ ਵਰੁਣ ਖੰਨਾ ਨੇ ਦੋਸ਼ ਲਾਇਆ ਸੀ ਕਿ ਯੂਨੀਵਰਸਿਟੀ ਨੇ ਜਾਣਬੁੱਝ ਕੇ ਵੱਡੀ ਗਿਣਤੀ ਵਿਦਿਆਰਥੀਆਂ ਨੂੰ ਫ਼ੇਲ੍ਹ ਕੀਤਾ ਤਾਂ ਜੋ ਮੁੜ ਫ਼ੀਸਾਂ ਉਗਰਾਹੀਆਂ ਜਾ ਸਕਣ। ਇਸ ਸਬੰਧ ਵਿੱਚ ਕੈਨੇਡਾ ਦੇ ਸਾਰੇ ਸੰਸਦ ਮੈਂਬਰਾਂ ਨੂੰ ਈਮੇਲ ਕਰਕੇ ਹਮਾਇਤ ਮੰਗੀ ਗਈ ਸੀ। ਵਿਦਿਆਰਥੀਆਂ ਦਾ ਦੋਸ਼ ਹੈ ਕਿ ਆਈਟੀ ਦੇ ਗਰੈਜੂਏਸ਼ਨ ਕੋਰਸ ਵਾਲੇ ਵਿਦਿਆਰਥੀਆਂ ਨੂੰ ‘ਸਾਜਿਸ਼ੀ’ ਢੰਗ ਨਾਲ ਜਾਣਬੁੱਝ ਕੇ ਵੱਡੀ ਗਿਣਤੀ ਵਿੱਚ ਫ਼ੇਲ੍ਹ ਕਰ ਦਿੱਤਾ ਗਿਆ।

# ਕੈਨੇਡਾ ਆਈ.ਆਰ.ਜੀ.ਸੀ. ਨੂੰ ਅੱਤਵਾਦੀ ਸੰਗਠਨ ਵਜੋਂ ਸੂਚੀਬੱਧ ਕਰਨ ’ਤੇ ਕਰ ਰਿਹੈ ਵਿਚਾਰ: ਟਰੂਡੋ



ਵਾਸ਼ਿੰਗਟਨ/ਟੋਰਾਂਟੋ/ਏ.ਟੀ.ਨਿਊਜ਼ : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਸਰਕਾਰ ਇਰਾਨ ਦੇ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ (ਆਈ.ਆਰ. ਜੀ.ਸੀ.) ਨੂੰ ਅੱਤਵਾਦੀ ਸੰਗਠਨ ਵਜੋਂ ਸੂਚੀਬੱਧ ਕਰਨ ਦੇ ਤਰੀਕਿਆਂ ’ਤੇ ਵਿਚਾਰ ਕਰ ਰਹੀ ਹੈ। ਟਰੂਡੋ ਨੇ ਫਲਾਈਟ ਪੀਐਸ752 ਦੇ ਪੀੜਤਾਂ ਦੀ ਯਾਦ ਵਿੱਚ ਇੱਕ ਸਮਾਰੋਹ ਵਿੱਚ ਇਹ ਟਿੱਪਣੀ ਕੀਤੀ।

ਦੱਸ ਦੇਈਏ ਕਿ ਹਵਾਈ ਜਹਾਜ਼ ਨੂੰ 8 ਜਨਵਰੀ 2020 ਨੂੰ ਤਹਿਰਾਨ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਉਡਾਣ ਭਰਨ ਤੋਂ ਤੁਰੰਤ ਬਾਅਦ ਇਰਾਨ ਵੱਲੋਂ ਡੇਗ ਦਿੱਤਾ ਗਿਆ ਸੀ, ਜਿਸ ਵਿੱਚ 55 ਕੈਨੇਡੀਅਨ ਨਾਗਰਿਕਾਂ ਅਤੇ 30 ਸਥਾਈ ਨਿਵਾਸੀਆਂ ਸਮੇਤ 176 ਲੋਕ ਮਾਰੇ ਗਏ ਸਨ। ਪੀੜਤ ਪਰਿਵਾਰ ਸਾਲਾਂ ਤੋਂ ਸਰਕਾਰ ਤੋਂ ਆਈ.ਆਰ.ਜੀ.ਸੀ. ਨੂੰ ਅੱਤਵਾਦੀ ਸੰਗਠਨ ਵਜੋਂ ਸੂਚੀਬੱਧ ਕਰਨ ਦੀ ਮੰਗ ਕਰ ਰਹੇ ਹਨ।

# ਧੀਆਂ ਦੇ ਬਾਬਲ ਭੋਗਦੇ ਹਨ ਲੰਬੀ ਉਮਰ

## ਖੋਜ ’ਚ ਪਾਇਆ ਗਿਆ ਦਿਲਚਸਪ ਨਤੀਜਾ



ਕੈਲੀਫ਼ੋਰਨੀਆ/ਏ.ਟੀ. ਨਿਊਜ਼: ਸਾਰੀ ਦੁਨੀਆਂ ਜਾਣਦੀ ਹੈ ਕਿ ਧੀਆਂ ਆਪਣੇ ਪਿਤਾ ਨੂੰ ਵੱਧ ਪਿਆਰੀਆਂ ਹੁੰਦੀਆਂ ਹਨ। ਹੁਣ ਇਸ ਸਬੰਧ ਵਿੱਚ ਕੀਤੇ ਗਏ ਇੱਕ ਨਵੇਂ ਅਧਿਐਨ ਮੁਤਾਬਕ ਧੀਆਂ ਦੇ ਪਿਤਾ ਉਨ੍ਹਾਂ ਲੋਕਾਂ ਦੇ ਮੁਕਾਬਲੇ ਲੰਬੇ ਸਮੇਂ ਤੱਕ ਜਿਊਂਦੇ ਹਨ, ਜਿਨ੍ਹਾਂ ਦੀ ਬੇਟੀਆਂ ਨਹੀਂ ਹਨ। ਪੋਲੈਂਡ ਯੂਨੀਵਰਸਿਟੀ ਵੱਲੋਂ 4,310 ਲੋਕਾਂ ’ਤੇ ਕੀਤੇ ਗਏ ਅਧਿਐਨ ਦੇ ਆਧਾਰ ’ਤੇ ਇਹ ਸਿੱਟਾ ਕੱਢਿਆ ਗਿਆ ਹੈ। ਅਧਿਐਨ ਵਿੱਚ ਧੀ ਦੇ ਜਨਮ ਅਤੇ ਪਿਤਾ ਦੀ ਲੰਬੀ ਉਮਰ ਵਿਚਕਾਰ ਸਿੱਧਾ ਸਬੰਧ ਪਾਇਆ ਗਿਆ। ਅਧਿਐਨ ਵਿੱਚ ਇਹ ਵੀ ਪਾਇਆ ਗਿਆ ਕਿ ਕਿਸੇ ਵਿਅਕਤੀ ਕੋਲ ਜਿੰਨੀਆਂ ਜ਼ਿਆਦਾ ਧੀਆਂ ਹਨ, ਓਨੀ ਹੀ ਉਸ ਦੀ ਔਸਤ ਉਮਰ ਹੈ। ਅਧਿਐਨ ਮੁਤਾਬਕ ਹਰ ਬੇਟੀ ਦੇ ਜਨਮ ਨਾਲ ਪਿਤਾ ਦੀ ਔਸਤ ਉਮਰ 74 ਹਫ਼ਤਿਆਂ ਤੱਕ ਵਧ ਜਾਂਦੀ ਹੈ। ਅਧਿਐਨ ਦੀ ਰਿਪੋਰਟ ਅਮਰੀਕਨ ਜਰਨਲ ਆਫ਼ ਹਿਊਮਨ ਬਾਇਓਲੋਜੀ ਵਿੱਚ ਪ੍ਰਕਾਸ਼ਿਤ ਹੋਈ ਹੈ।

ਔਨਲਾਈਨ ਮੀਟਿੰਗਾਂ, ਜ਼ੂਮ ਕਾਲਾਂ ਅਤੇ ਟੀਮਾਂ ਵਰਗੀਆਂ ਸ਼ਰਤਾਂ ਹੁਣ ਸਾਡੀਆਂ ਸਾਰੀਆਂ ਜ਼ਿੰਦਗੀਆਂ ਦਾ ਹਿੱਸਾ ਬਣ ਗਈਆਂ ਹਨ। ਬਹੁਤ ਸਾਰੇ ਲੋਕਾਂ ਲਈ ਹਰ ਰੋਜ਼ ਅਜਿਹੀਆਂ ਮੀਟਿੰਗਾਂ ਵਿੱਚ ਜਾਣਾ ਆਮ ਗੱਲ ਹੈ। ਪਰ, ਇੱਕ ਅਧਿਐਨ ਦੇ ਅਨੁਸਾਰ, ਇਹ ਸੰਚਾਰ ਕਰਨ ਦਾ ਸਭ ਤੋਂ ਆਸਾਨ ਤਰੀਕਾ ਨਹੀਂ ਹੈ। ਅਧਿਐਨ ਦੇ ਅਨੁਸਾਰ, ਮਨੁੱਖੀ ਦਿਮਾਗ ਲਈ ਵੀਡੀਓ ਕਾਲ ’ਤੇ ਗੱਲਬਾਤ ਨੂੰ ਸਮਝਣ ਨਾਲੋਂ ਆਹਮੋ-ਸਾਹਮਣੇ ਦੀ ਗੱਲਬਾਤ ਨੂੰ ਸਮਝਣਾ ਸੌਖਾ ਹੈ।

(ਬਾਕੀ ਸਫ਼ਾ 31 ’ਤੇ)

# ਨੀਨਾ ਸਿੰਘ ਨੇ ਨਿਊਜਰਸੀ ਟਾਊਨਸ਼ਿਪ ਦੀ ਪਹਿਲੀ ਸਿੱਖ ਮਹਿਲਾ ਮੇਅਰ ਵਜੋਂ ਚੁੱਕੀ ਸਹੁੰ



ਨਿਊਯਾਰਕ/ਏ.ਟੀ.ਨਿਊਜ਼ : ਨੀਨਾ ਸਿੰਘ ਅਮਰੀਕਾ ਦੇ ਨਿਊਜਰਸੀ ਸੂਬੇ ਦੇ ਮੋਂਟਗੋਮਰੀ ਟਾਊਨਸ਼ਿਪ ਦੀ ਮੇਅਰ ਵਜੋਂ ਸਹੁੰ ਚੁੱਕਣ ਵਾਲੀ ਪਹਿਲੀ ਭਾਰਤੀ-ਅਮਰੀਕੀ ਸਿੱਖ ਔਰਤ ਬਣ ਗਈ ਹੈ। 4 ਜਨਵਰੀ ਨੂੰ ਮੋਂਟਗੋਮਰੀ ਟਾਊਨਸ਼ਿਪ ਪੁਨਰਗਠਨ ਮੀਟਿੰਗ ਵਿੱਚ ਕਾਂਗਰਸ ਵੂਮੈਨ ਮੈਂਬਰ ਬੋਨੀ ਵਾਟਸਨ ਕੋਲਮੈਨ ਨੇ ਉਨ੍ਹਾਂ ਨੂੰ ਅਹੁਦੇ ਦੀ ਸਹੁੰ ਚੁਕਾਈ। ਨੀਨਾ ਸਿੰਘ, ਜੋ ਮੋਂਟਗੋਮਰੀ ਵਿੱਚ 24 ਸਾਲਾਂ ਤੋਂ ਰਹਿ ਰਹੀ ਹੈ, ਨੂੰ ਉਨ੍ਹਾਂ ਦੇ ਸਾਥੀ ਟਾਊਨਸ਼ਿਪ ਕਮੇਟੀ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਮੇਅਰ ਚੁਣਿਆ ਗਿਆ।

ਮੇਅਰ ਨੀਨਾ ਸਿੰਘ ਨੇ ਕਿਹਾ ਕਿ ਨਿਊਜਰਸੀ ਵਿੱਚ ਪਹਿਲੀ ਚੁਣੀ ਸਿੱਖ ਮਹਿਲਾ ਮੇਅਰ ਅਤੇ ਪਹਿਲੀ ਭਾਰਤੀ-ਅਮਰੀਕੀ ਮਹਿਲਾ ਮੇਅਰ ਵਜੋਂ ਕਾਂਗਰਸ ਵੂਮੈਨ ਬੋਨੀ ਵਾਟਸਨ ਕੋਲਮੈਨ ਵੱਲੋਂ ਸਹੁੰ ਚੁੱਕਣਾ ਇੱਕ ਬਹੁਤ ਵੱਡਾ ਸਨਮਾਨ ਹੈ। ਜੋ ਚੀਜ਼ ਮੈਨੂੰ ਊਰਜਾ ਦਿੰਦੀ ਹੈ ਅਤੇ ਪ੍ਰੇਰਿਤ ਕਰਦੀ ਹੈ ਉਹ ਸੇਵਾ ਦੀ ਭਾਵਨਾ ਹੈ। ਸਿੰਘ ਦੀਆਂ 2024 ਲਈ ਤਰਜੀਹਾਂ ਜਨਤਕ ਸੁਰੱਖਿਆ ਅਤੇ ਸਿਹਤ ਹਨ। ਪਹਿਲੇ ਡਿਪਟੀ ਮੇਅਰ ਅਤੇ ਟਾਊਨਸ਼ਿਪ ਕਮੇਟੀ ਵੂਮੈਨ ਵਜੋਂ ਸੇਵਾ ਨਿਭਾਉਣ ਤੋਂ ਬਾਅਦ, ਸਿੰਘ ਨੂੰ ਅਹੁਦਾ ਛੱਡ ਰਹੇ ਮੇਅਰ ਦੇਵਰਾ ਕੀਨਨ ਅਤੇ ਕਮੇਟੀ ਮਹਿਲਾ ਪੈਟਰੀਸ਼ੀਆ ਟੇਲਰ ਟੌਡ ਵੱਲੋਂ ਇਸ ਅਹੁਦੇ ਲਈ ਨਾਮਜ਼ਦ ਕੀਤਾ ਗਿਆ ਸੀ।

ਵਾਟਸਨ ਕੋਲਮੈਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਨੀਨਾ ਸਿੰਘ ਲੋਕ ਸੇਵਾ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਉਨ੍ਹਾਂ ਨੇ ਸਮਾਜਿਕ ਨਿਆਂ, ਆਰਥਿਕ ਮੌਕੇ ਅਤੇ ਸਾਰਿਆਂ ਲਈ ਮਨੁੱਖੀ ਅਧਿਕਾਰਾਂ ਲਈ ਲੜਨਾ ਆਪਣੀ ਜ਼ਿੰਦਗੀ ਦਾ ਕੰਮ ਬਣਾਇਆ ਹੈ। ਮੈਨੂੰ ਭਰੋਸਾ ਹੈ ਕਿ ਉਹ ਮੇਅਰ ਵਜੋਂ ਆਪਣੇ ਕਾਰਜਕਾਲ ਵਿੱਚ ਟਾਊਨਸ਼ਿਪ ਲਈ ਆਪਣਾ ਤਜ਼ਰਬਾ ਅਤੇ ਜਨੂੰਨ ਲਿਆਵੇਗੀ। ਆਪਣੀ ਨਵੀਂ ਭੂਮਿਕਾ ਵਿੱਚ, ਨੀਨਾ ਸਿੰਘ ਟਾਊਨਸ਼ਿਪ ਕਮੇਟੀ ਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਕਰੇਗੀ ਅਤੇ ਉਨ੍ਹਾਂ ਕੋਲ ਕਮੇਟੀ ਦੀ ਸਹਿਮਤੀ ਨਾਲ ਸਬ-ਕਮੇਟੀਆਂ ਨਿਯੁਕਤ ਕਰਨ ਦੀ ਸ਼ਕਤੀ ਹੋਵੇਗੀ।

# ਕੈਨੇਡਾ ’ਚ ਪੁਲਿਸ ਪੀਸ ਅ.ਫਸਰ ਬਣੀ ਪੰਜਾਬ ਦੀ ਧੀ ਕੋਮਲਜੀਤ ਕੌਰ ਬੱਲ




ਅਜਨਾਲਾ/ਏ.ਟੀ.ਨਿਊਜ਼ : ਅਜਨਾਲਾ ਨੇੜਲੇ ਪਿੰਡ ਹਰੜ ਕਲਾਂ ਦੀ ਜੰਮਪਲ ਕੋਮਲਜੀਤ ਕੌਰ ਬੱਲ ਨੇ ਕੈਨੇਡਾ ’ਚ ਫੈਡਰਲ ਕਰੈਕਸ਼ਨਲ ਅਫ਼ਸਰ ਬਣ ਕੇ ਪੰਜਾਬ ਦਾ ਨਾਂ ਰੋਸ਼ਨ ਕੀਤਾ ਹੈ। ਕੋਮਲਜੀਤ ਅਜਨਾਲਾ ਸ਼ਹਿਰ ’ਚ ਆਲ ਸੇਂਟ ਕਾਨਵੈਂਟ ਸਕੂਲ ’ਚ ਮੈਟ੍ਰਿਕ ਪ੍ਰੀਖਿਆ ਅੱਵਲ ਪੁਜੀਸ਼ਨ ’ਚ ਪਾਸ ਕੀਤੀ। ਇਸ ਤੋਂ ਬਾਅਦ ਸਾਹਿਬਜ਼ਾਦਾ ਅਜੀਤ ਸਿੰਘ ਸੀਨੀਅਰ ਸੈਕੰਡਰੀ ਸਕੂਲ ਤੋਂ ਬਾਰ੍ਹਵੀਂ ਜਮਾਤ ਮੈਰਿਟ ਪੁਜੀਸ਼ਨ ’ਚ ਪਾਸ ਕਰ ਕੇ ਉਚੇਰੀ ਸਿੱਖਿਆ ਲਈ ਕੈਨੇਡਾ ਦੇ ਸ਼ਹਿਰ ਕੈਲਗਰੀ ਪੁੱਜੀ। ਕੋਮਲਜੀਤ ਕੌਰ ਨੇ ਸਖਤ ਮਿਹਨਤ ਨਾਲ ਕੈਨੇਡਾ ’ਚ ਫੈਡਰਲ ਕਰੈਕਸ਼ਨਲ ਅਫ਼ਸਰ (ਪੁਲਿਸ ਪੀਸ ਅਫ਼ਸਰ) ਬਣ ਕੇ ਅਜਨਾਲਾ ਸ਼ਹਿਰ ’ਚ ਵੱਸਦੇ ਆਪਣੇ ਮਾਤਾ ਰਣਬੀਰ ਕੌਰ ਬੱਲ, ਪਿਤਾ ਉੱਘੇ ਸਮਾਜ ਸੇਵਕ ਮਨਵੀਰ ਸਿੰਘ ਰਵੀ ਬੱਲ ਤੇ ਆਪਣੇ ਭਰਾ ਸੁਖਬੀਰ ਸਿੰਘ ਬੱਲ ਦਾ ਨਾਂ ਰੌਸ਼ਨ ਕੀਤਾ ਹੈ।

# ਜਥੇਦਾਰ ਕਾਉਂਕੇ ਮਾਮਲੇ ਵਿੱਚ ਇਨਸਾਫ਼ ਦਿੱਤਾ ਜਾਵੇ : ਗੁਰਦੁਆਰਾ ਸਾਹਿਬ ਫਰੀਮੌਂਟ



ਫਰੀਮੌਂਟ/ਏ.ਟੀ.ਨਿਊਜ਼ : ਗੁਰਦੁਆਰਾ ਸਾਹਿਬ ਫਰੀਮੌਂਟ ਨੇ ਮੰਗ ਕੀਤੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਮਾਮਲੇ ਵਿੱਚ ਇਨਸਾਫ਼ ਦਿੱਤਾ ਜਾਵੇ।

ਇੱਕ ਲਿਖਤੀ ਬਿਆਨ ਵਿੱਚ ਸੁਪਰੀਮ ਕੌਂਸਲ ਦੇ ਮੈਂਬਰ ਹਰਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਜਸਵੰਤ ਸਿੰਘ, ਰਜਿੰਦਰ ਸਿੰਘ, ਸੁਰਿੰਦਰਜੀਤ ਕੌਰ ਨੇ ਕਿਹਾ ਕਿ ਉਹ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਗਾਇਬ ਹੋਣ ਬਾਰੇ ਹਾਲ ਹੀ ਵਿੱਚ 31 ਸਾਲ ਪੁਰਾਣੀ ਰਿਪੋਰਟ ਵਿੱਚ ਪ੍ਰਗਟ ਕੀਤੀਆਂ ਗਈਆਂ ਭਾਰਤ ਸਰਕਾਰ ਦੀਆਂ ਨਿੰਦਣਯੋਗ ਕਾਰਵਾਈਆਂ ਦੀ ਸਖ਼ਤ ਨਿਖੇਧੀ ਕਰਦੇ ਹਨ। ਉਹਨਾਂ ਕਿਹਾ ਕਿ ਇਹ ਰਿਪੋਰਟ 1986 ਤੋਂ ਉਸ ਦੇ ਦੁਖਦਾਈ ਲਾਪਤਾ ਹੋਣ ਤੱਕ ਸਰਵਉੱਚ ਸਿੱਖ ਅਥਾਰਟੀ, ਅਕਾਲ ਤਖ਼ਤ ਦੇ ਜਥੇਦਾਰ ਵਜੋਂ ਸੇਵਾ ਨਿਭਾਉਣ ਵਾਲੇ ਸਤਿਕਾਰਤ ਸਿੱਖ ਆਗੂ ਦੇ 1992 ਦੇ ਕਤਲ ਨੂੰ ਲੁਕਾਉਣ ਦੀ ਪੰਜਾਬ ਪੁਲਿਸ ਦੀ ਕੋਸ਼ਿਸ਼ ਦੀ ਪੁਸ਼ਟੀ ਕਰਦੀ ਹੈ।

ਉਨ੍ਹਾਂ ਕਿਹਾ ਕਿ ਭਾਈ ਗੁਰਦੇਵ ਸਿੰਘ ਸਿੱਖ ਸਰਗਰਮੀ ਅਤੇ ਵਿਰੋਧ ਨੂੰ ਦਬਾਉਣ ਲਈ ਰਾਜ ਦੇ ਵੱਡੇ ਯਤਨਾਂ ਦਾ ਨਿਸ਼ਾਨਾ ਸੀ, ਜਿਵੇਂ ਕਿ 80-90 ਦੇ ਦਹਾਕੇ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਅਣਗਿਣਤ ਜਾਅਲੀ ਮੁਕਾਬਲੇ ਦੇ ਕਤਲਾਂ ਤੋਂ ਸਬੂਤ ਮਿਲਦਾ ਹੈ। ਉਨ੍ਹਾਂ ਕਿਹਾ ਕਿ ਉਹ ਸਿੱਖ ਸਮੂਹਾਂ ਨਾਲ ਏਕਤਾ ਵਿੱਚ ਖੜ੍ਹੇ ਹਨ। ਇਹ ਮਾਮਲਾ ਪੁਸ਼ਟੀ ਕਰਦਾ ਹੈ ਕਿ ਉਹਨਾਂ ਨੂੰ ਤਸੀਹੇ ਦਿੱਤੇ ਗਏ ਸਨ ਅਤੇ ਉਹਨਾਂ ਦਾ ਕਤਲ ਕੀਤਾ ਗਿਆ ਸੀ, ਇਹ ਮਾਮਲਾ ਭਾਰਤੀ ਅਧਿਕਾਰੀਆਂ ਦੁਆਰਾ ਅਪਣਾਈਆਂ ਗਈਆਂ ਬੇਰਹਿਮ ਚਾਲਾਂ ਨੂੰ ਹੋਰ ਰੇਖਾਂਕਿਤ ਕਰਦਾ ਹੈ।

ਉਹਨਾਂ ਕਿਹਾ ਕਿ ਇਸ ਕੇਸ ਨੂੰ ਛੁਪਾਉਣ ਵਿੱਚ ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀਆਂ, ਜਿਨ੍ਹਾਂ ਵਿੱਚ ਕੇ. ਪੀ. ਐਸ. ਗਿੱਲ, ਤਰਸੇਮ ਗਿੱਲ ਅਤੇ ਸੁਮੇਧ ਸੈਣੀ ਵਰਗੇ ਬਦਨਾਮ ਵਿਅਕਤੀਆਂ ਦੀ ਸ਼ਮੂਲੀਅਤ ਬਾਰੇ ਜਾਣਨਾ ਨਿਰਾਸ਼ਾਜਨਕ ਹੈ। ਉਹ ਭਾਈ ਗੁਰਦੇਵ ਸਿੰਘ ਵਿਰੁੱਧ ਝੂਠੇ ਕੇਸ ਬਣਾਉਣ ਅਤੇ ਇਹਨਾਂ ਜਾਅਲੀ ਮੁਕਾਬਲੇ ਦੇ ਕਤਲਾਂ ਬਾਰੇ ਪੁਲਿਸ ਰੈਂਕ ਦੇ ਅੰਦਰ ਖੁੱਲੇ ਰਾਜ਼ ਦੇ ਖੁਲਾਸੇ ਦੀ ਨਿੰਦਾ ਕਰਦੇ ਹਨ। ਉਹ ਪੰਜਾਬ ਹਿਊਮਨ ਰਾਈਟਸ ਆਰਗੇਨਾਈਜੇਸ਼ਨ (ਪੀ.ਐਚ.ਓ.) ਦੇ ਇਸ ਸੱਚ ਨੂੰ ਉਜਾਗਰ ਕਰਨ ਵਾਲੀ ਇਸ ਰਿਪੋਰਟ ਨੂੰ ਜਾਰੀ ਕਰਨ ਦੇ ਯਤਨਾਂ ਦੀ ਸ਼ਲਾਘਾ ਕਰਦੇ ਹਨ। ਉਹ ਚੱਲ ਰਹੇ ਕਾਨੂੰਨੀ ਯਤਨਾਂ ਦੇ ਸਮਰਥਨ ਵਿੱਚ, ਅਜਿਹੇ ਘਿਨਾਉਣੇ ਅਪਰਾਧਾਂ ਤੋਂ ਪ੍ਰਭਾਵਿਤ ਪਰਿਵਾਰਾਂ ਪ੍ਰਤੀ ਡੂੰਘੀ ਸੰਵੇਦਨਾ ਪ੍ਰਗਟ ਕਰਦੇ ਹਨ। ਉਨ੍ਹਾਂ ਕਿਹਾ ਕਿ ਉਹ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਅਤੇ ਸਿੱਖ ਇਤਿਹਾਸ ਦੇ ਉਸ ਅਧਿਆਏ ਵਿੱਚ ਨਿਸ਼ਾਨਾ ਬਣਾਏ ਗਏ ਉਨ੍ਹਾਂ ਸਾਰਿਆਂ ਲਈ ਇਨਸਾਫ਼ ਦੀ ਮੰਗ ਕਰਦੇ ਹਨ।

# ਸੂਬਾਈ ਪੱਧਰ ਦੇ ਕਾਂਗਰਸੀ ਆਗੂ 'ਇੰਡੀਆ' ਗੱਠਜੋੜ ਨੂੰ ਸਾਂਝੇ ਮੰਚ ਵਜੋਂ ਉਸਾਰਨ ਵਿੱਚ ਅੜਿੱਕਾ ਬਣੇ

## ਪੰਜਾਬ, ਮੱਧ ਪ੍ਰਦੇਸ਼, ਰਾਜਸਥਾਨ ਵਿੱਚ ਕਾਂਗਰਸੀ ਆਗੂ ਨਹੀਂ ਚਾਹੁੰਦੇ ਗੱਠਜੋੜ

### 'ਆਪ' ਤੇ ਕਾਂਗਰਸ ਦੇ ਲੀਡਰਾਂ ਦੀ ਸੀਟ ਸ਼ੇਅਰਿੰਗ ਬਾਰੇ ਕੀਤੀ ਮੀਟਿੰਗ ਵਿੱਚ ਕੋਈ ਨਤੀਜਾ ਨਾ ਨਿਕਲਿਆ

ਕਾਂਗਰਸ ਨੇ ਸਾਰੇ ਸੂਬਿਆਂ ਦੇ ਪ੍ਰਧਾਨਾਂ, ਵਿਧਾਨ ਸਭਾਵਾਂ ਵਿੱਚ ਆਪਣੇ ਆਗੂਆਂ ਤੇ ਹੋਰ ਪ੍ਰਮੁੱਖ ਆਗੂਆਂ ਦੀ ਮੀਟਿੰਗ ਵਿੱਚ ਆਪਣਾ ਧਿਆਨ 255 ਸੀਟਾਂ 'ਤੇ ਕੇਂਦਰਿਤ ਕਰਨ ਦਾ ਫ਼ੈਸਲਾ ਕੀਤਾ ਹੈ। ਕਾਂਗਰਸ ਇਹ ਮਹਿਸੂਸ ਕਰ ਰਹੀ ਹੈ ਕਿ ਉਸ ਨੂੰ ਵੱਖ ਵੱਖ ਸੂਬਿਆਂ ਵਿੱਚ ਨਾ ਸਿਰਫ਼ ਸਹਿਯੋਗੀ ਪਾਰਟੀਆਂ ਨਾਲ ਸਮਝੌਤਾ ਕਰਨਾ ਪੈਣਾ ਹੈ ਸਗੋਂ ਕਈ ਸੂਬਿਆਂ ਵਿੱਚ ਉਸ ਨੂੰ ਸੀਟਾਂ ਦੀ ਵੰਡ ਵਿੱਚ ਖੁੱਲ੍ਹਦਿਲੀ ਵਿਖਾਉਣ ਦੀ ਲੋੜ ਹੈ। ਕਾਂਗਰਸ ਦੀ ਪ੍ਰਮੁੱਖ ਸਮੱਸਿਆ ਉਸ ਦੇ ਸੂਬਾਈ ਪੱਧਰ ਦੇ ਆਗੂ ਹਨ। ਪੱਛਮੀ ਬੰਗਾਲ ਦੇ ਕਾਂਗਰਸੀ ਆਗੂ ਅਧੀਰ ਰੰਜਨ ਚੌਧਰੀ ਨੇ ਤ੍ਰਿਣਮੂਲ ਕਾਂਗਰਸ 'ਤੇ ਹਮਲਾ ਬੋਲਿਆ ਹੈ ਕਿ ਕਾਂਗਰਸ ਨੂੰ ਮਮਤਾ ਬੈਨਰਜੀ ਤੋਂ ਭੀਖ ਮੰਗਣ ਦੀ ਕੋਈ ਲੋੜ ਨਹੀਂ ਹੈ। ਕਾਂਗਰਸੀ ਆਗੂਆਂ ਦੀ ਭਾਸ਼ਾ ਹੀ ਗ਼ੈਰ-ਜ਼ਿੰਮੇਵਾਰਾਨਾ ਨਹੀਂ ਸਗੋਂ ਉਨ੍ਹਾਂ ਦਾ ਸਿਆਸੀ ਰਵੱਈਆ ਵੀ ਹੰਕਾਰ ਵਾਲਾ ਹੈ। ਮੱਧ ਪ੍ਰਦੇਸ਼ ਦੀਆਂ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸੀ ਆਗੂ ਕਮਲ ਨਾਥ ਨੇ ਸਮਾਜਵਾਦੀ ਪਾਰਟੀ ਅਤੇ ਹੋਰ ਆਗੂਆਂ ਨਾਲ ਸਮਝੌਤਾ ਕਰਨ ਤੋਂ ਇਨਕਾਰ ਕੀਤਾ। ਰਾਜਸਥਾਨ ਵਿੱਚ ਵੀ ਕਾਂਗਰਸ ਨੇ ਸੀ.ਪੀ.ਐੱਮ. ਅਤੇ ਹੋਰ ਪਾਰਟੀਆਂ ਨਾਲ ਸਮਝੌਤਾ ਕਰਨ ਤੋਂ ਇਨਕਾਰ ਕੀਤਾ? ਜੇ ਕਾਂਗਰਸੀ ਆਗੂਆਂ ਦਾ ਰਵੱਈਆ ਨਹੀਂ ਬਦਲਦਾ ਤਾਂ ਉਸ ਦਾ ਬਹੁਤਾ ਨੁਕਸਾਨ ਕਾਂਗਰਸ ਨੂੰ ਹੀ ਹੋਣਾ ਹੈ।

ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਨੇ ਬੀਤੇ ਸੋਮਵਾਰ ਨੂੰ ਲੋਕ ਸਭਾ ਚੋਣਾਂ ਲਈ ਸੀਟਾਂ ਦੀ ਵੰਡ ਨੂੰ ਲੈ ਕੇ ਮੀਟਿੰਗ ਕੀਤੀ। ਆਮ ਆਦਮੀ ਪਾਰਟੀ ਦੇ ਨੇਤਾਵਾਂ ਨਾਲ ਕਾਂਗਰਸ ਦੀ ਰਾਸ਼ਟਰੀ ਗਠਜੋੜ ਕਮੇਟੀ ਦੀ ਬੈਠਕ ਤੋਂ ਬਾਅਦ ਕਾਂਗਰਸ ਦੇ ਸੀਨੀਅਰ ਨੇਤਾ ਮੁਕੁਲ ਵਾਸਨਿਕ ਨੇ ਕਿਹਾ ਕਿ ਚੋਣ ਨਾਲ ਜੁੜੇ ਕਈ ਮੁੱਦਿਆਂ 'ਤੇ ਚਰਚਾ ਕੀਤੀ ਗਈ। ਸੂਤਰਾਂ ਮੁਤਾਬਕ ਮੀਟਿੰਗ ਨੂੰ ਸਕਾਰਾਤਮਕ ਮੰਨਿਆ ਜਾ ਰਿਹਾ ਹੈ। ਦੋਵਾਂ ਪਾਰਟੀਆਂ ਨੇ ਵੱਖ-ਵੱਖ ਰਾਜਾਂ 'ਚ ਚੋਣ ਲੜਨ ਦੀਆਂ ਰਣਨੀਤੀਆਂ ਅਤੇ ਸੀਟਾਂ ਦੀ ਗਿਣਤੀ 'ਤੇ ਚਰਚਾ ਕੀਤੀ। 'ਆਪ' ਦੇ ਰਾਜ ਸਭਾ ਮੈਂਬਰ ਸੰਦੀਪ ਪਾਠਕ ਅਤੇ ਦਿੱਲੀ ਸਰਕਾਰ ਦੇ ਕੈਬਨਿਟ ਮੰਤਰੀ ਆਤਿਸ਼ੀ ਅਤੇ ਸੌਰਭ ਭਾਰਦਵਾਜ ਨੇ ਬੈਠਕ 'ਚ ਸ਼ਿਰਕਤ ਕੀਤੀ। ਕਾਂਗਰਸ ਦੀ ਤਰਫੋਂ ਮੁਕੁਲ ਵਾਸਨਿਕ, ਅਸ਼ੋਕ ਗਹਿਲੋਤ, ਭੁਪੇਸ਼ ਬਘੇਲ, ਸਲਮਾਨ ਖੁਰਸ਼ੀਦ ਅਤੇ ਮੋਹਨ ਪ੍ਰਕਾਸ਼ ਦੀ 5 ਮੈਂਬਰੀ ਕਮੇਟੀ ਨੇ ਬੈਠਕ ਵਿੱਚ ਹਿੱਸਾ ਲਿਆ। ਤੁਹਾਨੂੰ ਦੱਸ ਦੇਈਏ ਕਿ ਕਾਂਗਰਸ ਨੇ ਇਸ ਕਮੇਟੀ ਨੂੰ ਸੀਟ ਵੰਡ ਦੇ ਮੁੱਦੇ 'ਤੇ ਇੰਡੀਆ ਬਲਾਕ 'ਚ ਸ਼ਾਮਲ ਪਾਰਟੀਆਂ ਨਾਲ ਗੱਲ ਕਰਨ ਦਾ ਅਧਿਕਾਰ ਦਿੱਤਾ ਹੈ। ਮੀਟਿੰਗ ਤੋਂ ਬਾਅਦ ਕਾਂਗਰਸ ਦੇ ਸੰਸਦ ਮੈਂਬਰ ਮੁਕੁਲ ਵਾਸਨਿਕ ਨੇ ਕਿਹਾ ਕਿ ਗੱਲਬਾਤ ਜਾਰੀ ਰਹੇਗੀ ਅਤੇ ਅਸੀਂ ਦੁਬਾਰਾ ਮਿਲਾਂਗੇ। ਉਸ ਤੋਂ ਬਾਅਦ ਹੀ ਅਸੀਂ ਸੀਟਾਂ ਦੀ ਵੰਡ ਬਾਰੇ ਅੰਤਿਮ ਫੈਸਲਾ ਲਵਾਂਗੇ। ਹਰ ਗੱਲ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਅਸੀਂ ਇਕੱਠੇ ਚੋਣ ਲੜਾਂਗੇ। ਅਸੀਂ ਭਾਜਪਾ ਨੂੰ ਸਖ਼ਤ ਟੱਕਰ ਦੇਵਾਂਗੇ।



**'ਆਪ' ਨੇ ਕਾਂਗਰਸ ਨੂੰ ਦਿੱਤੀ ਪੰਜਾਬ ਦੀਆਂ 6 ਸੀਟਾਂ ਦੀ ਪੇਸ਼ਕਸ਼**

ਸੂਤਰਾਂ ਅਨੁਸਾਰ 'ਆਪ' ਨੇ ਕਾਂਗਰਸ ਨੂੰ ਦਿੱਲੀ ਵਿੱਚ 3 ਅਤੇ ਪੰਜਾਬ ਵਿੱਚ 6 ਸੀਟਾਂ ਦੀ ਪੇਸ਼ਕਸ਼ ਕੀਤੀ ਹੈ। ਇਸ ਦੇ ਨਾਲ ਹੀ ਗੁਜਰਾਤ ਅਤੇ ਗੋਆ 'ਚ ਇਕ-ਇੱਕ ਸੀਟ 'ਤੇ ਚੋਣ ਲੜਨ ਦੀ ਮੰਗ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਉਹ ਹਰਿਆਣਾ ਦੀਆਂ 3 ਸੀਟਾਂ 'ਤੇ ਚੋਣ ਲੜਨਾ ਚਾਹੁੰਦੀ ਹੈ। ਦੋਵੇਂ ਪਾਰਟੀਆਂ ਆਪਣੀ ਉੱਚ ਲੀਡਰਸ਼ਿਪ ਨਾਲ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਇੱਕ ਵਾਰ ਫਿਰ ਆਹਮੋ-ਸਾਹਮਣੇ ਬੈਠਣਗੀਆਂ। ਸੀਟਾਂ ਦੀ ਵੰਡ ਨੂੰ ਲੈ ਕੇ 'ਆਪ' ਅਤੇ ਕਾਂਗਰਸ ਵਿਚਾਲੇ ਦੂਜੇ ਦੌਰ ਦੀ ਮੀਟਿੰਗ 11 ਜਾਂ 12 ਜਨਵਰੀ ਨੂੰ ਹੋ ਸਕਦੀ ਹੈ। ਇਥੇ ਜਿਕਰਯੋਗ ਹੈ ਕਿ ਕਾਂਗਰਸ ਪੰਜਾਬ ਵਿੱਚ ਆਪਣੀ ਜ਼ਮੀਨ ਛੱਡਣ ਲਈ ਤਿਆਰ ਨਹੀਂ ਹੈ। ਪਿਛਲੀ ਵਾਰ 13 'ਚੋਂ 8 ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ, ਜਦਕਿ 'ਆਪ' ਜ਼ੀਰੋ 'ਤੇ ਬਾਹਰ ਸੀ। ਬਾਅਦ ਵਿੱਚ ਜ਼ਿਮਨੀ ਚੋਣ ਵਿੱਚ ਇੱਕ ਸੀਟ ਜਿੱਤ ਕੇ ਉਨ੍ਹਾਂ ਦਾ ਖਾਤਾ ਖੋਲ੍ਹਿਆ ਗਿਆ। ਪੰਜਾਬ ਵਿੱਚ ਕਾਂਗਰਸ ਨੂੰ 36 ਤੋਂ 42 ਫੀਸਦੀ ਵੋਟ ਸ਼ੇਅਰ ਮਿਲਦੇ ਰਹੇ ਹਨ ਪਰ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਹ ਘੱਟ ਕੇ 17.5 ਫੀਸਦੀ ਰਹਿ ਗਈ ਹੈ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਤ੍ਰਿਣਮੂਲ ਕਾਂਗਰਸ ਨੇ ਪੱਛਮੀ ਬੰਗਾਲ ਵਿੱਚ 22 ਸੀਟਾਂ ਜਿੱਤੀਆਂ ਸਨ ਤੇ ਭਾਜਪਾ ਨੇ 18 ਸੀਟਾਂ। ਕਾਂਗਰਸ ਨੂੰ ਸਿਰਫ਼ ਦੋ ਹਲਕਿਆਂ ਵਿੱਚ ਸਫਲਤਾ ਮਿਲੀ ਸੀ। 2021 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦਾ ਇੱਕ ਵੀ ਉਮੀਦਵਾਰ ਸਫ਼ਲ ਨਹੀਂ ਸੀ ਹੋਇਆ। ਸਿਆਸੀ ਮਾਹਿਰਾਂ ਅਨੁਸਾਰ ਪੱਛਮੀ ਬੰਗਾਲ ਵਿੱਚ ਤ੍ਰਿਣਮੂਲ ਕਾਂਗਰਸ ਤੇ ਸੀ.ਪੀ.ਐੱਮ. ਵਿਚਕਾਰ ਚੋਣ ਸਮਝੌਤਾ ਨਹੀਂ ਹੋ ਸਕਦਾ। ਸੀ.ਪੀ.ਐੱਮ. ਕਾਂਗਰਸ 'ਤੇ ਦਬਾਅ ਪਾ ਰਹੀ ਹੈ ਕਿ ਉਹ ਤ੍ਰਿਣਮੂਲ ਕਾਂਗਰਸ ਨਾਲ ਸਮਝੌਤਾ ਨਾ ਕਰੇ ਅਤੇ ਅਧੀਰ ਰੰਜਨ ਚੌਧਰੀ ਸੀ.ਪੀ.ਐੱਮ. ਦੀ ਬੋਲੀ ਬੋਲ ਰਿਹਾ ਹੈ। ਸਿਆਸੀ ਸਮੀਕਰਨ ਕੁਝ ਵੀ ਹੋਣ, ਆਗੂਆਂ ਨੂੰ ਬੋਲਣ ਵਿੱਚ ਸੰਜਮ ਤੇ ਮਰਿਆਦਾ ਤੋਂ ਕੰਮ ਲੈਣਾ ਚਾਹੀਦਾ ਹੈ।

ਸੀਟਾਂ ਦੀ ਵੰਡ 'ਚ ਦੇਰੀ ਹੋਣ ਕਾਰਨ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਵੀ ਤਿੰਨ ਸੀਟਾਂ ਲਈ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ ਜੋ ਕਿ ਇੰਡੀਆ ਗੱਠਜੋੜ ਲਈ ਵੱਡੀ ਸਿਰਦਰਦੀ ਹੈ। ਬਿਹਾਰ ਸਰਕਾਰ ਦੇ ਮੰਤਰੀ ਵਿਜੇ ਚੌਧਰੀ ਨੇ ਵੀ ਸੀਟ ਵੰਡ ਦੀ ਦੇਰੀ 'ਤੇ ਨਾਰਾਜ਼ਗੀ ਜ਼ਾਹਰ ਕੀਤੀ ਹੈ। ਜਦੋਂ ਕਾਂਗਰਸ ਪ੍ਰਧਾਨ ਨੇ ਪ੍ਰੈੱਸ ਕਾਨਫਰੰਸ 'ਚ ਕਿਹਾ ਸੀ ਕਿ ਸੀਟ ਵੰਡ 'ਤੇ 15-20 ਦਿਨਾਂ 'ਚ ਚਰਚਾ ਕੀਤੀ ਜਾਵੇਗੀ ਤਾਂ ਜੇ.ਡੀ.ਯੂ. ਦੇ ਇੱਕ ਨੇਤਾ ਨੇ ਕਿਹਾ ਕਿ ਕਾਂਗਰਸ ਖੇਤਰੀ ਪਾਰਟੀਆਂ ਨੂੰ ਕਮਜ਼ੋਰ ਕਰ ਰਹੀ ਹੈ। ਉੱਤਰ ਪ੍ਰਦੇਸ਼ ਵਿੱਚ ਬਸਪਾ ਸਪਾ ਅਤੇ ਕਾਂਗਰਸ ਵਿਚਾਲੇ ਫਸ ਗਈ ਹੈ। ਕਾਂਗਰਸ ਦੇ ਸੂਬਾ ਪ੍ਰਧਾਨ ਅਜੈ ਰਾਏ ਮਾਇਆਵਤੀ ਨੂੰ ਗਠਜੋੜ ਵਿੱਚ ਸ਼ਾਮਲ ਹੋਣ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਅਪੀਲ ਕਰ ਰਹੇ ਹਨ ਅਤੇ ਸਪਾ ਮੁਖੀ ਅਖਿਲੇਸ਼ ਯਾਦਵ ਬਸਪਾ ਨੂੰ ਥਾਂ ਦੇਣ ਲਈ ਬਿਲਕੁਲ ਵੀ ਤਿਆਰ ਨਹੀਂ ਹਨ।

ਇਸ ਸਿਲਸਿਲੇ ਵਿੱਚ ਮਾਇਆਵਤੀ ਨੇ ਆਪਣੇ ਵਿਕਲਪ ਖੁੱਲ੍ਹੇ ਰੱਖਣ ਦਾ ਬਿਆਨ ਦੇ ਕੇ ਕਾਂਗਰਸ ਦੀ ਭੰਬਲਭੂਸੇ ਵਿੱਚ ਵਾਧਾ ਕੀਤਾ ਹੈ ਅਤੇ ਸਪਾ ਦੀ ਸ਼ੰਕਾ ਵੀ ਵਧਾ ਦਿੱਤੀ ਹੈ। ਬਿਆਨਬਾਜ਼ੀ ਦੌਰਾਨ ਵਿਵਾਦ ਨੂੰ ਸੁਲਝਾਉਣ ਲਈ ਅਜੇ ਤੱਕ ਕੋਈ ਪਹਿਲਕਦਮੀ ਨਹੀਂ ਕੀਤੀ ਜਾ ਰਹੀ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਬਸਪਾ ਅਤੇ ਕਾਂਗਰਸ ਵਿੱਚ ਕਿਸੇ ਵੀ ਸੰਭਾਵੀ ਗੱਠਜੋੜ ਨਾਲ ਸੰਸਦੀ ਚੋਣਾਂ ਤੋਂ ਪਹਿਲਾਂ ਨਵੇਂ ਰਾਜਨੀਤਕ ਸਮੀਕਰਨ ਬਣਨ ਦੀ ਸੰਭਾਵਨਾ ਹੈ। ਦੂਜੇ ਪਾਸੇ ਸਮਾਜਵਾਦੀ ਪਾਰਟੀ ਕੁੱਲ 80 'ਚੋਂ 65 ਸੀਟਾਂ ਆਪਣੇ ਲਈ ਚਾਹੁੰਦੀ ਹੈ, ਜਦੋਂ ਕਿ ਕਾਂਗਰਸ ਲਈ 10 ਅਤੇ ਰਾਸ਼ਟਰੀ ਲੋਕ ਦਲ (ਆਰ.ਐੱਲ.ਡੀ.) ਲਈ 5 ਸੀਟਾਂ ਛੱਡਣ ਲਈ ਤਿਆਰ ਹੈ। ਉੱਤਰ ਪ੍ਰਦੇਸ਼ 'ਚ ਵੱਡੀ ਗਿਣਤੀ 'ਚ ਸੀਟਾਂ ਸਮਾਜਵਾਦੀ ਪਾਰਟੀ ਨੂੰ ਕਮਾਂਡਿੰਗ ਸਥਿਤੀ ਵਿੱਚ ਰੱਖ ਸਕਦੀਆਂ ਹਨ। 'ਇੰਡੀਆ' ਗੱਠਜੋੜ ਸਾਹਮਣੇ ਵੱਡੀਆਂ ਚੁਣੌਤੀਆਂ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਗੱਠਜੋੜ ਵਿੱਚ ਕਾਂਗਰਸ ਸਭ ਤੋਂ ਵੱਡੇ ਆਧਾਰ ਵਾਲੀ ਪਾਰਟੀ ਹੈ ਪਰ ਇਸ ਦੇ ਆਗੂਆਂ ਦਾ ਨਿੱਜੀ ਅਤੇ ਜਥੇਬੰਦਕ ਗ਼ਰੂਰ ਪਾਰਟੀ ਨੂੰ ਹੀ ਨਹੀਂ ਸਗੋਂ ਸਮੁੱਚੇ 'ਇੰਡੀਆ' ਗੱਠਜੋੜ ਲਈ ਨੁਕਸਾਨਦੇਹ ਸਾਬਤ ਹੋ ਸਕਦਾ ਹੈ। ਕਈ ਸੂਬਿਆਂ ਵਿੱਚ ਕਾਂਗਰਸੀ ਆਗੂਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਸੰਜਮ ਤੋਂ ਕੰਮ ਲੈਣ। ਪਾਰਟੀ ਨੂੰ ਸਾਰੇ ਆਗੂਆਂ ਨੂੰ ਅਨੁਸ਼ਾਸਨ ਵਿੱਚ ਰਹਿਣ ਦੀ ਤਾਕੀਦ ਕਰਨੀ ਚਾਹੀਦੀ ਹੈ। ਅਜਿਹਾ ਗੱਠਜੋੜ ਦੀ ਸਿਆਸਤ ਵਿੱਚ ਸੰਜਮ ਦਿਖਾਉਣ ਨਾਲ ਹੀ ਸੰਭਵ ਹੈ।

## ਧਰਨਿਆਂ ਨੇ ਪਾਈ ਸਰਕਾਰ ਨੂੰ ਧਰਨ

# ਪੰਜਾਬ ਦੀ ਧਰਤੀ ਮੁੜ ਵੰਗਾਰੇ ਦਿੱਲੀ ਦੇ ਤਖ਼ਤ ਨੂੰ

### ਧਰਨੇ 'ਚੋਂ ਪੈਦਾ ਹੋਈ 'ਆਮ ਆਦਮੀ ਪਾਰਟੀ' ਦੀ ਸਰਕਾਰ ਦੇ ਰਾਜ 'ਚ ਧਰਨੇ ਦੇਣ ਲਈ ਮਜਬੂਰ ਕਿਉਂ ਹਨ 'ਆਮ ਲੋਕ'

ਪਟਿਆਲਾ/ਏ.ਟੀ.ਨਿਊਜ਼ : ਕੜਾਕੇ ਦੀ ਠੰਡ ਦੌਰਾਨ ਪੰਜਾਬ 'ਚ ਇਸ ਸਮੇਂ ਵੱਖ- ਵੱਖ ਥਾਂਵਾਂ 'ਤੇ ਬੰਦੀ ਸਿੰਘਾਂ ਦੇ ਸਮਰਥਕਾਂ, ਕਿਸਾਨਾਂ, ਮਜ਼ਦੂਰਾਂ, ਗੰਨਾ ਉਤਪਾਦਕਾਂ, ਡਰਾਈਵਰਾਂ (ਟਰੱਕ ਤੇ ਟੈਕਸੀ ਚਾਲਕਾਂ), ਕੱਚੇ ਤੇ ਠੇਕਾ ਮੁਲਾਜ਼ਮਾਂ, ਬੇਰੁਜ਼ਗਾਰਾਂ ਵੱਲੋਂ ਆਪਣੀਆਂ ਮੰਗਾਂ ਮਨਵਾਉਣ ਲਈ ਧਰਨੇ ਦਿੱਤੇ ਜਾ ਰਹੇ ਹਨ, ਦੂਜੇ ਪਾਸੇ ਇਹਨਾਂ ਧਰਨਾਕਾਰੀਆਂ ਦੀਆਂ ਮੰਗਾਂ ਨੂੰ ਹੱਲ ਕਰਨ ਸਬੰਧੀ ਪੰਜਾਬ ਅਤੇ ਕੇਂਦਰ ਦੀ ਸਰਕਾਰ ਘੇਸਲ ਵੱਟੀ ਬੈਠੀਆਂ ਹਨ, ਜਿਸ ਕਾਰਨ ਪੰਜਾਬ ਵਿੱਚ ਲੱਗ ਰਹੇ ਧਰਨਿਆਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। ਇਸ ਤੋਂ ਇਲਾਵਾ ਕੁਝ ਕਿਸਾਨ ਮਜ਼ਦੂਰ ਜਥੇਬੰਦੀਆਂ ਵੱਲੋਂ ਮੁੜ ਦਿੱਲੀ ਵਿੱਚ ਧਰਨਾ ਲਗਾਉਣ ਦੇ ਐਲਾਨ ਕੀਤੇ ਜਾ ਰਹੇ ਹਨ।



ਹੈਰਾਨੀ ਦੀ ਗੱਲ ਇਹ ਹੈ ਕਿ ਧਰਨੇ 'ਚੋਂ ਹੀ ਹੋਂਦ ਵਿੱਚ ਆਈ 'ਆਮ ਆਦਮੀ ਪਾਰਟੀ' ਦੀ ਸਰਕਾਰ ਦੇ ਰਾਜ ਵਿੱਚ ਪੰਜਾਬ ਦੇ 'ਆਮ ਲੋਕ' ਹੀ ਹਰ ਪਾਸੇ ਧਰਨੇ ਦੇਣ ਲਈ ਮਜਬੂਰ ਹਨ। ਧਰਨਾਕਾਰੀਆਂ ਵੱਲੋਂ ਅਕਸਰ ਧਰਨਾ ਦੇਣ ਮੌਕੇ ਸੜਕ ਅਤੇ ਰੇਲ ਆਵਾਜਾਈ ਠੱਪ ਕਰ ਦਿੱਤੀ ਜਾਂਦੀ ਹੈ, ਜਿਸ ਕਾਰਨ ਆਵਾਜਾਈ ਦੀ ਰਫ਼ਤਾਰ ਨੂੰ ਵੀ ਬਰੇਕਾਂ ਲੱਗ ਜਾਂਦੀਆਂ ਹਨ, ਇਸ ਦੇ ਬਾਵਜੂਦ ਧਰਨਾਕਾਰੀਆਂ ਨੂੰ ਸਿਵਾਏ ਸਰਕਾਰੀ ਭਰੋਸੇ ਤੇ ਵਾਅਦੇ ਦੇ ਕੁਝ ਨਹੀਂ ਮਿਲਦਾ। ਕਿਸਾਨ ਆਗੂ ਕਹਿੰਦੇ ਹਨ ਕਿ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਮਜ਼ਦੂਰਾਂ ਨੂੰ ਸਿਰਫ਼ ਲਾਰੇ ਹੀ ਲਗਾਏ ਜਾ ਰਹੇ ਹਨ ਅਤੇ ਉਹਨਾਂ ਦੀਆਂ ਮੰਗਾਂ ਨੂੰ ਹੱਲ ਨਹੀਂ ਕੀਤਾ ਜਾ ਰਿਹਾ। ਕਿਸਾਨਾਂ ਦਾ ਇਹ ਵੀ ਕਹਿਣਾ ਹੈ ਕਿ ਸਰਕਾਰ ਵੱਲੋਂ ਤਾਂ ਪਹਿਲਾਂ ਤੋਂ ਹੀ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ, ਜਿਸ ਕਾਰਨ ਕਿਸਾਨ ਮਜ਼ਦੂਰ ਧਰਨੇ ਦੇਣ ਲਈ ਮਜਬੂਰ ਹਨ। ਉਹਨਾਂ ਕਿਹਾ ਕਿ ਠੰਡ ਦੇ ਇਸ ਮੌਸਮ ਵਿੱਚ ਜਦੋਂ ਆਮ ਲੋਕ ਆਪਣੇ ਘਰਾਂ ਵਿੱਚ ਰਜਾਈ ਦਾ ਨਿੱਘ ਮਾਣ ਰਹੇ ਹੁੰਦੇ ਹਨ, ਉਸ ਸਮੇਂ ਕਿਸਾਨ ਮਜ਼ਦੂਰ ਸੜਕਾਂ ਅਤੇ ਰੇਲਵੇ ਲਾਈਨਾਂ 'ਤੇ ਧਰਨੇ ਵਿੱਚ ਬੈਠੇ ਹੁੰਦੇ ਹਨ, ਇਸ ਦੇ ਬਾਵਜੂਦ ਕੋਈ ਵੀ ਸਰਕਾਰ ਕਿਸਾਨਾਂ ਮਜ਼ਦੂਰਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ।

ਕੁਝ ਬੁੱਧੀਜੀਵੀ ਇਹ ਕਹਿੰਦੇ ਹਨ ਕਿ ਇਹ ਤਾਂ ਸਭ ਨੂੰ ਪਤਾ ਹੀ ਹੈ ਕਿ ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ ਹੁੰਦੀਆਂ ਹਨ ਅਤੇ ਪੰਜਾਬ ਦੀ ਧਰਤੀ ਹਮੇਸ਼ਾ ਹੀ ਦਿੱਲੀ ਦੇ ਤਖ਼ਤ ਨੂੰ ਵੰਗਾਰਦੀ ਰਹੀ ਹੈ। ਹੁਣ ਜਦੋਂ ਕੇਂਦਰ ਸਰਕਾਰ ਆਪ ਹੁਦਰੀਆਂ ਕਾਰਵਾਈਆਂ ਕਰਦਿਆਂ ਕਿਸਾਨਾਂ ਦੀਆਂ ਮੰਗਾਂ ਮੰਨਣ ਤੋਂ ਘੇਸਲ ਵੱਟ ਰਹੀ ਹੈ ਅਤੇ ਪੰਜਾਬ ਸਰਕਾਰ ਵੀ ਕਿਸਾਨਾਂ ਦੀ ਬਾਂਹ ਨਹੀਂ ਫੜ ਰਹੀ ਤਾਂ ਕਿਸਾਨ ਮਜ਼ਦੂਰ ਜੇ ਧਰਨੇ ਨਾ ਦੇਣ ਤਾਂ ਹੋਰ ਕੀ ਕਰਨ? ਅਸਲ ਵਿੱਚ ਸਰਕਾਰਾਂ ਕਿਸਾਨਾਂ ਤੇ ਹੋਰ ਵਰਗਾਂ ਦੇ ਲੋਕਾਂ ਕੋਲ ਧਰਨੇ ਦੇਣ ਤੋਂ ਸਿਵਾਏ ਹੋਰ ਰਸਤਾ ਵੀ ਕੋਈ ਨਹੀਂ ਛੱਡਦੀਆਂ।

ਧਰਨਾਕਾਰੀਆਂ ਦਾ ਕਹਿਣਾ ਹੈ ਕਿ ਉਹ ਹੁਣ ਲੰਬੇ ਸੰਘਰਸ਼ ਲਈ ਘਰਾਂ ਤੋਂ ਬਾਹਰ ਸੜਕਾਂ 'ਤੇ ਆਏ ਹਨ ਅਤੇ ਆਪਣੀਆਂ ਮੰਗਾਂ ਮੰਨਵਾ ਕੇ ਹੀ ਵਾਪਸ ਪਰਤਣਗੇ। ਸਰਕਾਰਾਂ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਅਤੇ ਕਿਸਾਨਾਂ ਮਜ਼ਦੂਰਾਂ ਦੇ ਨਾਲ ਡਰਾਈਵਰਾਂ ਅਤੇ ਹੋਰ ਵਰਗਾਂ ਦੇ ਲੋਕਾਂ ਦੇ ਮਸਲੇ ਹੱਲ ਕਰਨੇ ਚਾਹੀਦੇ ਹਨ ਅਤੇ ਲੋਕ ਵਿਰੋਧੀ ਕਾਨੂੰਨਾਂ ਨੂੰ ਵਾਪਸ ਲੈਣਾ ਚਾਹੀਦਾ ਹੈ।

# ਅਯੁੱਧਿਆ ਨੂੰ 'ਸਿਆਸੀ ਅਖਾੜਾ' ਬਣਾਉਣ ਦਾ ਵੱਡੇ ਧਾਰਮਿਕ ਆਗੂਆਂ ਵੱਲੋਂ ਸਖ਼ਤ ਵਿਰੋਧ

## ਸਿਆਸੀ ਆਗੂ ਨੂੰ ਧਾਰਮਿਕ ਆਗੂ ਬਣਾਉਣਾ ਧਾਰਮਿਕ ਪਰੰਪਰਾਵਾਂ ਦੇ ਵਿਰੁੱਧ-ਸ਼ੰਕਰਾਚਾਰੀਆ ਸਰਸਵਤੀ

ਨਵੀਂ ਦਿੱਲੀ/ਏ.ਟੀ.ਨਿਊਜ਼ : ਦੇਸ਼ ਦੇ ਪ੍ਰਮੁੱਖ ਧਾਰਮਿਕ ਨੇਤਾਵਾਂ ਨੇ ਜਨਤਕ ਤੌਰ 'ਤੇ ਕਿਹਾ ਹੈ ਕਿ ਵਿਸ਼ਵ ਹਿੰਦੂ ਪ੍ਰੀਸ਼ਦ (ਵੀ.ਐਚ.ਪੀ.) ਜਿਸ ਤਰ੍ਹਾਂ ਅਯੁੱਧਿਆ 'ਚ 'ਅਰਧ-ਨਿਰਮਾਣ' ਰਾਮ ਮੰਦਰ ਦਾ ਉਦਘਾਟਨ ਕਰਨ ਦੀ ਯੋਜਨਾ ਬਣਾ ਰਹੀ ਹੈ, ਉਹ ਸਭ ਸਿਰਫ਼ 'ਸਿਆਸੀ ਲਾਭ' ਹਾਸਲ ਕਰਨ ਲਈ ਹੈ। ਸਮੁੱਚੇ ਧਾਰਮਿਕ ਪ੍ਰੋਗਰਾਮ ਨੂੰ ਸਿਆਸੀ ਅਖਾੜੇ ਵਿੱਚ ਬਦਲ ਦਿੱਤਾ ਗਿਆ ਹੈ। ਇਹ ਹਿੰਦੂ ਮਾਨਤਾਵਾਂ ਅਤੇ ਪਰੰਪਰਾਵਾਂ ਦੇ ਵਿਰੁੱਧ ਹੈ।



ਹਿੰਦੂ ਅਖਬਾਰ ਨੇ ਇਸ ਸੰਬੰਧ 'ਚ ਹੁਣੇ ਜਿਹੇ ਇੱਕ ਖਾਸ ਰਿਪੋਰਟ ਪ੍ਰਕਾਸ਼ਿਤ ਕੀਤੀ ਹੈ। ਉੱਤਰਾਖੰਡ ਵਿੱਚ ਜੋਤਿਸ਼ ਪੀਠ ਦੇ 1008 ਸ਼ੰਕਰਾਚਾਰੀਆ ਅਵਿਮੁਕਤੇਸ਼ਵਰਾਨੰਦ ਸਰਸਵਤੀ ਨੇ ਬੀਤੇ ਮੰਗਲਵਾਰ ਨੂੰ ਦਾਅਵਾ ਕੀਤਾ ਸੀ ਕਿ ਅੰਸ਼ਕ ਤੌਰ 'ਤੇ ਬਣਾਏ ਗਏ ਮੰਦਰ ਦਾ ਉਦਘਾਟਨ ਸਿਰਫ਼ ਸਿਆਸੀ ਲਾਭ ਲਈ ਕੀਤਾ ਜਾ ਰਿਹਾ ਹੈ। ਅਵਿਮੁਕਤੇਸ਼ਵਰਾਨੰਦ ਸਰਸਵਤੀ ਨੇ ਕਿਹਾ ਸੀ- ਅਯੁੱਧਿਆ ਵਿੱਚ ਰਾਮ ਮੰਦਰ ਦੇ ਪਵਿੱਤਰ ਸਮਾਰੋਹ ਵਿੱਚ ਪਰੰਪਰਾਵਾਂ ਦਾ ਪਾਲਣ ਨਹੀਂ ਕੀਤਾ ਜਾ ਰਿਹਾ ਹੈ। ਭਾਰਤ ਵਿੱਚ ਰਾਜੇ (ਸਿਆਸੀ ਆਗੂ) ਅਤੇ ਧਾਰਮਿਕ ਆਗੂ ਹਮੇਸ਼ਾ ਹੀ ਵੱਖਰੇ ਰਹੇ ਹਨ, ਪਰ ਹੁਣ ਸਿਆਸੀ ਆਗੂ ਨੂੰ ਧਾਰਮਿਕ ਆਗੂ ਬਣਾਇਆ ਜਾ ਰਿਹਾ ਹੈ। ਇਹ ਪਰੰਪਰਾਵਾਂ ਦੇ ਵਿਰੁੱਧ ਹੈ ਅਤੇ ਸਿਆਸੀ ਫ਼ਾਇਦੇ ਲਈ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਸਾਰੀ ਦਾ ਕੰਮ ਪੂਰਾ ਹੋਣ ਤੋਂ ਪਹਿਲਾਂ ਕਿਸੇ ਵੀ ਮੰਦਰ ਵਿੱਚ ਕੋਈ ਵੀ ਪ੍ਰਵੇਸ਼ ਜਾਂ ਸੰਸਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਫ਼ਿਲਹਾਲ ਅਯੁੱਧਿਆ 'ਚ ਇਸ ਅਸਥਾਨ ਦਾ ਫ਼ਰਸ਼ ਬਣਾਇਆ ਗਿਆ ਹੈ ਅਤੇ ਇਸ 'ਤੇ ਥੰਮ੍ਹ ਲਗਾਏ ਗਏ ਹਨ। ਮੰਦਰ ਦੀ ਉਸਾਰੀ ਪੂਰੀ ਤਰ੍ਹਾਂ ਨਹੀਂ ਹੋਈ ਹੈ। ਅਜਿਹੀ ਸਥਿਤੀ ਵਿੱਚ, ਪ੍ਰਾਣ ਪ੍ਰਤੀਸ਼ਠਾ ਹਿੰਦੂ ਧਰਮ ਵਿੱਚ ਪਰੰਪਰਾਵਾਂ ਦੇ ਅਨੁਸਾਰ ਨਹੀਂ ਹੈ।

ਰਾਮ ਜਨਮ ਭੂਮੀ ਤੀਰਥ ਖੇਤਰ (ਰਾਮ ਮੰਦਰ ਟਰੱਸਟ) ਦੇ ਜਨਰਲ ਸਕੱਤਰ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸੀਨੀਅਰ ਆਗੂ ਚੰਪਤ ਰਾਏ ਦੇ ਬਿਆਨ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਸ਼ੰਕਰਾਚਾਰੀਆ ਅਵਿਮੁਕਤੇਸ਼ਵਰਾਨੰਦ ਸਰਸਵਤੀ ਨੇ ਕਿਹਾ ਕਿ ਚੰਪਤ ਰਾਏ ਨੂੰ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ ਅਤੇ ਮੰਦਰ ਰਾਮਾਨੰਦ ਸੰਪਰਦਾ ਨੂੰ ਸੌਂਪ ਦੇਣਾ ਚਾਹੀਦਾ ਹੈ। ਦੱਸ ਦੇਈਏ ਕਿ ਚੰਪਤ ਰਾਏ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਹੈ ਕਿ ਰਾਮ ਮੰਦਰ ਰਾਮਾਨੰਦ ਸੰਪਰਦਾ ਦੇ ਲੋਕਾਂ ਦਾ ਹੈ ਨਾ ਕਿ ਉਨ੍ਹਾਂ ਦਾ। ਉਨ੍ਹਾਂ ਕਿਹਾ ਕਿ ਜੇਕਰ ਰਾਮ ਮੰਦਿਰ ਰਾਮਾਨੰਦ ਸੰਪਰਦਾ ਨਾਲ ਜੁੜੇ ਲੋਕਾਂ ਦਾ ਹੈ ਤਾਂ ਇਸ ਮੰਦਰ ਨੂੰ ਸੰਸਕਾਰ ਤੋਂ ਪਹਿਲਾਂ ਰਾਮਾਨੰਦ ਸੰਪਰਦਾ ਨਾਲ ਜੁੜੇ ਲੋਕਾਂ ਨੂੰ ਦਿੱਤਾ ਜਾਣਾ ਚਾਹੀਦਾ ਹੈ। ਕਿਸੇ ਨੂੰ ਇਸ 'ਤੇ ਕੋਈ ਇਤਰਾਜ਼ ਨਹੀਂ ਹੋਵੇਗਾ। ਸੰਤ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਮੋਦੀ ਦੇ ਵਿਰੁੱਧ ਨਹੀਂ ਹਨ, ਪਰ ਸਿਰਫ਼ ਉਨ੍ਹਾਂ ਨੂੰ ਚਿਤਾਵਨੀ ਦੇਣਾ ਚਾਹੁੰਦੇ ਹਨ ਕਿ ਉਹ 'ਧਰਮ ਵਿਰੋਧੀ' ਕਿਸੇ ਵੀ ਚੀਜ਼ ਵਿੱਚ ਹਿੱਸਾ ਨਾ ਲੈਣ।

ਪੁਰੀ (ਓਡੀਸ਼ਾ) ਦੇ ਪੂਰਵਾਮਨਯਾ ਗੋਵਰਧਨ ਪੀਠ ਦੇ 145ਵੇਂ ਜਗਦਗੁਰੂ ਸ਼ੰਕਰਾਚਾਰੀਆ ਨਿਸ਼ਚਲਾਨੰਦ ਸਰਸਵਤੀ ਨੇ ਪੀਐਮ ਮੋਦੀ ਵੱਲੋਂ ਰਾਮ ਮੰਦਰ ਵਿੱਚ ਪ੍ਰਾਣ-ਪ੍ਰਤੀਸ਼ਠਾ ਪੂਜਾ ਕਰਨ 'ਤੇ ਨਾਰਾਜ਼ਗੀ ਜ਼ਾਹਰ ਕਰਦਿਆਂ ਕਿਹਾ ਕਿ ਉਹ ਅਜਿਹੀ ਸਥਿਤੀ ਵਿੱਚ ਅਯੁੱਧਿਆ ਨਹੀਂ ਜਾਣਗੇ।

ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸੋਚਣ ਦੀ ਲੋੜ ਹੈ ਕਿ ਜੇਕਰ ਪ੍ਰਧਾਨ ਮੰਤਰੀ ਹੀ ਸਭ ਕੁਝ ਕਰ ਰਹੇ ਹਨ ਤਾਂ ਅਯੁੱਧਿਆ 'ਚ 'ਧਰਮਚਾਰੀਆ' (ਧਾਰਮਿਕ ਗੁਰੂ) ਲਈ ਕੀ ਕਰਨਾ ਬਾਕੀ ਰਹਿ ਗਿਆ ਹੈ।

### ਰਾਮ ਭਗਤੀ 'ਤੇ ਭਾਜਪਾ ਦਾ ਕਾਪੀਰਾਈਟ ਨਹੀਂ : ਉਮਾ ਭਾਰਤੀ

ਸਾਬਕਾ ਕੇਂਦਰੀ ਮੰਤਰੀ, ਮੱਧ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਅਤੇ ਰਾਮ ਜਨਮ ਭੂਮੀ ਅੰਦੋਲਨ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਵਾਲੀ ਉਮਾ ਭਾਰਤੀ ਨੇ ਅਯੁੱਧਿਆ 'ਚ 22 ਜਨਵਰੀ ਨੂੰ ਹੋਣ ਵਾਲੀ ਰਾਮਲਲਾ ਦੀ ਪ੍ਰਾਣ ਪ੍ਰਤਿਸ਼ਠਾ ਵਿੱਚ ਆਯੋਜ਼ੀਸ਼ਨ ਆਗੂਆਂ, ਸਨਅਤਕਾਰਾਂ ਤੇ ਮਸ਼ਹੂਰ ਹਸਤੀਆਂ ਦੇ ਸ਼ਾਮਲ ਹੋਣ ਦੇ ਮੁੱਦੇ 'ਤੇ ਕਿਹਾ ਹੈ ਕਿ ਰਾਮ ਭਗਤੀ ਉੱਤੇ ਭਾਜਪਾ ਦੀ ਇਜਾਰੇਦਾਰੀ ਨਹੀਂ ਹੈ, ਸਗੋਂ ਭਗਵਾਨ ਰਾਮ ਸਭ ਦੇ ਹਨ। ਉਨ੍ਹਾਂ ਆਪੋਜ਼ੀਸ਼ਨ ਆਗੂਆਂ ਨੂੰ ਵੀ ਵੋਟ ਬੈਂਕ ਦੀ ਸਿਆਸਤ ਤੇ ਲੋਕ ਆਧਾਰ ਖਿਸਕਣ ਦੀ ਮਾਨਸਿਕਤਾ ਅਤੇ ਤੌਖਲਿਆਂ ਤੋਂ ਬਾਹਰ ਨਿਕਲਣ ਦਾ ਸੱਦਾ ਦਿੱਤਾ ਹੈ। ਉਸ ਨੇ ਕਿਹਾ ਕਿ ਪ੍ਰਾਣ ਪ੍ਰਤਿਸ਼ਠਾ ਵਿੱਚ ਸ਼ਾਮਲ ਹੋਣ ਦਾ ਸੱਦਾ ਦੇਣ ਦਾ ਫ਼ੈਸਲਾ ਰਾਮ ਮੰਦਰ ਤੀਰਥ ਸ਼ੇਤਰ ਨਿਆਸ ਦਾ ਹੈ। ਇਹ ਕੋਈ ਸਿਆਸੀ ਸੱਦਾ ਨਹੀਂ ਹੈ। ਰਾਮ ਭਗਤੀ 'ਤੇ ਸਾਡਾ ਕੋਈ ਕਾਪੀਰਾਈਟ ਨਹੀਂ ਹੈ। ਭਗਵਾਨ ਰਾਮ ਤੇ ਹਨੂੰਮਾਨ ਜੀ ਭਾਜਪਾ ਦੇ ਆਗੂ ਨਹੀਂ ਹਨ, ਸਗੋਂ ਉਹ ਸਾਡੇ ਰਾਸ਼ਟਰੀ ਗੌਰਵ ਹਨ। ਉਨ੍ਹਾਂ ਦੇ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਵਿੱਚ ਕੋਈ ਵੀ ਸ਼ਾਮਲ ਹੋ ਸਕਦਾ ਹੈ ਤੇ ਕਿਸੇ ਨੂੰ ਵੀ ਇਸ ਲਈ ਸੱਦਿਆ ਜਾ ਸਕਦਾ ਹੈ।

ਉਮਾ ਭਾਰਤੀ ਨੇ ਕਿਹਾ ਕਿ ਮੈਂ ਸਾਰੇ ਸਿਆਸਤਦਾਨਾਂ ਨੂੰ ਵੀ ਕਹਾਂਗੀ ਕਿ ਇਸ ਨੂੰ ਸਿਆਸੀ ਨਜ਼ਰੀਏ ਨਾਲ ਨਾ ਦੇਖਣ। ਤੁਹਾਡੇ ਘਰਾਂ ਵਿੱਚ ਵੀ ਰਾਮ ਦੀਆਂ ਤਸਵੀਰਾਂ ਹਨ, ਤੁਹਾਡੇ ਨਾਂਅ ਨਾਲ ਵੀ ਰਾਮ ਹੋ ਸਕਦਾ ਹੈ। ਇਸ ਲਈ ਇਸ ਵਿੱਚ ਸਾਰੇ ਹਿੱਸਾ ਲੈਣ। ਇਸ ਕਰਕੇ ਤੁਸੀਂ ਨਾ ਡਰੋ ਕਿ ਤੁਹਾਨੂੰ ਵੋਟਾਂ ਨਹੀਂ ਮਿਲਣਗੀਆਂ। ਮੈਂ ਭਾਜਪਾ ਵਾਲਿਆਂ ਨੂੰ ਵੀ ਕਹਾਂਗੀ ਕਿ ਤੁਸੀਂ ਇਸ ਹੰਕਾਰ ਤੋਂ ਬਾਹਰ ਨਿਕਲੋ ਕਿ ਸਿਰਫ਼ ਤੁਸੀਂ ਹੀ ਰਾਮ ਦੀ ਭਗਤੀ ਕਰ ਸਕਦੇ ਹੋ। ਲੱਗੇ ਹੱਥ ਮੈਂ ਆਪੋਜ਼ੀਸ਼ਨ ਨੂੰ ਵੀ ਕਹਾਂਗੀ ਕਿ ਆਪਣੇ ਆਪ ਨੂੰ ਇਸ ਡਰ ਤੋਂ ਮੁਕਤ ਕਰ ਲਓ ਕਿ ਤੁਹਾਡਾ ਉੱਥੇ ਜਾਣਾ ਠੀਕ ਨਹੀਂ ਰਹੇਗਾ। ਹੰਕਾਰ ਜਾਂ ਭੈਅ ਤੋਂ ਮੁਕਤ ਹੋ ਕੇ ਸਾਨੂੰ ਸਭ ਨੂੰ ਖੁਸ਼ੀ-ਖੁਸ਼ੀ ਰਾਮਲਲਾ ਦੀ ਪ੍ਰਾਣ ਪ੍ਰਤਿਸ਼ਠਾ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਚੇਤੇ ਰਹੇ ਉਮਾ ਭਾਰਤੀ ਨੇ 12 ਸਾਲ ਦੀ ਉਮਰ ਵਿੱਚ ਮੰਦਰ ਅੰਦੋਲਨ ਵਿੱਚ ਸ਼ਿਰਕਤ ਕੀਤੀ ਸੀ। 6 ਦਸੰਬਰ 1992 ਨੂੰ ਜਦੋਂ ਬਾਬਰੀ ਮਸਜਿਦ ਦਾ ਢਾਂਚਾ ਮਿਸਮਾਰ ਕੀਤਾ ਜਾ ਰਿਹਾ ਸੀ, ਉਦੋਂ ਉਮਾ ਭਾਰਤੀ ਉਥੇ ਮੌਜੂਦ ਸੀ। ਉਹ ਉਨ੍ਹਾਂ 32 ਲੋਕਾਂ ਵਿੱਚ ਸ਼ਾਮਲ ਸੀ, ਜਿਨ੍ਹਾਂ ਨੂੰ ਬਾਬਰੀ ਮਸਜਿਦ ਦਾ ਢਾਂਚਾ ਢਾਹੁਣ ਦਾ ਮੁਲਜ਼ਮ ਬਣਾਇਆ ਗਿਆ ਸੀ। ਹਾਲਾਂਕਿ ਇਨ੍ਹਾਂ ਸਭ ਨੂੰ 2020 ਵਿੱਚ ਸੀ.ਬੀ.ਆਈ. ਦੀ ਸਪੈਸ਼ਲ ਕੋਰਟ ਨੇ ਬਰੀ ਕਰ ਦਿੱਤਾ ਸੀ। ਬਾਅਦ ਵਿੱਚ ਇਲਾਹਾਬਾਦ ਹਾਈ ਕੋਰਟ ਨੇ ਇਨ੍ਹਾਂ ਨੂੰ ਬਰੀ ਕਰਨ ਖ਼ਿਲਾਫ਼ ਅਪੀਲ ਰੱਦ ਕਰ ਦਿੱਤੀ ਸੀ। ਉਮਾ ਭਾਰਤੀ ਨੇ ਕਿਹਾ ਕਿ ਉਹ 18 ਜਨਵਰੀ ਤੋਂ ਅਯੁੱਧਿਆ ਵਿੱਚ ਰਹੇਗੀ।

ਰਾਮ ਮੰਦਰ ਅੰਦੋਲਨ ਵਿੱਚ ਅੱਗੇ ਹੋ ਕੇ ਹਿੱਸਾ ਲੈਣ ਵਾਲੇ ਸਾਬਕਾ ਸਾਂਸਦ ਤੇ ਬਜਰੰਗ ਦਲ ਦੇ ਆਗੂ ਰਹੇ ਵਿਨੈ ਕਟਿਆਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਸੀ ਕਿ ਰਾਮ ਮੰਦਰ ਦਾ ਸਿਹਰਾ ਅਡਵਾਨੀ ਸਣੇ ਸਾਰੇ ਸੋਇਮ ਸੇਵਕਾਂ ਨੂੰ ਜਾਂਦਾ ਹੈ। ਇਸ ਦਾ ਸਿਹਰਾ ਕਿਸੇ ਇਕ ਵਿਅਕਤੀ ਨੂੰ ਨਹੀਂ ਦਿੱਤਾ ਜਾ ਸਕਦਾ। ਉਨ੍ਹਾਂ ਅਯੁੱਧਿਆ ਵਿੱਚ ਹੋਣ ਵਾਲੇ ਆਯੋਜਨ ਦੀ ਸਾਰੀ ਪ੍ਰਕਿਰਿਆ 'ਤੇ ਹੀ ਸੁਆਲ ਖੜ੍ਹਾ ਕਰ ਦਿੱਤਾ ਸੀ।

## ਜਥੇਦਾਰ ਅਕਾਲ ਤਖ਼ਤ ਸਣੇ 5 ਤਖ਼ਤਾਂ ਦੇ ਜਥੇਦਾਰਾਂ ਨੂੰ ਰਾਮ ਮੰਦਿਰ ਲਈ ਮਿਲਿਆ ਸੱਦਾ



ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ 4 ਹੋਰ ਤਖਤਾਂ ਦੇ ਜਥੇਦਾਰ ਤੇ ਸਮੂਹ ਸਿੰਘ ਸਾਹਿਬਾਨਾਂ ਨੂੰ ਸ੍ਰੀ ਰਾਮ ਮੰਦਿਰ ਜੀ ਦੇ ਪ੍ਰਾਣ ਪ੍ਰਤੀਸ਼ਠਾ ਦੇ ਮੌਕੇ ਸੱਦਾ ਦਿੱਤਾ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵੱਲੋਂ ਸੱਦਾ ਪੱਤਰ ਮਿਲਣ ਦੀ ਤਸਦੀਕ ਕੀਤੀ ਗਈ ਹੈ। ਰਾਮ ਮੰਦਰ ਟਰੱਸਟ ਵੱਲੋਂ ਸਮੂਹ ਸਿੰਘ ਸਾਹਿਬਾਨਾਂ ਤੇ ਜਥੇਦਾਰਾਂ ਨੂੰ 21 ਜਨਵਰੀ ਤੋਂ ਲੈਕੇ 23 ਜਨਵਰੀ ਤੱਕ ਦਾ ਸੱਦਾ ਦਿੱਤਾ ਗਿਆ ਹੈ।

# ਗੁਰਦੁਆਰਾ ਸਾਹਿਬ ਐਲਸ ਬਰਾਂਟੇ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ

ਐਲਸ ਬਰਾਟੇ/ਕੈਲੀਫ਼ੋਰਨੀਆ (ਪ੍ਰਮਿੰਦਰ ਸਿੰਘ ਪ੍ਰਵਾਨਾ) : ਬੀਤੇ ਦਿਨੀਂ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰਦੁਆਰਾ ਸਾਹਿਬ ਐਲਸ ਬਰਾਂਟੇ ਵਿਖੇ ਨਵੇਂ ਸਾਲ 2024 ਦੀ ਆਮਦ ਦੇ ਸਜੇ ਦੀਵਾਨਾਂ ਵਿੱਚ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾਂ ਵੱਲੋਂ ਮੰਚ ਸੰਭਾਲਦਿਆਂ ਗੁਰੂ ਸਾਹਿਬ ਜੀ ਦੇ ਜੀਵਨ ਤੇ ਸਿੱਖਿਆਵਾਂ 'ਤੇ ਰੋਸ਼ਨੀ ਪਾਉਂਦਿਆਂ ਦਸਿਆ ਕਿ ਗੁਰੂ ਸਾਹਿਬ ਜੀ ਨੇ ਅਜਿਹਾ ਖ਼ਾਲਸਾ ਸਾਜਿਆ ਕਿ ਇੱਕ ਪਰਮਾਤਮਾ ਤੋਂ ਬਿਨਾਂ ਕਿਸੇ ਅੱਗੇ ਸਿਰ ਨਾ ਝੁਕਾਵੇ। ਗੁਰੂ ਗਰੰਥ ਸਾਹਿਬ ਜੀ ਵਿੱਚ ਵਿਸ਼ਵਾਸ ਰੱਖੇ ਤੇ ਗੁਰੂ ਮੰਨੇ। ਆਪਣੇ ਸਿੱਖਾਂ ਨੂੰ ਉਪਦੇਸ਼ ਦਿੱਤਾ ਕਿ ਜਬਰ ਅਤੇ ਅਨਿਆਏ ਅੱਗੇ ਝੁਕਣਾ ਆਧਰਮ ਹੈ। ਸਿੱਖ ਕੌਮ ਵਿੱਚ ਅਜਿਹਾ ਜੋਸ਼ ਭਰਿਆ ਕਿ ਨਿਮਾਣੇ, ਦੱਬੇ ਕੁਚਲੇ ਨਿਕੰਮੇ ਸਮਝੇ ਜਾਣ ਵਾਲਿਆਂ ਨੂੰ ਸੰਤ ਸਿਪਾਹੀ ਬਣਨ ਵੱਲ ਤੋਰਿਆ। ਜਿੰਨਾਂ ਦੀਆਂ ਕੁਰਬਾਨੀਆਂ ਹਮੇਸ਼ਾ ਅਮਰ ਹਨ। ਅਧਿਆਤਮਕ ਅਤੇ ਭੌਤਿਕ, ਆਤਮਿਕ ਤੇ ਸੰਸਾਰਕ ਨੂੰ ਇੱਕ ਕਲਾਵੇ ਵਿੱਚ ਲੈ ਲਿਆ। 'ਦੇਗ', 'ਤੇਗ' 'ਫ਼ਤਹਿ' ਦੀ ਦਾਤ ਖ਼ਾਲਸੇ ਨੂੰ ਬਖਸ਼ੀ। ਗੁਰੂ ਸਾਹਿਬ ਜੀ ਨੇ ਨਰੋਏ ਸਮਾਜ ਦੀ ਉਸਾਰੀ ਕਰਦਿਆਂ ਸਿੱਖ ਧਰਮ ਦੀ ਅਗਵਾਈ ਕੀਤੀ।



ਧਾਰਮਿਕ ਕਵੀ ਦਰਬਾਰ ਦੇ ਦੌਰ ਵਿੱਚ ਕਵੀ ਅਮਰਜੀਤ ਸਿੰਘ ਇਬਰਾਹਿਮਪੁਰੀ, ਤਰਸੇਮ ਸਿੰਘ, ਬੀਬੀ ਬਲਵਿੰਦਰ ਕੌਰ, ਜਸਦੀਪ ਸਿੰਘ ਫਰੀਮੈਂਟ, ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਬੀਰ ਰਸ ਦੀਆਂ ਗੁਰੂ ਸਾਹਿਬ ਦਾ ਜਸ ਗਾਉਂਦਿਆਂ ਰਚਨਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਦੇ ਸਕੱਤਰ ਭਾਈ ਰਵਿੰਦਰ ਸਿੰਘ ਜੀ ਰੰਧਾਵਾ ਵੱਲੋਂ ਪ੍ਰੋਗਰਾਮ ਦੀ ਸਫ਼ਲਤਾ 'ਤੇ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਅਮਰੀਕਨ ਪੰਜਾਬੀ ਕਵੀ ਸਮੇਂ ਸਮੇਂ ਵਿਸ਼ੇਸ਼ ਬੁਲਾਵੇ ਤੇ ਅਕਸਰ ਹੀ ਗੁਰੂ ਵਿਖੇ ਪ੍ਰੋਗਰਾਮ ਸਜਾਉਂਦੇ ਰਹਿੰਦੇ ਹਨ।

ਉਹਨਾਂ ਨੂੰ ਹਮੇਸ਼ਾ ਖੁੱਲਾ ਸੱਦਾ ਹੈ ਕਿ ਪ੍ਰੋਗਰਾਮ ਸਜਾਉਂਦੇ ਰਹਿਣ। ਪ੍ਰਬੰਧਕਾਂ ਵੱਲੋਂ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਕਵੀਆਂ ਦਾ ਸਨਮਾਨ ਕੀਤਾ ਗਿਆ। ਪ੍ਰੋਗਰਾਮ ਦੀ ਸਫ਼ਲ ਬਣਾਉਣ ਵਿੱਚ ਭਾਈ ਕੁਲਵੰਤ ਸਿੰਘ ਪ੍ਰਧਾਨ ਦਾ ਵਿਸ਼ੇਸ਼ ਯੋਗਦਾਨ ਰਿਹਾ। ਇੱਕ ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋਇਆ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਖੋਜੀਆਂ ਨੇ ਕੈਂਸਰ ਦਾ ਪਤਾ ਲਗਾਉਣ ਲਈ ਨਵਾਂ ਏ. ਆਈ. ਟੂਲ ਕੀਤਾ ਵਿਕਸਤ

## ਨੇਚਰ ਬਾਇਓਟੈਕਨੋਲੋਜੀ ਜਰਨਲ ਵਿੱਚ ਛਪੇ ਅਧਿਐਨ 'ਚ ਹੋਇਆ ਖ਼ੁਲਾਸਾ




ਵਾਸ਼ਿੰਗਟਨ/ਏ.ਟੀ.ਨਿਊਜ਼ : ਆਰਟੀਫ਼ਿਸ਼ੀਅਲ ਇੰਟੈਲੀਜੈਂਸ (ਏ.ਆਈ.) ਨੂੰ ਲੈ ਕੇ ਨਿੱਤ ਨਵੀਆਂ ਖੋਜਾਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਖੋਜਾਂ ਨੇ ਸਾਬਤ ਕੀਤਾ ਹੈ ਕਿ ਏ.ਆਈ. ਇਨਸਾਨੀ ਜ਼ਿੰਦਗੀ ਲਈ ਕਾਫ਼ੀ ਮਦਦਗਾਰ ਹੈ। ਹੁਣ ਖੋਜੀਆਂ ਨੇ ਨਵਾਂ ਏ.ਆਈ. ਟੂਲ ਵਿਕਸਤ ਕੀਤਾ ਹੈ। ਇਹ ਕੈਂਸਰ ਦਾ ਪਤਾ ਲਗਾ ਕੇ ਇਸ ਦੇ ਇਲਾਜ ਵਿੱਚ ਡਾਕਟਰਾਂ ਦੀ ਮਦਦ ਕਰ ਸਕਦਾ ਹੈ। ਨੇਚਰ ਬਾਇਓਟੈਕਨੋਲੋਜੀ ਜਰਨਲ ਵਿੱਚ ਛਪੇ ਅਧਿਐਨ ਵਿੱਚ ਦੱਸਿਆ ਗਿਆ ਹੈ ਕਿ ਇਹ ਟੂਲ ਡਾਕਟਰਾਂ ਨੂੰ ਸਾਰੀਆਂ ਅਦ੍ਰਿਸ਼ ਕੋਸ਼ਿਕਾਵਾਂ ਵਿਖਾਉਣ ਦੇ ਸਮਰੱਥ ਹੈ। ਅਮਰੀਕਾ ਦੀ ਯੂਨੀਵਰਸਿਟੀ ਆਫ਼ ਪੈਨਸਿਲਵੇਨੀਆ ਦੇ ਖੋਜੀਆਂ ਵੱਲੋਂ ਵਿਕਸਤ ਨਵੇਂ ਟੂਲ ਨੂੰ ਆਈਸਟਾਰ (ਇਨਫ਼ਰਿੰਗ ਸੁਪਰ ਰਿਜ਼ਾਲਿਊਸ਼ਨ ਟਿਸ਼ੂ ਆਰਕੀਟੈਕਚਰ) ਦਾ ਨਾਂ ਦਿੱਤਾ ਹੈ। ਪੈਨਸਿਲਵੇਨੀਆ ਯੂਨੀਵਰਸਿਟੀ ਦੇ ਪ੍ਰੋ. ਮਿੰਗਯਾਓ ਲੀ ਨੇ ਦੱਸਿਆ ਕਿ ਉੱਨਤ ਤਕਨੀਕ ਆਈਸਟਾਰ ਨੂੰ ਇਕ ਪੈਥੀਲੋਜਿਸਟ ਵਾਂਗ ਹੋ ਕੇ ਕਿਸੇ ਟਿਸ਼ੂ ਦੀ ਜਾਂਚ ਕਰਨ ਵਿੱਚ ਸਮਰੱਥ ਬਣਾਉਂਦੀ ਹੈ। ਖੋਜੀਆਂ ਨੇ ਆਈਸਟਾਰ ਦੇ ਅਸਰਦਾਰ ਹੋਣ ਦਾ ਪਤਾ ਲਾਉਣ ਲਈ ਛਾਤੀ, ਪ੍ਰੋਸਟੈਟ, ਕਿਡਨੀ ਜਿਹੇ ਵੱਖ-ਵੱਖ ਤਰ੍ਹਾਂ ਦੇ ਕੈਂਸਰ ਟਿਸ਼ੂ ਤੇ ਸਿਹਤਮੰਦ ਟਿਸ਼ੂਜ਼ 'ਤੇ ਖੋਜ ਕੀਤੀ ਹੈ। ਇਨ੍ਹਾਂ ਸਾਰੇ ਪ੍ਰੀਖਣਾਂ ਵਿੱਚ ਆਈਸਟਾਰ ਕੈਂਸਰ ਸੈੱਲ ਤੇ ਟਿਸ਼ੂ ਦਾ ਆਪਣੇ ਆਪ ਪਤਾ ਲਗਾਉਣ ਵਿੱਚ ਸਮਰੱਥ ਸੀ। ਇਸ ਟੂਲ ਜ਼ਰੀਏ ਜਾਂਚ ਬਹੁਤ ਤੇਜ਼ੀ ਨਾਲ ਸੰਭਵ ਹੈ। ਖੋਜੀਆਂ ਨੇ ਕਿਹਾ ਹੈ ਕਿ ਆਈਸਟਾਰ ਵਿੱਚ ਐਂਟੀ ਟਿਊਮਰ ਸੁਰੱਖਿਆ ਰਚਨਾਵਾਂ ਦਾ ਸਵੈ-ਚਾਲਿਤ ਰੂਪ ਵਿੱਚ ਪਤਾ ਲਗਾਉਣ ਦੀ ਸਮਰੱਥਾ ਹੈ। ਇਨ੍ਹਾਂ ਦੀ ਮੌਜੂਦਗੀ ਰੋਗੀ ਦੇ ਜੀਵਤ ਰਹਿਣ ਤੇ ਇਮਿਊਨਥੈਰੇਪੀ ਲਈ ਬੇਹੱਦ ਜ਼ਰੂਰੀ ਹੈ ਜੋ ਕਿ ਆਮ ਤੌਰ 'ਤੇ ਕੈਂਸਰ ਦੇ ਇਲਾਜ ਦੌਰਾਨ ਦਿੱਤੀ ਜਾਂਦੀ ਹੈ। ਇਸ ਦਾ ਸਿੱਧਾ ਮਤਲਬ ਹੈ ਕਿ ਆਈਸਟਾਰ ਇਮਿਊਨਥੈਰੇਪੀ ਨਾਲ ਸਭ ਤੋਂ ਵੱਧ ਫ਼ਾਇਦਾ ਪਹੁੰਚਾਉਣ ਵਾਲੇ ਮਰੀਜ਼ਾਂ ਦਾ ਨਿਰਧਾਰਨ ਕਰਨ ਵਿੱਚ ਸਭ ਤੋਂ ਵੱਧ ਕਾਰਗਰ ਟੂਲ ਹੈ।

# ਨਾਸਾ ਵੱਲੋਂ 2026 ਤੱਕ ਚੰਨ 'ਤੇ ਮਨੁੱਖ ਭੇਜਣ ਦੀ ਯੋਜਨਾ ਮੁਲਤਵੀ




ਵਾਸ਼ਿੰਗਟਨ/ ਏ.ਟੀ.ਨਿਊਜ਼: ਚੰਦਰਮਾ 'ਤੇ ਮਨੁੱਖਾਂ ਨੂੰ ਉਤਾਰਨ ਦੀਆਂ ਅਮਰੀਕਾ ਦੀਆਂ ਕੋਸ਼ਿਸ਼ਾਂ ਨੂੰ ਵੱਡਾ ਝਟਕਾ ਲੱਗਾ ਹੈ। ਅਮਰੀਕੀ ਪੁਲਾੜ ਏਜੰਸੀ ਨਾਸਾ ਇੱਕ ਵਾਰ ਫ਼ਿਰ ਤੋਂ ਮਨੁੱਖਾਂ ਨੂੰ ਚੰਦਰਮਾ 'ਤੇ ਭੇਜਣ ਦੀ ਕੋਸ਼ਿਸ਼ ਲਈ ਜ਼ੋਰਦਾਰ ਤਿਆਰੀ ਕਰ ਰਹੀ ਸੀ। ਹੁਣ ਨਾਸਾ ਨੇ ਖ਼ੁਦ ਐਲਾਨ ਕੀਤਾ ਹੈ ਕਿ ਉਹ ਇਸ ਮਿਸ਼ਨ ਨੂੰ ਫ਼ਿਲਹਾਲ ਮੁਲਤਵੀ ਕਰ ਰਿਹਾ ਹੈ।

ਸਮਾਚਾਰ ਏਜੰਸੀ ਏਪੀ ਅਨੁਸਾਰ ਨਾਸਾ ਨੇ ਚੰਦਰਮਾ 'ਤੇ ਪੁਲਾੜ ਯਾਤਰੀਆਂ ਦੀ ਲੈਂਡਿੰਗ ਨੂੰ ਘੱਟੋ-ਘੱਟ 2026 ਤੱਕ ਮੁਲਤਵੀ ਕਰ ਦਿੱਤਾ ਹੈ। ਨਾਸਾ ਇਸ ਸਾਲ ਦੇ ਅੰਤ ਤੱਕ ਚਾਰ ਪੁਲਾੜ ਯਾਤਰੀਆਂ ਨੂੰ ਚੰਦਰਮਾ 'ਤੇ ਭੇਜਣ ਵਾਲਾ ਸੀ। ਉਹ ਇਸ ਦੀ ਤਿਆਰੀ ਵਿੱਚ ਰੁੱਝਿਆ ਹੋਇਆ ਸੀ। ਨਾਸਾ ਦੇ ਅਧਿਕਾਰੀਆਂ ਨੇ ਕਿਹਾ ਕਿ ਅਪੋਲੋ ਪ੍ਰੋਗਰਾਮ ਤੋਂ ਬਾਅਦ ਪਹਿਲੀ ਵਾਰ ਚੰਦਰਮਾ 'ਤੇ ਮਨੁੱਖਾਂ ਦੇ ਉਤਰਨ ਦੇ ਮਹੱਤਵਪੂਰਨ ਮੀਲ ਪੱਥਰ 'ਤੇ ਪਹੁੰਚਣ ਦੀ ਯੋਜਨਾ ਬਣਾਈ ਗਈ ਆਰਟੇਮਿਸ-3 ਮਿਸ਼ਨ ਟਰੈਕ 'ਤੇ ਹੈ ਪਰ ਇਸਨੂੰ 2026 ਤੱਕ ਮੁਲਤਵੀ ਕਰ ਦਿੱਤਾ ਗਿਆ ਹੈ।

ਦੇਰੀ ਦੇ ਮੁੱਖ ਕਾਰਨਾਂ ਵਿੱਚ ਸਪੇਸਐਕਸ ਦਾ ਸਟਾਰਸ਼ਿਪ, ਇੱਕ ਵਿਸ਼ਾਲ ਰਾਕੇਟ ਅਤੇ ਪੁਲਾੜ ਯਾਨ ਪ੍ਰਣਾਲੀ ਨੂੰ ਵਿਕਸਤ ਕਰਨ ਦਾ ਦ੍ਰਿਸ਼ਟੀਕੋਣ ਸ਼ਾਮਲ ਹੈ ਜੋ ਪੁਲਾੜ ਯਾਤਰੀਆਂ ਨੂੰ ਚੰਦਰਮਾ ਦੇ ਪੰਧ ਤੋਂ ਦੱਖਣੀ ਧਰੁਵ ਤੱਕ ਲੈ ਜਾਣ ਦੀ ਉਮੀਦ ਹੈ। 2023 ਵਿੱਚ ਦੋ ਸਟਾਰਸ਼ਿਪ ਟੈਸਟ ਉਡਾਣਾਂ ਧਮਾਕਿਆਂ ਵਿੱਚ ਖ਼ਤਮ ਹੋਈਆਂ। (ਬਾਕੀ ਸਫ਼ਾ 30 'ਤੇ)

## *ਨਿਊਯਾਰਕ ਦੇ ਸ਼ਹਿਰ ਬ੍ਰਾਈਟਨ ਨੇ ਰਚਿਆ ਇਤਿਹਾਸ*

# ਵਿਕਰਮ ਵਿਲਖੂ ਬਣੇ ਪਹਿਲੇ ਭਾਰਤੀ-ਅਮਰੀਕੀ ਜੱਜ



ਬ੍ਰਾਈਟਨ/ਏ.ਟੀ.ਨਿਊਜ਼ : ਨਿਊਯਾਰਕ ਦੇ ਸ਼ਹਿਰ ਬ੍ਰਾਈਟਨ ਨੇ ਉਸ ਸਮੇਂ ਇਤਿਹਾਸ ਰਚਿਆ, ਜਦੋਂ ਵਿਕਰਮ ਵਿਲਖੂ ਨੇ ਸ਼ਹਿਰ ਦੇ ਪਹਿਲੇ ਭਾਰਤੀ-ਅਮਰੀਕੀ ਅਪਰਾਧਿਕ ਜੱਜ ਵਜੋਂ ਅਹੁਦੇ ਦੀ ਸਹੁੰ ਚੁੱਕੀ। ਬ੍ਰਾਈਟਨ ਟਾਊਨ ਕੋਰਟ ਦੇ ਜੱਜ ਵਿਕਰਮ ਵਿਲਖੂ ਇੱਕ ਡੈਮੋਕਰੇਟ ਹਨ, ਜੋ ਅਮਰੀਕਾ ਵਿੱਚ ਭਾਰਤੀ ਪ੍ਰਵਾਸੀਆਂ ਵਿੱਚ ਪੈਦਾ ਹੋਏ ਹਨ। ਉਹ ਨਿਊਯਾਰਕ ਰਾਜ ਦੇ ਇਤਿਹਾਸ ਵਿੱਚ ਚੁਣੇ ਜਾਣ ਵਾਲੇ ਪਹਿਲੇ ਸਿੱਖ ਵੀ ਹਨ। ਇਸ ਦੀ ਜਾਣਕਾਰੀ ਸਿੱਖ ਕੁਲੀਸ਼ਨ ਨੇ ਐਕਸ 'ਤੇ ਇੱਕ ਪੋਸਟ ਵਿੱਚ ਦਿੱਤੀ। ਸਹੁੰ ਚੁੱਕ ਸਮਾਗਮ ਵਿੱਚ ਵਿਲਖੂ ਸਮੇਤ ਪੂਰਾ ਪਰਿਵਾਰ ਮੌਜੂਦ ਸੀ। ਸਹੁੰ ਚੁੱਕਣ ਤੋਂ ਬਾਅਦ ਵਿਲਖੂ ਨੇ ਆਪਣੇ ਪਿਤਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਭਾਰਤੀ ਅਮਰੀਕੀ ਸੈਨੇਟਰ ਜੇਰੇਮੀ ਕੂਨੀ ਨੇ ਦਸੰਬਰ 2023 ਵਿੱਚ ਵਿਲਖੂ ਦਾ ਉਮੀਦਵਾਰ ਵਜੋਂ ਸਵਾਗਤ ਕੀਤਾ।

ਵਿਲਖੂ ਨੇ ਆਪਣੀ ਅੰਡਰਗਰੈਜੂਏਟ ਸਿੱਖਿਆ ਐਮੋਰੀ ਯੂਨੀਵਰਸਿਟੀ ਵਿੱਚ ਕੀਤੀ, ਜਿੱਥੇ ਉਨ੍ਹਾਂ ਨੇ ਧਰਮ ਅਤੇ ਮਾਨਵ-ਵਿਗਿਆਨ ਵਿੱਚ ਦੋਹਰੀ ਮੁਹਾਰਤ ਹਾਸਲ ਕੀਤੀ। ਗ੍ਰੈਜੂਏਸ਼ਨ ਤੋਂ ਬਾਅਦ, ਉਨ੍ਹਾਂ ਨੇ ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਵਿੱਚ ਯੋਗਦਾਨ ਪਾਇਆ ਅਤੇ 9/11 ਦੇ ਹਮਲਿਆਂ ਤੋਂ ਬਾਅਦ ਨਸਲੀ ਪ੍ਰੋਫ਼ਾਈਲਿੰਗ ਅਤੇ ਨਫ਼ਰਤੀ ਅਪਰਾਧਾਂ ਦੇ ਪੀੜਤਾਂ ਲਈ ਇੱਕ ਰਾਸ਼ਟਰੀ ਹੌਟਲਾਈਨ ਸਥਾਪਤ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ। ਇਸ ਤੋਂ ਬਾਅਦ, ਵਿਲਖੂ ਨੇ ਕੇਸ ਵੈਸਟਰਨ ਰਿਜ਼ਰਵ ਯੂਨੀਵਰਸਿਟੀ ਦੇ ਲਾਅ ਸਕੂਲ ਵਿੱਚ ਦਾਖ਼ਲਾ ਲਿਆ ਅਤੇ ਆਪਣੀਆਂ ਅਕਾਦਮਿਕ ਅਤੇ ਪੜ੍ਹਾਈ ਦੇ ਨਾਲ ਹੋਰ ਗਤੀਵਿਧੀਆਂ ਲਈ ਬਹੁਤ ਸਾਰੇ ਪੁਰਸਕਾਰ ਪ੍ਰਾਪਤ ਕੀਤੇ।

# ਲੋਕਾਂ ਨੂੰ ਅਮੀਰ ਬਣਨ ਦੇ ਤਰੀਕੇ ਦੱਸਣ ਵਾਲਾ 1.2 ਬਿਲੀਅਨ ਡਾਲਰ ਦਾ ਕਰਜ਼ਈ

## ਕਿਤਾਬ 'ਰਿਚ ਡੈਡ, ਪੂਅਰ ਡੈਡ' ਦੀਆਂ ਵਿੱਕੀਆਂ 4 ਕਰੋੜ ਤੋਂ ਵੱਧ ਕਾਪੀਆਂ

ਨਵੀਂ ਦਿੱਲੀ/ਏ.ਟੀ.ਨਿਊਜ਼ : ਦੁਨੀਆਂ ਨੂੰ ਅਮੀਰ ਬਣਨ ਦੇ ਤਰੀਕੇ ਦੱਸਣ ਵਾਲੇ ਅਤੇ ਬੈਸਟ ਸੇਲਰ ਕਿਤਾਬ 'ਰਿਚ ਡੈਡ, ਪੂਅਰ ਡੈਡ' ਦੇ ਲੇਖਕ ਰੌਬਰਟ ਕਿਓਸਾਕੀ ਭਿਆਨਕ ਕਰਜ਼ੇ ਵਿੱਚ ਡੁੱਬੇ ਹੋਏ ਹਨ। ਉਸ 'ਤੇ ਕਰੀਬ 1.2 ਬਿਲੀਅਨ ਡਾਲਰ ਦਾ ਕਰਜ਼ਾ ਹੈ। ਪਰ, ਉਹ ਇਸ ਬਾਰੇ ਬਿਲਕੁਲ ਵੀ ਚਿੰਤਤ ਨਹੀਂ ਹਨ। ਇਸ ਦੇ ਉਲਟ ਉਹ ਸਾਰਿਆਂ ਨੂੰ ਕਰਜ਼ਾ ਲੈਣ ਦੀ ਸਲਾਹ ਦੇ ਰਿਹਾ ਹੈ।




ਇੱਕ ਇੰਸਟਾਗ੍ਰਾਮ ਰੀਲ ਵਿੱਚ, ਮਸ਼ਹੂਰ ਵਿੱਤੀ ਲੇਖਕ ਅਤੇ ਕਾਰੋਬਾਰੀ ਰੌਬਰਟ ਕਿਯੋਸਾਕੀ ਨੇ ਕਿਹਾ ਕਿ ਉਸ ਦਾ ਕਰਜ਼ਾ 1 ਬਿਲੀਅਨ ਡਾਲਰ ਨੂੰ ਪਾਰ ਕਰ ਗਿਆ ਹੈ। ਜੇਕਰ ਉਹ ਦੀਵਾਲੀਆ ਹੋ ਗਿਆ ਤਾਂ ਬੈਂਕ ਵੀ ਦੀਵਾਲੀਆ ਹੋ ਜਾਵੇਗਾ। ਉਸ ਨੂੰ ਕੋਈ ਸਮੱਸਿਆ ਨਹੀਂ ਹੈ। ਨਾ ਹੀ ਉਸ ਨੂੰ ਇਸ ਕਰਜ਼ੇ ਦੀ ਚਿੰਤਾ ਹੈ।

ਹਾਲਾਂਕਿ, ਕਿਓਸਾਕੀ ਨੇ ਸਪੱਸ਼ਟ ਕੀਤਾ ਕਿ ਜ਼ਿਆਦਾਤਰ ਲੋਕ ਕਰਜ਼ਾ ਲੈ ਕੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਵਧਾਉਂਦੇ ਹਨ ਜਦੋਂ ਕਿ ਉਹ ਕਰਜ਼ਾ ਲੈ ਕੇ ਜਾਇਦਾਦ ਬਣਾਉਂਦੇ ਹਨ। ਉਦਾਹਰਣ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਫ਼ੇਰਾਰੀ ਅਤੇ ਰੋਲਸ ਰਾਇਸ ਵਰਗੀਆਂ ਮਹਿੰਗੀਆਂ ਕਾਰਾਂ ਸੰਪੱਤੀ ਨਹੀਂ ਹਨ ਸਗੋਂ ਜ਼ਿੰਮੇਵਾਰੀਆਂ ਸਮਝੀਆਂ ਜਾਣੀਆਂ ਚਾਹੀਦੀਆਂ ਹਨ।

ਰਾਬਰਟ ਕਿਓਸਾਕੀ ਨੇ ਕਿਹਾ ਕਿ ਉਹ ਨਕਦੀ ਨਹੀਂ ਬਚਾਉਂਦਾ ਪਰ ਸੋਨੇ ਅਤੇ ਚਾਂਦੀ ਵਿੱਚ ਨਿਵੇਸ਼ ਕਰਦਾ ਹੈ। ਉਹ ਕਰਜ਼ੇ ਤੋਂ ਨਹੀਂ ਡਰਦਾ ਕਿਉਂਕਿ ਕਰਜ਼ਾ ਪੈਸਾ ਹੈ। ਚੰਗਾ ਕਰਜ਼ਾ ਪੈਸਾ ਬਣਾਉਂਦਾ ਹੈ ਅਤੇ ਮਾੜਾ ਕਰਜ਼ਾ ਕਮਾਈ ਨੂੰ ਘਟਾਉਂਦਾ ਹੈ। ਲੋਕਾਂ ਨੂੰ ਕਰਜ਼ਾ ਲੈਣਾ ਚਾਹੀਦਾ ਹੈ ਅਤੇ ਰੀਅਲ ਅਸਟੇਟ ਵਰਗੀਆਂ ਚੀਜ਼ਾਂ ਵਿੱਚ ਨਿਵੇਸ਼ ਕਰਨਾ ਚਾਹੀਦਾ ਹੈ। ਉਸ ਕੋਲ ਕਰੀਬ 10 ਕਰੋੜ ਡਾਲਰ ਦੀ ਜਾਇਦਾਦ ਹੈ। ਸ਼ੁਰੂਆਤ ਵਿੱਚ ਉਸ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਆਪਣੇ ਕੈਰੀਅਰ ਦੇ ਸ਼ੁਰੂਆਤੀ ਪੜਾਅ ਵਿੱਚ, ਉਹ ਦੀਵਾਲੀਆਪਨ ਦੀ ਕਗਾਰ 'ਤੇ ਸੀ, ਪਰ ਹੌਲੀ-ਹੌਲੀ ਉਹ ਇਸ ਸਮੱਸਿਆ ਤੋਂ ਬਾਹਰ ਨਿਕਲਣ ਵਿੱਚ ਕਾਮਯਾਬ ਹੋ ਗਿਆ।

ਰਿਚ ਡੈਡ ਪੂਅਰ ਡੈਡ ਕਿਤਾਬ ਦੀ ਪ੍ਰਸਿੱਧੀ ਦਾ ਅੰਦਾਜ਼ਾ ਤੁਸੀਂ ਇਸ ਗੱਲ ਤੋਂ ਲਗਾ ਸਕਦੇ ਹੋ ਕਿ ਸਾਲ 1997 ਵਿੱਚ ਲਿਖੀ ਇਹ ਕਿਤਾਬ ਅੱਜ ਵੀ ਖ਼ੂਬ ਵਿਕਦੀ ਹੈ। ਇਹ ਕਿਤਾਬ 100 ਤੋਂ ਵੱਧ ਦੇਸ਼ਾਂ ਵਿੱਚ 50 ਤੋਂ ਵੱਧ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਹੋ ਚੁੱਕੀ ਹੈ। ਹੁਣ ਤੱਕ 4 ਕਰੋੜ ਤੋਂ ਵੱਧ ਕਾਪੀਆਂ ਵਿਕ ਚੁੱਕੀਆਂ ਹਨ। ਲੋਕ ਰੌਬਰਟ ਕਿਓਸਾਕੀ ਦੀ ਸਲਾਹ ਨੂੰ ਬਹੁਤ ਪੜ੍ਹਦੇ ਹਨ।

# ਚੀਨ ਦੇ ਹੇਨਾਨ ਸੂਬੇ 'ਚ ਜ਼ਮੀਨ ਦੇ ਹੇਠਾਂ ਮਿਲਿਆ 4000 ਸਾਲ ਪੁਰਾਣਾ ਖ਼ੂਬਸੂਰਤ ਮਹਿਲ !

ਨਵੀਂ ਦਿੱਲੀ/ਏ.ਟੀ.ਨਿਊਜ਼ : ਪੁਰਾਤੱਤਵ ਵਿਗਿਆਨੀਆਂ ਨੂੰ ਇੱਕ ਪ੍ਰਾਚੀਨ ਸ਼ਹਿਰ ਵਿੱਚ ਅਜਿਹੀ ਚੀਜ਼ ਮਿਲੀ ਹੈ, ਜਿਸ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਇੱਥੇ ਉਨ੍ਹਾਂ ਨੂੰ 4000 ਸਾਲ ਪੁਰਾਣਾ ਮਹਿਲ ਮਿਲਿਆ। ਚੀਨ ਦੀ ਸਰਕਾਰੀ ਸਮਾਚਾਰ ਏਜੰਸੀ ਸ਼ਿਨਹੂਆ ਮੁਤਾਬਕ ਇਹ ਵੱਡੀ ਖੋਜ ਮੱਧ ਚੀਨ ਦੇ ਹੇਨਾਨ ਸੂਬੇ ਦੇ ਸ਼ਿਨਮੀ ਦੇ ਪੁਰਾਤੱਤਵ ਸਥਾਨ 'ਤੇ ਮਾਹਿਰਾਂ ਨੇ ਕੀਤੀ ਹੈ। ਇਸ ਤੋਂ ਪਹਿਲਾਂ ਵੀ ਚੀਨ ਦਾ ਇੱਕ ਹੋਰ ਪ੍ਰਾਚੀਨ ਸ਼ਹਿਰ ਇੱਕ ਝੀਲ ਦੇ ਤਲ 'ਤੇ ਪੂਰੀ ਤਰ੍ਹਾਂ ਸੁਰੱਖਿਅਤ ਪਾਇਆ ਗਿਆ ਸੀ।

ਇੰਡੀਪੈਂਡੈਂਟ ਯੂ.ਕੇ. ਦੀ ਰਿਪੋਰਟ ਮੁਤਾਬਕ ਸ਼ਿਨਮੀ ਸ਼ਹਿਰ ਵਿੱਚ ਹੁਣ ਜੋ ਢਾਂਚਾ ਮਿਲਿਆ ਹੈ, ਉਸ ਨੂੰ ਪ੍ਰਾਚੀਨ ਸ਼ਹਿਰ ਵਜੋਂ ਜਾਣਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਇਹ 2070-1600 ਈਸਾ ਪੂਰਵ ਦੇ ਆਸਪਾਸ ਜ਼ਿਆ ਰਾਜਵੰਸ਼ ਦੇ ਦੌਰਾਨ ਬਣਾਇਆ ਗਿਆ ਸੀ। ਜ਼ੀਆ ਦੇ ਬਾਰੇ ਵਿੱਚ ਕਿਹਾ ਜਾਂਦਾ ਹੈ ਕਿ ਇਹ ਇਤਿਹਾਸ ਵਿੱਚ ਪਹਿਲਾ ਚੀਨੀ ਰਾਜਵੰਸ਼ ਹੈ। ਜ਼ਿਨਮੇਈ ਸ਼ਹਿਰ ਦੀ ਖੋਜ ਕਈ ਸਾਲ ਪਹਿਲਾਂ ਕੀਤੀ ਗਈ ਸੀ ਅਤੇ ਇਹ ਲਗਭਗ 17 ਹੈਕਟੇਅਰ ਦੇ ਖੇਤਰ ਨੂੰ ਕਵਰ ਕਰਦੇ ਹੋਏ ਜ਼ੇਨਸ਼ੂਈ ਨਦੀ ਦੇ ਪੂਰਬੀ ਕੰਢੇ 'ਤੇ ਸਥਿਤ ਹੈ।



ਇਸ ਦਾ ਵਿਸ਼ਲੇਸ਼ਣ ਅਜੇ ਵੀ ਚੱਲ ਰਿਹਾ ਸੀ। ਜਿਸ ਤੋਂ ਬਾਅਦ ਹੁਣ ਮਾਹਿਰਾਂ ਨੂੰ ਇੱਥੇ ਪ੍ਰਾਚੀਨ ਬਸਤੀ ਦੇ ਅੰਦਰ 4000 ਸਾਲ ਪੁਰਾਣੇ ਮਹਿਲ ਦੇ ਅਵਸ਼ੇਸ਼ ਮਿਲੇ ਹਨ। ਇਸ ਵਿੱਚ ਮਹਿਲ ਦੀ ਨੀਂਹ ਸਮੇਤ ਕਈ ਹੋਰ ਚੀਜ਼ਾਂ ਦਾ ਪਤਾ ਲੱਗਾ ਹੈ। ਜਿਸ ਕਾਰਨ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਮਹਿਲ ਕਿਹੋ ਜਿਹਾ ਦਿਖਾਈ ਦਿੰਦਾ ਸੀ। ਇਹ ਮੰਨਿਆ ਜਾਂਦਾ ਹੈ ਕਿ ਢਾਂਚਾ ਪੁਰਾਤਨ ਉਸਾਰੀ ਤਕਨੀਕਾਂ ਦੀ ਵਰਤੋਂ ਕਰਕੇ ਕੱਚਾ ਮਾਲ ਜਿਵੇਂ ਕਿ ਚੂਨਾ, ਚਾਕ ਜਾਂ ਮਿੱਟੀ ਦੀ ਵਰਤੋਂ ਕਰਕੇ ਬਣਾਇਆ ਗਿਆ ਸੀ। ਇਹ ਮਹਿਲ 200 ਫ਼ੁੱਟ ਲੰਬਾ, 100 ਫ਼ੁੱਟ ਚੌੜਾ ਅਤੇ 19,000 ਵਰਗ ਫ਼ੁੱਟ 'ਚ ਫ਼ੈਲਿਆ ਹੋਇਆ ਹੈ। ਪੁਰਾਤੱਤਵ-ਵਿਗਿਆਨੀਆਂ ਨੂੰ ਵੀ ਇੱਥੇ ਵੱਡੇ ਛੇਕ ਮਿਲੇ ਹਨ। ਮਾਹਿਰਾਂ ਦੀ ਟੀਮ ਦੇ ਮੁਖੀ ਲੀ ਬੋ ਨੇ ਕਿਹਾ, 'ਸਾਡਾ ਮੰਨਣਾ ਹੈ ਕਿ ਇਹ ਨੀਂਹ ਕਿਸੇ ਮਹਿਲ ਕੰਪਲੈਕਸ ਦੀ ਹੋ ਸਕਦੀ ਹੈ, ਜਿਸ ਦੇ ਦੱਖਣ ਅਤੇ ਉੱਤਰ ਵੱਲ ਇੱਕ ਛੱਤ, ਪੂਰਬ ਅਤੇ ਪੱਛਮ ਵੱਲ ਇੱਕ ਮੱਠ ਅਤੇ ਕੇਂਦਰ ਵਿੱਚ ਇੱਕ ਵਿਹੜਾ ਸੀ।' ਖੋਜ ਜੀਆ ਰਾਜਵੰਸ਼ ਵਿੱਚ ਮਹਿਲਾਂ ਦੀ ਉਤਪਤੀ ਅਤੇ ਉਸਾਰੀ ਬਾਰੇ ਹੋਰ ਜਾਣਕਾਰੀ ਪ੍ਰਦਾਨ ਕਰਨ ਵਿੱਚ ਮਦਦ ਕਰ ਸਕਦੀ ਹੈ।

# 2024 ਦੌਰਾਨ ਵੀ ਮੁਸਲਮਾਨਾਂ ਵਿਰੁੱਧ ਹਿੰਦੂਤਵੀਆਂ ਵੱਲੋਂ ਜਾਰੀ ਹੈ ਹਿੰਸਾ

## ਅਸਾਮ ਅਤੇ ਉੱਤਰਾਖੰਡ ਵਰਗੇ ਰਾਜਾਂ ਦੇ ਮੁੱਖ ਮੰਤਰੀ ਘੱਟ ਗਿਣਤੀਆਂ ਬਾਰੇ ਭੜਕਾਊ ਭਾਸ਼ਣ ਕਰਨ ਲਈ ਸਰਗਰਮ

## ਇੱਕ ਤਾਨਾਸ਼ਾਹ, ਹਿੰਦੂ ਰਾਸ਼ਟਰਵਾਦੀ ਰਾਜ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ ਭਾਰਤ ਨੂੰ

ਮੱਧ ਪ੍ਰਦੇਸ਼ ਤੋਂ ਕਰਨਾਟਕ ਤੱਕ, ਕਥਿਤ ਤੌਰ 'ਤੇ ਫਾਸ਼ੀਵਾਦੀ ਹਿੰਦੂਤਵੀ ਸੰਗਠਨਾਂ ਦੇ ਮੈਂਬਰਾਂ ਵਾਲੇ ਫਿਰਕੂ ਟੋਲਾ ਦੇਸ਼ ਭਰ ਵਿੱਚ ਮੁਸਲਿਮ ਨੌਜਵਾਨਾਂ 'ਤੇ ਹਮਲੇ ਅਤੇ ਕੁੱਟਮਾਰ ਕਰ ਰਹੇ ਹਨ।

ਮੁਸਲਮਾਨਾਂ ਵਿਰੁੱਧ ਹਿੰਸਾ 2024 ਦੌਰਾਨ ਵੀ ਜਾਰੀ ਹੈ। ਪਿਛਲੇ ਇੱਕ ਸਾਲ ਦੌਰਾਨ ਭਾਰਤ ਭਰ ਵਿੱਚ ਫਿਰਕੂ ਹਿੰਸਾ ਦੀਆਂ ਕਈ ਘਟਨਾਵਾਂ ਵਾਪਰੀਆਂ ਹਨ। ਅਸਾਮ ਅਤੇ ਉੱਤਰਾਖੰਡ ਵਰਗੇ ਰਾਜਾਂ ਦੇ ਮੁੱਖ ਮੰਤਰੀ ਘੱਟ ਗਿਣਤੀਆਂ ਬਾਰੇ ਭੜਕਾਊ ਭਾਸ਼ਣ ਕਰਦੇ ਰਹੇ ਹਨ।

ਉਜੈਨ, ਮੱਧ ਪ੍ਰਦੇਸ਼

'ਦ ਆਬਜ਼ਰਵਰ ਪੋਸਟ' ਦੇ ਅਨੁਸਾਰ ਬੀਤੇ ਦਿਨੀਂ ਮੁਹੰਮਦ ਉਮੈਰ ਮਨਸੂਰੀ ਨਾਮ ਦੇ 22 ਸਾਲਾ ਮੁਸਲਿਮ ਵਿਅਕਤੀ ਨੂੰ ਮੱਧ ਪ੍ਰਦੇਸ਼ ਦੇ ਉਜੈਨ ਵਿੱਚ ਕਥਿਤ ਤੌਰ 'ਤੇ ਹਿੰਦੂ ਜਾਗਰਣ ਮੰਚ ਨਾਲ ਜੁੜੇ ਇੱਕ ਟੋਲੇ ਨੇ ਹਿੰਸਕ ਢੰਗ ਨਾਲ ਕੁੱਟਿਆ। ਹਿੰਦੂ ਜਾਗਰਣ ਮੰਚ ਨੇ ਉਸ ਦੀ ਇਸ ਲਈ ਕੁੱਟਮਾਰ ਕੀਤੀ, ਕਿਉਂਕਿ ਉਹ ਸ਼ਹਿਰ ਵਿੱਚ ਇੱਕ ਹਿੰਦੂ ਕੁੜੀ ਨੂੰ ਮਿਲ ਰਿਹਾ ਸੀ। ਉਨ੍ਹਾਂ 'ਤੇ 'ਲਵ-ਜੇਹਾਦ' ਦਾ ਦੋਸ਼ ਲਗਾਇਆ। ਮਨਸੂਰੀ ਕਥਿਤ ਤੌਰ 'ਤੇ ਆਪਣੀ ਹਿੰਦੂ ਪ੍ਰੇਮਿਕਾ ਨੂੰ ਮਿਲਣ ਲਈ ਉਜੈਨ ਗਿਆ ਸੀ ਉਦੋਂ ਇਹ ਹਿੰਦੂ ਜਾਗਰਣ ਮੰਚ ਦੀ ਭੀੜ ਨੇ ਉਸ ਨੂੰ ਫੜ ਕੇ ਪੁਲਿਸ ਹਵਾਲੇ ਕਰ ਦਿੱਤਾ। ਹਾਲਾਂਕਿ, ਇਸ ਤੋਂ ਪਹਿਲਾਂ, ਇਹ ਟੋਲਾ ਇੱਕ 22 ਸਾਲਾ ਵਿਅਕਤੀ ਨੂੰ ਹਿੰਸਕ ਢੰਗ ਨਾਲ ਕੁੱਟਦੇ ਹੋਏ ਕੈਮਰੇ ਵਿੱਚ ਕੈਦ ਹੋ ਗਿਆ ਸੀ। ਖਬਰਾਂ ਮੁਤਾਬਕ ਪੁਲਿਸ ਨੇ ਮਨਸੂਰੀ ਖਿਲਾਫ ਮਾਮਲਾ ਦਰਜ ਕਰ ਲਿਆ।

ਬੇਲਾਗਵੀ, ਕਰਨਾਟਕ

ਕਰਨਾਟਕ ਦੇ ਬੇਲਾਗਾਵੀ 'ਚ 9 ਹਿੰਦੂਤਵੀਆਂ ਨੇ ਪਾਈਪ ਅਤੇ ਰਾਡਾਂ ਨਾਲ ਭਰਾ-ਭੈਣ ਦੀ ਕੁੱਟਮਾਰ ਕੀਤੀ। ਮਾਮਲਾ 6 ਜਨਵਰੀ 2024 ਦਾ ਹੈ। ਸਚਿਨ ਆਪਣੀ ਕਜ਼ਨ ਨਾਲ ਬੇਲਾਗਾਵੀ ਦੀ ਕਿਲਾ ਝੀਲ ਦੇ ਕੰਢੇ




ਬੈਠਾ ਸੀ। ਸਚਿਨ ਦਲਿਤ ਹੈ, ਜਦਕਿ ਲੜਕੀ ਦੇ ਮਾਤਾ-ਪਿਤਾ ਨੇ ਅੰਤਰਜਾਤੀ ਵਿਆਹ ਕਰਵਾਇਆ ਹੈ, ਜਿਸ ਕਾਰਨ ਉਹ ਆਪਣੇ ਨਾਂ 'ਤੇ ਮੁਸਲਿਮ ਸਰਨੇਮ ਲਿਖਦਾ ਹੈ। ਲੋਕਾਂ ਨੂੰ ਸ਼ੱਕ ਸੀ ਕਿ ਉਹ ਪਤੀ-ਪਤਨੀ ਹਨ ਅਤੇ ਭੈਣ-ਭਰਾ ਹੋਣ ਦਾ ਦਿਖਾਵਾ ਕਰ ਰਹੇ ਸਨ। ਪੀੜਤ ਭੈਣ-ਭਰਾ ਨੇ ਮਾਮਲੇ ਦੀ ਸ਼ਿਕਾਇਤ ਪੁਲਿਸ ਨੂੰ ਕੀਤੀ। ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਨੇ 9 ਲੋਕਾਂ ਨੂੰ ਹਿਰਾਸਤ 'ਚ ਲੈ ਲਿਆ।

ਇੰਡੀਆ ਡਾਟ ਕਾਮ ਦੇ ਅਨੁਸਾਰ, ਸਚਿਨ ਨੇ ਕਿਹਾ, ਉਸਨੇ ਪੁੱਛਿਆ ਕਿ ਇੱਕ ਹਿੰਦੂ ਅਤੇ ਇੱਕ ਮੁਸਲਮਾਨ ਇਕੱਠੇ ਕਿਉਂ ਬੈਠੇ ਹਨ। ਮੈਂ ਉਨ੍ਹਾਂ ਨੂੰ ਦੱਸਿਆ ਕਿ ਉਹ ਮੁਸਲਮਾਨ ਨਹੀਂ ਸਗੋਂ ਮੇਰੀ ਮਾਸੀ ਦੀ ਧੀ ਹੈ। ਉਨ੍ਹਾਂ ਨੇ ਸਾਡੇ ਦੋਵੇਂ ਫ਼ੋਨ ਖੋਹ ਲਏ ਅਤੇ 7000 ਰੁਪਏ ਵੀ ਖੋਹ ਲਏ।

ਇਹ ਘਟਨਾ ਸ਼ਨੀਵਾਰ ਨੂੰ ਵਾਪਰੀ ਜਦੋਂ ਮੁਸਕਾਨ ਅਤੇ ਸਚਿਨ ਯੁਵਾ ਫੰਡ ਯੋਜਨਾ ਲਈ ਅਪਲਾਈ ਕਰਨ ਗਏ ਸਨ। ਦੋਵਾਂ ਨੂੰ ਦੁਪਹਿਰ ਦੇ ਖਾਣੇ ਦੇ ਸਮੇਂ ਦੌਰਾਨ ਇੰਤਜ਼ਾਰ ਕਰਨਾ ਪਿਆ। ਉਹ ਕਿਲਾ ਝੀਲ ਦੇ ਕਿਨਾਰੇ ਇੰਤਜ਼ਾਰ ਕਰ ਰਹੇ ਸਨ, ਜਿਸ ਤੋਂ ਬਾਅਦ ਭਗਵਿਆਂ ਦੇ ਇਸ ਟੋਲੇ ਨੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ। ਹਮਲਾਵਰਾਂ ਨੇ ਕਥਿਤ ਤੌਰ 'ਤੇ ਸਚਿਨ ਦਾ ਗਲਾ ਘੁੱਟਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੇ ਫ਼ੋਨ ਸਮੇਤ ਨਕਦੀ ਵੀ ਖੋਹ ਲਈ। ਇਸ ਤੋਂ ਇਲਾਵਾ, ਹੋਰ ਫਿਰਕੂ ਹਮਲੇ ਵਿੱਚ ਸ਼ਾਮਲ ਹੋ ਗਏ ਅਤੇ ਦੋਵਾਂ ਪੀੜਤਾਂ ਨੂੰ ਇੱਕ ਕਮਰੇ ਵਿੱਚ ਲੈ ਗਏ ਜਿੱਥੇ ਸਚਿਨ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਪੀੜਤਾਂ ਨੇ ਸ਼ਿਕਾਇਤ ਦਰਜ ਕਰਵਾਈ ਹੈ ਜੋ ਬੇਲਾਗਾਵੀ ਪੁਲਿਸ ਕੋਲ ਐਸਸੀ/ਐਸਟੀ ਅੱਤਿਆਚਾਰ ਐਕਟ ਅਤੇ ਕਾਨੂੰਨ ਦੀਆਂ ਹੋਰ ਸਬੰਧਤ ਧਾਰਾਵਾਂ ਦੇ ਤਹਿਤ ਪੁਲਿਸ ਸ਼ਿਕਾਇਤ ਵਜੋਂ ਦਰਜ ਕੀਤੀ ਗਈ ਹੈ। ਹਮਲੇ ਵਿੱਚ ਕਥਿਤ ਤੌਰ 'ਤੇ ਸ਼ਾਮਲ ਨੌਂ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਪੁਲਿਸ ਅਜੇ ਵੀ ਬਾਕੀ ਬਚੇ ਫਿਰਕੂ ਗੁੰਡਿਆਂ ਦੀ ਭਾਲ ਕਰ ਰਹੀ ਹੈ।

ਕੁਸ਼ੀਨਗਰ, ਉੱਤਰ ਪ੍ਰਦੇਸ਼

ਯੂਪੀ ਦੇ ਕੁਸ਼ੀਨਗਰ ਵਿੱਚ ਅਬਦੁਲ ਫਹਾਦ ਨਾਮ ਦੇ ਇੱਕ 15 ਸਾਲਾ ਮੁਸਲਿਮ ਲੜਕੇ ਉੱਤੇ ਹਿੰਦੂਤਵੀ ਭੀੜ ਨੇ ਬੇਰਹਿਮੀ ਨਾਲ ਹਮਲਾ ਕਰ ਦਿੱਤਾ। ਇਹ ਦਰਦਨਾਕ ਘਟਨਾ 4 ਦਸੰਬਰ 2023 ਨੂੰ ਉਸ ਸਮੇਂ ਵਾਪਰੀ ਜਦੋਂ ਫਹਾਦ ਸਕੂਲ ਤੋਂ ਵਾਪਸ ਆ ਰਿਹਾ ਸੀ। ਉਸ ਨੂੰ ਬੁਰੀ ਤਰ੍ਹਾਂ ਕੁੱਟਿਆ ਅਤੇ ਤਸੀਹੇ ਦਿੱਤੇ ਗਏ। ਉਸ ਦੇ ਕੱਪੜੇ ਉਤਾਰ ਦਿੱਤੇ ਗਏ ਅਤੇ ਕਥਿਤ ਤੌਰ 'ਤੇ ਉਨ੍ਹਾਂ ਨੂੰ ਬੈਲਟਾਂ ਅਤੇ ਡਾਗਾਂ ਨਾਲ ਕੁੱਟਿਆ ਗਿਆ। ਫਿਰਕੂ ਹਮਲਾਵਰਾਂ ਨੇ ਹਮਲੇ ਦੀ ਫਿਲਮ ਵੀ ਬਣਾਈ ਅਤੇ ਵੀਡੀਓ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਸ਼ੇਅਰ ਕੀਤੀ, ਜਿਸ 'ਚ ਉਸ ਨਾਬਾਲਗ ਨੂੰ ਗੁੰਡਿਆਂ ਦੀਆਂ ਜੁੱਤੀਆਂ ਚੱਟਣ ਲਈ ਮਜਬੂਰ ਕਰਦੇ ਦੇਖਿਆ ਜਾ ਸਕਦਾ ਹੈ। ਸਥਾਨਕ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਹਿੰਦੂ ਯੁਵਾ ਵਾਹਿਨੀ ਨਾਲ ਜੁੜੇ ਦੋਸ਼ੀ ਗੁੰਡੇ ਹਨ ਅਤੇ ਉਨ੍ਹਾਂ ਖ਼ਿਲਾਫ਼ ਕਈ ਮਾਮਲੇ ਦਰਜ ਹਨ। ਇਨ੍ਹਾਂ ਗੁੰਡਿਆਂ ਨੇ ਕਥਿਤ ਤੌਰ 'ਤੇ ਫਹਾਦ ਦਾ ਸਕੂਲ 'ਚ ਪਿੱਛਾ ਕੀਤਾ ਸੀ ਅਤੇ ਧਮਕੀ ਦਿਤੀ ਜੇਕਰ ਉਸ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ ਤਾਂ ਉਸ ਨੂੰ ਗੋਲੀ ਮਾਰ ਦਿੱਤੀ ਜਾਵੇਗੀ। ਹਮਲਾਵਰ ਕਥਿਤ ਤੌਰ 'ਤੇ ਫਿਰਕੂ ਸੰਗਠਨ ਹਿੰਦੂ ਯੁਵਾ ਵਾਹਿਨੀ ਨਾਲ ਜੁੜੇ ਹੋਏ ਹਨ। ਕਥਿਤ ਤੌਰ 'ਤੇ ਹਮਲਾਵਰਾਂ ਵਿੱਚ ਨਿਤਿਨ ਮਧੇਸ਼ੀਆ, ਆਦਿਤਿਆ ਸਿੰਘ, ਆਰੀਅਨ ਸਿੰਘ, ਅਰਜੁਨ, ਯੁਵਰਾਜ ਅਤੇ ਚੰਦਨ ਸ਼ਾਮਲ ਸਨ। ਫਹਾਦ ਦੇ ਪਿਤਾ ਆਫਤਾਬ ਭੱਟ ਨੇ ਸੋਸ਼ਲ ਮੀਡੀਆ ਰਾਹੀਂ ਇਸ ਘਟਨਾ ਬਾਰੇ ਪਤਾ ਲੱਗਣ 'ਤੇ ਹੈਰਾਨੀ ਪ੍ਰਗਟ ਕਰਦੇ ਹੋਏ ਕਿਹਾ, ਇਸ ਘਟਨਾ ਬਾਰੇ ਕਿਸੇ ਨੂੰ ਪਤਾ ਨਹੀਂ ਸੀ ਜਦੋਂ ਤੱਕ ਅਸੀਂ ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਵੀਡੀਓ ਨੂੰ ਨਹੀਂ ਦੇਖਿਆ। ਉਸ ਨੇ ਸਾਨੂੰ ਇਸ ਬਾਰੇ ਕਦੇ ਨਹੀਂ ਦੱਸਿਆ। ਵੀਡੀਓ ਦੇਖ ਕੇ ਬੇਹੋਸ਼ ਹੋਏ ਆਫਤਾਬ ਨੇ ਇਹ ਵੀ ਕਿਹਾ ਹੈ ਕਿ ਹਮਲਾਵਰ ਅਜੇ ਵੀ ਫਰਾਰ ਹਨ।

ਪਰਿਵਾਰ ਨੇ 27 ਦਸੰਬਰ ਨੂੰ ਰਾਮਕੋਲਾ ਥਾਣੇ 'ਚ ਸ਼ਿਕਾਇਤ ਦਰਜ ਕਰਵਾਈ ਸੀ। ਹਾਲਾਂਕਿ, ਉਸਨੇ ਪੁਲਿਸ 'ਤੇ ਮੁਢਲੇ ਤੌਰ 'ਤੇ ਮਾਮਲੇ ਨੂੰ ਨਜ਼ਰਅੰਦਾਜ਼ ਕਰਨ ਦਾ ਦੋਸ਼ ਲਗਾਇਆ ਹੈ ਅਤੇ ਕਿਹਾ ਹੈ ਕਿ ਉਸ ਨੂੰ ਕਥਿਤ ਤੌਰ 'ਤੇ ਕਈ ਵਾਰ ਆਪਣਾ ਬਿਆਨ ਬਦਲਣ ਲਈ ਦਬਾਅ ਦਾ ਸਾਹਮਣਾ ਕਰਨਾ ਪਿਆ ਅਤੇ ਪੁਲਿਸ ਨੇ ਉਸ ਨੂੰ ਸਮਝੌਤਾ ਕਰਨ ਲਈ ਕਿਹਾ ਸੀ।

ਇਸ ਤੋਂ ਸਪਸ਼ਟ ਹੈ ਕਿ ਡਿਜੀਟਲ ਯੁੱਗ ਵਿੱਚ ਹਿੰਦੂਤਵ ਦੀ ਲੋਕਪ੍ਰਿਅਤਾ ਦੇ ਫੈਲਾਅ ਦੁਆਰਾ ਪੈਦਾ ਕੀਤੀ ਗਈ ਹਿੰਸਾ - ਭਾਵ ਬਹੁਗਿਣਤੀ ਦੁਆਰਾ ਸਵੀਕਾਰ ਕੀਤੀ ਗਈ ਹਿੰਸਾ ਨੇ ਭਾਰਤ ਦੇ ਸਮਾਜਿਕ ਤਾਣੇ-ਬਾਣੇ ਲਈ ਇੱਕ ਗੁੰਝਲਦਾਰ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਸੱਤ ਦਹਾਕਿਆਂ ਤੋਂ, ਭਾਰਤ ਨੂੰ ਇਸਦੇ ਸੰਵਿਧਾਨ ਦੁਆਰਾ ਇਕੱਠਾ ਰੱਖਿਆ ਗਿਆ ਹੈ, ਜੋ ਸਾਰਿਆਂ ਲਈ ਬਰਾਬਰੀ ਦਾ ਵਾਅਦਾ ਕਰਦਾ ਹੈ। ਪਰ ਨਰਿੰਦਰ ਮੋਦੀ ਦੀ ਭਾਜਪਾ ਦੇਸ਼ ਨੂੰ ਇੱਕ ਅਜਿਹਾ ਦੇਸ਼ ਬਣਾ ਰਹੀ ਹੈ ਜਿੱਥੇ ਕੁਝ ਲੋਕ ਆਪਣੇ ਆਪ ਨੂੰ ਦੂਜਿਆਂ ਨਾਲੋਂ ਵੱਧ ਭਾਰਤੀ ਤੇ ਦੇਸ਼ਭਗਤ ਮੰਨਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਧੀਨ ਭਾਰਤ ਵਿੱਚ ਸੱਤਾਧਾਰੀ ਪਾਰਟੀ, ਭਾਰਤ ਨੂੰ ਇੱਕ ਤਾਨਾਸ਼ਾਹ, ਹਿੰਦੂ ਰਾਸ਼ਟਰਵਾਦੀ ਰਾਜ ਵਿੱਚ ਤਬਦੀਲ ਕਰ ਰਹੀ ਹੈ। ਇਹ ਹਿੰਸਾ ਉਸੇ ਦਾ ਨਤੀਜਾ ਹੈ।

## ਜਾਪਾਨ 'ਚ ਭੂਚਾਲ ਕਾਰਨ ਮਰਨ ਵਾਲਿਆਂ ਦੀ ਗਿਣਤੀ ਹੋਈ 200 ਤੋਂ ਪਾਰ

ਟੋਕੀਓ/ਏ.ਟੀ.ਨਿਊਜ਼ : ਜਾਪਾਨ ਦੇ ਇਸ਼ੀਕਾਵਾ ਸੂਬੇ ਵਿਚ ਆਏ ਭੂਚਾਲ ਵਿਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 203 ਹੋ ਗਈ ਹੈ, ਜਦੋਂ ਕਿ 68 ਲੋਕ ਅਜੇ ਵੀ ਲਾਪਤਾ ਹਨ। ਰਾਸ਼ਟਰੀ ਸਮਾਚਾਰ ਏਜੰਸੀ ਕਿਓਡੋ ਨੇ ਆਪਣੀ ਰਿਪੋਰਟ ਵਿਚ ਦੱਸਿਆ ਕਿ ਸਰਕਾਰ ਨੇ ਬੁੱਧਵਾਰ ਨੂੰ ਤਬਾਹੀ ਨਾਲ ਸਬੰਧਤ 7 ਮੌਤਾਂ ਦੀ ਪੁਸ਼ਟੀ ਕੀਤੀ, ਜਿਨ੍ਹਾਂ ਵਿੱਚ ਸੁਜ਼ੂ ਸ਼ਹਿਰ ਵਿੱਚ ਅਤੇ 1 ਨੋਟੋ ਸ਼ਹਿਰ ਵਿੱਚ ਹੋਈ।

ਹਾਲਾਂਕਿ, ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਨ੍ਹਾਂ 7 ਲੋਕਾਂ ਦੀ ਮੌਤ ਆਫ਼ਤ ਤੋਂ ਬਾਅਦ ਸਰੀਰਕ ਅਤੇ ਮਾਨਸਿਕ ਤਣਾਅ ਕਾਰਨ ਵਧੀਆਂ ਸੱਟਾਂ ਜਾਂ ਬਿਮਾਰੀਆਂ ਕਾਰਨ ਹੋਈ ਹੈ। ਰਿਪੋਰਟ ਦੇ ਅਨੁਸਾਰ, ਪ੍ਰਭਾਵਿਤ ਖੇਤਰਾਂ ਵਿੱਚ ਇਮਾਰਤਾਂ ਦੇ ਡਿੱਗਣ ਦੇ ਜੋਖਮ ਦੇ ਮੁਲਾਂਕਣ 'ਤੇ ਵਧੇਰੇ ਧਿਆਨ ਦਿੱਤਾ ਜਾ ਰਿਹਾ ਹੈ। ਇਨ੍ਹਾਂ ਇਲਾਕਿਆਂ 'ਚ ਮੰਗਲਵਾਰ ਤੋਂ ਲਗਾਤਾਰ ਮੀਂਹ ਪੈ ਰਿਹਾ ਹੈ, ਜਿਸ ਕਾਰਨ ਜ਼ਮੀਨ ਖਿਸਕਣ ਵਰਗੇ ਖ਼ਤਰੇ ਦੀ ਸੰਭਾਵਨਾ ਵਧ ਗਈ ਹੈ।

## ਚੀਨ ਵੱਲੋਂ ਪੰਜ ਅਮਰੀਕੀ ਰੱਖਿਆ ਉਦਯੋਗ ਕੰਪਨੀਆਂ 'ਤੇ ਪਾਬੰਦੀਆਂ ਲਗਾਉਣ ਦਾ ਫ਼ੈਸਲਾ

### ਅਮਰੀਕਾ ਵੱਲੋਂ ਤਾਈਵਾਨ ਨੂੰ ਨਵੇਂ ਹਥਿਆਰ ਵੇਚਣ ਦੇ ਐਲਾਨ ਤੋਂ ਔਖਾ ਹੈ ਚੀਨ

ਬੀਜਿੰਗ/ਏ.ਟੀ.ਨਿਊਜ਼ : ਚੀਨ ਨੇ ਪੰਜ ਅਮਰੀਕੀ ਰੱਖਿਆ ਉਦਯੋਗ ਕੰਪਨੀਆਂ 'ਤੇ ਪਾਬੰਦੀਆਂ ਲਗਾਉਣ ਦਾ ਫ਼ੈਸਲਾ ਕੀਤਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਬੀਤੇ ਦਿਨੀਂ ਇਹ ਜਾਣਕਾਰੀ ਦਿੱਤੀ। ਬੁਲਾਰੇ ਨੇ ਕਿਹਾ ਕਿ ਅਮਰੀਕਾ ਨੇ ਹਾਲ ਹੀ ਵਿੱਚ ਤਾਈਵਾਨ ਨੂੰ ਨਵੇਂ ਹਥਿਆਰ ਵੇਚਣ ਦਾ ਐਲਾਨ ਕੀਤਾ ਹੈ ਅਤੇ ਇਸ ਕਾਰਣ ਪਾਬੰਦੀਆਂ ਲਗਾਈਆਂ ਹਨ।



ਉਨ੍ਹਾਂ ਕਿਹਾ ਕਿ ਅਮਰੀਕਾ ਵੱਲੋਂ ਚੀਨ ਦੇ ਤਾਈਵਾਨ ਖੇਤਰ ਨੂੰ ਹਥਿਆਰਾਂ ਦੀ ਵਿਕਰੀ ਇੱਕ-ਚੀਨ ਸਿਧਾਂਤ ਅਤੇ ਚੀਨ-ਅਮਰੀਕਾ ਸਹਿਯੋਗ ਦੀਆਂ ਤਿੰਨ ਸ਼ਰਤਾਂ ਦੀ ਘੋਰ ਉਲੰਘਣਾ ਹੈ। ਬੁਲਾਰੇ ਨੇ ਕਿਹਾ ਕਿ ਅਮਰੀਕਾ ਵੱਲੋਂ 17 ਅਗਸਤ 1982 ਦੇ ਸੰਯੁਕਤ ਬਿਆਨ ਅਤੇ ਵੱਖ-ਵੱਖ ਝੂਠੇ ਦਿਖਾਵੇ ਤਹਿਤ ਚੀਨੀ ਕੰਪਨੀਆਂ ਅਤੇ ਵਿਅਕਤੀਆਂ 'ਤੇ ਲਗਾਈਆਂ ਗਈਆਂ ਗੈਰ-ਕਾਨੂੰਨੀ ਇਕਤਰਫਾ ਪਾਬੰਦੀਆਂ ਚੀਨ ਦੀ ਪ੍ਰਭੂਸੱਤਾ ਅਤੇ ਸੁਰੱਖਿਆ ਹਿੱਤਾਂ ਨੂੰ ਗੰਭੀਰ ਨੁਕਸਾਨ ਪਹੁੰਚਾਉਂਦੀਆਂ ਹਨ। ਅਮਰੀਕੀ ਹਥਿਆਰਾਂ ਦੀ ਵਿਕਰੀ ਅਤੇ ਗੈਰ-ਕਾਨੂੰਨੀ ਇਕਪਾਸੜ ਪਾਬੰਦੀਆਂ ਵੀ ਤਾਈਵਾਨ ਜਲਡਮਰੂ ਵਿੱਚ ਸ਼ਾਂਤੀ ਅਤੇ ਸਥਿਰਤਾ ਨੂੰ ਕਮਜ਼ੋਰ ਕਰਦੀਆਂ ਹਨ। ਇਸ ਤੋਂ ਇਲਾਵਾ ਉਹ ਚੀਨੀ ਕੰਪਨੀਆਂ ਅਤੇ ਵਿਅਕਤੀਆਂ ਦੇ ਜਾਇਜ਼, ਜਾਇਜ਼ ਅਧਿਕਾਰਾਂ ਅਤੇ ਹਿੱਤਾਂ ਦੀ ਉਲੰਘਣਾ ਕਰਦੇ ਹਨ। ਉਨ੍ਹਾਂ ਕਿਹਾ ਕਿ ਚੀਨ ਇਸ ਦੀ ਸਖ਼ਤ ਨਿੰਦਾ ਕਰਦਾ ਹੈ। ਬੁਲਾਰੇ ਨੇ ਕਿਹਾ ਕਿ ਅਮਰੀਕਾ ਦੀਆਂ ਇਨ੍ਹਾਂ ਗ਼ਲਤ ਕਾਰਵਾਈਆਂ ਦੇ ਜਵਾਬ ਵਿੱਚ ਅਤੇ ਚੀਨ ਦੇ ਵਿਦੇਸ਼ੀ ਪਾਬੰਦੀਆਂ ਵਿਰੋਧੀ ਕਾਨੂੰਨ ਤਹਿਤ ਪੰਜ ਅਮਰੀਕੀ ਰੱਖਿਆ ਉਦਯੋਗ ਕੰਪਨੀਆਂ ਅਰਥਾਤ ਬੀਏਈ ਸਿਸਟਮਜ਼ ਲੈਂਡ ਐਂਡ ਆਰਮਾਮੈਂਟ, ਅਲਾਇੰਸ ਟੇਕਸਿਸਟਮ ਆਪਰੇਸ਼ਨ, ਏਰੋਵਾਇਰਨਮੈਂਟ, ਵੀ ਸੈਟ ਅਤੇ ਡੇਟਾ ਲਿੰਕ ਹੱਲ 'ਤੇ ਪਾਬੰਦੀ ਲਗਾਉਣ ਦਾ ਫ਼ੈਸਲਾ ਕੀਤਾ ਹੈ। ਉਸ ਨੇ ਕਿਹਾ ਕਿ ਜਵਾਬੀ ਉਪਾਵਾਂ ਵਿੱਚ ਚੀਨ ਵਿੱਚ ਉਨ੍ਹਾਂ ਕੰਪਨੀਆਂ ਅਤੇ ਸੰਗਠਨਾਂ ਅਤੇ ਵਿਅਕਤੀਆਂ ਦੀ ਚੀਨ ਵਿੱਚ ਚੱਲ ਅਤੇ ਅਚੱਲ ਜਾਇਦਾਦਾਂ ਸਮੇਤ ਜਾਇਦਾਦਾਂ ਨੂੰ ਜ਼ਬਤ ਕਰਨਾ, ਚੀਨ ਵਿਚ ਸੰਗਠਨਾਂ ਅਤੇ ਵਿਅਕਤੀਆਂ ਨੂੰ ਉਨ੍ਹਾਂ ਨਾਲ ਲੈਣ-ਦੇਣ ਕਰਨਾ ਸ਼ਾਮਲ ਹੈ। ਬੁਲਾਰੇ ਨੇ ਕਿਹਾ, 'ਮੈਂ ਇਸ ਗੱਲ 'ਤੇ ਜ਼ੋਰ ਦੇਣਾ ਚਾਹਾਂਗਾ ਕਿ ਚੀਨੀ ਸਰਕਾਰ ਰਾਸ਼ਟਰੀ ਪ੍ਰਭੂਸੱਤਾ, ਸੁਰੱਖਿਆ ਅਤੇ ਖੇਤਰੀ ਅਖੰਡਤਾ ਦੀ ਰਾਖੀ ਕਰਨ ਅਤੇ ਚੀਨੀ ਕੰਪਨੀਆਂ ਅਤੇ ਨਾਗਰਿਕਾਂ ਦੇ ਜਾਇਜ਼ ਅਧਿਕਾਰਾਂ ਅਤੇ ਹਿੱਤਾਂ ਦੀ ਰਾਖੀ ਲਈ ਸਾਡੇ ਦ੍ਰਿੜ ਸੰਕਲਪ 'ਤੇ ਅਡੋਲ ਬਣੀ ਰਹੇ। ਚੀਨ ਅਮਰੀਕਾ ਨੂੰ ਇਸ ਦੀ ਪਾਲਣਾ ਕਰਨ ਦੀ ਅਪੀਲ ਕਰਦਾ ਹੈ।

## ਸ਼੍ਰੀਲੰਕਾ ਨੇ ਚੀਨੀ ਖੋਜ ਜਹਾਜ਼ਾਂ 'ਤੇ ਇੱਕ ਸਾਲ ਲਈ ਪਾਬੰਦੀ ਲਗਾਈ



ਕੋਲੰਬੋ/ਏ.ਟੀ.ਨਿਊਜ਼ : ਭਾਰਤ ਵੱਲੋਂ ਜਾਸੂਸੀ ਨੂੰ ਲੈ ਕੇ ਚਿੰਤਾਵਾਂ ਦੇ ਮੱਦੇਨਜ਼ਰ ਸ਼੍ਰੀਲੰਕਾ ਨੇ ਚੀਨੀ ਖੋਜ ਜਹਾਜ਼ਾਂ ਨੂੰ ਆਪਣੇ ਪਾਣੀਆਂ ਵਿੱਚ ਰੋਕਿਆ ਅਤੇ ਵਿਦੇਸ਼ੀ ਖੋਜ ਜਹਾਜ਼ਾਂ ਦੇ ਦਾਖਲੇ 'ਤੇ ਇੱਕ ਸਾਲ ਲਈ ਰੋਕ ਲਗਾ ਦਿੱਤੀ। ਜ਼ਾਹਰ ਤੌਰ 'ਤੇ ਇਹ ਪਾਬੰਦੀ ਸਮਰੱਥਾ ਵਧਾਉਣ ਲਈ ਹੈ, ਪਰ ਭਾਰਤ ਵਿੱਚ ਵਧ ਰਹੀਆਂ ਚਿੰਤਾਵਾਂ ਦੇ ਜਵਾਬ ਵਜੋਂ ਦੇਖਿਆ ਜਾ ਰਿਹਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੀਲੂਕਾ ਕਾਦੁਰਗਾਮੁਵਾ ਨੇ ਕਿਹਾ ਕਿ ਇਹ ਰੋਕ ਸਾਰੇ ਦੇਸ਼ਾਂ 'ਤੇ ਲਾਗੂ ਹੁੰਦੀ ਹੈ ਅਤੇ ਸਥਾਨਕ ਖੋਜਕਰਤਾਵਾਂ ਨੂੰ ਸੰਯੁਕਤ ਖੋਜ ਵਿੱਚ ਆਪਣੇ ਵਿਦੇਸ਼ੀ ਹਮਰੁਤਬਾ ਦੇ ਬਰਾਬਰ ਸਮਰੱਥਾ ਬਣਾਉਣ ਦੀ ਆਗਿਆ ਦੇਵੇਗੀ। ਹਾਲ ਹੀ ਦੇ ਸਾਲਾਂ ਵਿੱਚ, ਚੀਨੀ ਅਤੇ ਸ਼੍ਰੀਲੰਕਾ ਦੀਆਂ ਏਜੰਸੀਆਂ ਵਿਚਕਾਰ ਸਮਝੌਤਿਆਂ ਦੇ ਆਧਾਰ 'ਤੇ ਖੋਜ ਲਈ (ਬਾਕੀ ਸਫ਼ਾ 31 'ਤੇ)

## ਪਹਿਲੀ ਵਾਰ 17 ਦਿਨਾਂ ਦੇ ਬੱਚੇ ਦਾ ਅੰਸ਼ਕ ਹਾਰਟ ਟਰਾਂਸਪਲਾਂਟ ਹੋਇਆ ਸਫ਼ਲ



ਨਿਊ ਯਾਰਕ/ਏ.ਟੀ.ਨਿਊਜ਼ : ਅਮਰੀਕਾ ਦੇ ਸੂਬੇ ਨੌਰਥ ਕੈਰੋਲੀਨਾ ਦੇ ਡਾਕਟਰਾਂ ਨੇ ਇਤਿਹਾਸ ਰਚਿਆ ਹੈ। ਇਨ੍ਹਾਂ ਡਾਕਟਰਾਂ ਨੇ ਦਿਲ ਦੀ ਸਮੱਸਿਆ ਨਾਲ ਪੀੜਤ ਇੱਕ ਬੱਚੇ ਨੂੰ ਨਵੀਂ ਜ਼ਿੰਦਗੀ ਦਿੱਤੀ ਹੈ। ਇਸ ਬੱਚੇ ਦਾ ਨਾਂ ਓਵੇਨ ਮੋਨਰੋ ਹੈ। ਜੋ ਹੁਣ 20 ਮਹੀਨਿਆਂ ਦਾ ਹੋ ਗਿਆ ਹੈ। ਇਹ ਅੰਸ਼ਕ ਹਾਰਟ ਟ੍ਰਾਂਸਪਲਾਂਟ ਪ੍ਰਾਪਤ ਕਰਨ ਵਾਲਾ ਦੁਨੀਆਂ ਦਾ ਪਹਿਲਾ ਬੱਚਾ ਹੈ। ਡਿਊਕ ਚਿਲਡਰਨ ਹਸਪਤਾਲ ਦੇ ਡਾਕਟਰਾਂ ਨੇ ਉਸ ਨੂੰ ਨਵੀਂ ਜ਼ਿੰਦਗੀ ਦਿੱਤੀ ਹੈ। ਓਵੇਨ ਮੋਨਰੋ ਨੂੰ ਦਿਲ ਵਿੱਚ ਗੰਭੀਰ ਨੁਕਸ ਸੀ ਅਤੇ ਜਨਮ ਤੋਂ ਸਿਰਫ਼ 17 ਦਿਨਾਂ ਬਾਅਦ ਡਾ. ਜੋਸਫ ਡਬਲਯੂ. ਤੁਰੇਕ ਨੇ ਉਸ ਦੀ ਸਰਜਰੀ ਕਰਨ ਦਾ ਫ਼ੈਸਲਾ ਕੀਤਾ। ਉਸ ਨੇ ਇੱਕ ਜੀਵਤ ਦਾਨੀ (ਇੱਕ ਬੱਚੇ) ਤੋਂ ਵਾਲਵ ਅਤੇ ਧਮਨੀਆਂ ਪ੍ਰਾਪਤ ਕੀਤੀਆਂ। ਸਰਜਰੀ ਨੂੰ ਡੇਢ ਸਾਲ ਹੋ ਗਿਆ ਹੈ ਅਤੇ ਓਵੇਨ ਪੂਰੀ ਤਰ੍ਹਾਂ ਠੀਕ ਹੈ। ਅਮਰੀਕਨ ਮੈਡੀਕਲ ਜਰਨਲ ਨੇ ਇਸ ਦੁਰਲੱਭ ਮਾਮਲੇ ਦਾ ਅਧਿਐਨ ਪ੍ਰਕਾਸ਼ਿਤ ਕੀਤਾ ਹੈ। ਸਰਜਰੀ ਦੀ ਅਗਵਾਈ ਕਰਨ ਡਾਕਟਰ ਤੁਰੇਕ ਨੇ ਕੀਤੀ, ਜਿੰਨਾਂ ਉਸ ਦੇ ਦਿਲ ਦਾ ਟਰਾਂਸਪਲਾਟ ਕੀਤਾ ਅਤੇ ਸਰਜਰੀ ਅੱਠ ਘੰਟੇ ਦੀ ਸੀ।

ਅਪ੍ਰੈਲ 2022 ਵਿੱਚ ਜਨਮ ਤੋਂ ਕੁਝ ਘੰਟਿਆਂ ਬਾਅਦ ਓਵੇਨ ਮੋਨੇਰੋ ਦਿਲ ਦਾ ਦੌਰਾ ਪੈਣ ਦੇ ਚੌਥੇ ਪੜਾਅ ਵਿੱਚ ਸੀ। ਡਾਕਟਰਾਂ ਦੀ ਜਾਂਚ ਤੋਂ ਪਤਾ ਲੱਗਾ ਕਿ ਉਸ ਨੂੰ ਟਰੰਕਸ ਆਰਟੀਰੀਓਸਸ ਸੀ। ਭਾਵ ਉਸ ਦੇ ਦਿਲ ਦੀਆਂ ਦੋ ਮੁੱਖ ਧਮਨੀਆਂ ਜੁੜੀਆਂ ਹੋਈਆਂ ਸਨ। ਵਾਲਵ ਵਿੱਚ ਇੱਕ ਲੀਕੇਜ ਸੀ। ਬੱਚੇ ਦੇ ਮਾਪੇ ਟਾਈਲਰ ਅਤੇ ਨਿਕ ਨੂੰ ਦੱਸਿਆ ਗਿਆ ਕਿ ਬੱਚੇ ਨੂੰ ਹਾਰਟ ਟਰਾਂਸਪਲਾਂਟ (ਬਾਕੀ ਸਫ਼ਾ 30 'ਤੇ)

# ਸਰਕਾਰਾਂ ਲਈ ਹਥਿਆਰ ਦਾ ਕੰਮ ਕਰਦੇ ਨੇ ਇਸ਼ਤਿਹਾਰ

## ਮਨਮੋਹਨ ਸਰਕਾਰ ਨਾਲੋਂ ਮੋਦੀ ਸਰਕਾਰ ਨੇ ਇਸ਼ਤਿਹਾਰਾਂ ’ਤੇ ਕੀਤਾ ਦੁੱਗਣਾ ਖ਼ਰਚ

### ਪੰਜਾਬ ਸਰਕਾਰ ਵੀ ਇਸ਼ਤਿਹਾਰਬਾਜ਼ੀ ’ਤੇ ਖ਼ਰਚ ਕਰਨ ਵਿੱਚ ਪਿੱਛੇ ਨਹੀਂ

ਲੰਘੇ ਦਿਨੀਂ ਲੋਕ ਸਭਾ ਦੇ ਵਿੱਚ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨੇ ਕਿਸੇ ਦੇ ਸਵਾਲ ਦੇ ਜਵਾਬ ਵਿੱਚ ਦਸਿਆ ਕਿ ਸਾਲ 2019 ਤੋਂ 2023 ਦੇ ਵਿਚਕਾਰ ਭਾਰਤ ਸਰਕਾਰ ਨੇ ਕੁੱਲ 967 ਕਰੋੜ, 46 ਲੱਖ ਰੁਪਏ ਸਰਕਾਰੀ ਸਕੀਮਾਂ ਦੀ ਪ੍ਰਿੰਟ ਮੀਡੀਆ ਉੱਪਰ ਇਸ਼ਤਿਹਾਰਬਾਜ਼ੀ ’ਤੇ ਖ਼ਰਚ ਕੀਤਾ ਹੈ। ਇਸ ਬਿਆਨ ਤੋਂ ਬਾਅਦ ਲੋਕਾਂ ਵਿੱਚ ਚਰਚਾ ਸੀ ਕਿ ਇਸ਼ਤਿਹਾਰਬਾਜ਼ੀ ਕਰਨ ਦੇ ਨਾਲ ਆਮ ਲੋਕਾਂ ਨੂੰ ਕੀ ਫ਼ਾਇਦਾ ਹੋਇਆ ? ਅਨੁਰਾਗ ਠਾਕੁਰ ਦੇ ਬਿਆਨ ’ਤੇ ਹੀ ਜਾਈਏ ਤਾਂ 2022 ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਮੋਦੀ ਸਰਕਾਰ ਸੱਤਾ ਵਿੱਚ ਆਉਣ ਤੋਂ ਬਾਅਦ ਸੰਨ 2014 ਤੋਂ ਲੈ ਕੇ 2022 ਤੱਕ 6 ਹਜ਼ਾਰ 491 ਕਰੋੜ ਰੁਪਏ ਇਸ਼ਤਿਹਾਰਾਂ ’ਤੇ ਖ਼ਰਚ ਕਰ ਚੁੱਕੀ ਹੈ। ਇਸ ਰਕਮ ਵਿਚੋਂ 32 ਸੌ 30 ਕਰੋੜ ਪ੍ਰਿੰਟ ਮੀਡੀਆ ’ਤੇ, 32 ਸੌ 60 ਕਰੋੜ ਟੈਲੀਵਿਜ਼ਨ ਉੱਤੇ ਦਿੱਤੇ ਇਸ਼ਤਿਹਾਰਾਂ ’ਤੇ ਖ਼ਰਚ ਹੋਏ ਹਨ। ਕੇਂਦਰ ਵਿੱਚ ਭਾਜਪਾ ਸਰਕਾਰ ਤੋਂ ਪਹਿਲਾਂ ਕਾਂਗਰਸ ਦੀ ਅਗਵਾਈ ਦੇ ਵਿੱਚ ਚੱਲ ਰਹੀ ਯੂ.ਪੀ.ਏ. ਸਰਕਾਰ ਵੱਲੋਂ ਦਸ ਸਾਲਾਂ ਵਿੱਚ 3ਹਜ਼ਾਰ 582 ਕਰੋੜ ਰੁਪਏ ਖ਼ਰਚ ਕੀਤੇ ਗਏ ਸਨ। ਮੋਦੀ ਸਰਕਾਰ ਵੱਲੋਂ ਉਨੇ ਹੀ ਸਮੇਂ ਵਿੱਚ ਦੁੱਗਣੇ ਰੁਪਏ ਸਰਕਾਰੀ ਇਸ਼ਤਿਹਾਰਾਂ ਵਿੱਚ ਖ਼ਰਚ ਕੀਤੇ ਗਏ ਹਨ।





ਤੁਸੀਂ ਸੋਚਦੇ ਹੋਵੋਗੇ ਕਿ ਇਸ਼ਤਿਹਾਰਬਾਜ਼ੀ ਦੇ ਕੁਝ ਨਿਯਮ ਹੁੰਦੇ ਹਨ, ਹਾਂ ਬਿਲਕੁੱਲ। ਇਸ਼ਤਿਹਾਰਬਾਜ਼ੀ ਦੇ ਲਈ ਸਰਕਾਰ ਦੇ ਕੁਝ ਨਿਯਮ ਹੁੰਦੇ ਹਨ। ਇਸ਼ਤਿਹਾਰ ਹਾਸਲ ਕਰਨ ਵਾਲੇ ਅਖ਼ਬਾਰ ਦੀਆਂ ਦੋ ਹਜ਼ਾਰ ਤੋਂ ਵੱਧ ਕਾਪੀਆਂ ਹਰ ਦਿਨ ਛਪਦੀਆਂ ਹਨ। ਸਰਕਾਰੀ ਇਸ਼ਤਿਹਾਰਬਾਜੀ ਦਾ 80 ਫ਼ੀਸਦੀ ਭਾਰਤੀ ਭਾਸ਼ਾਵਾਂ ਦੇ ਅਖ਼ਬਾਰਾਂ ਲਈ ਰਾਖਵਾਂ ਹੈ। ਇਸ ਵਕਤ ਲਗਭੱਗ 1,19,995 ਅਖ਼ਬਾਰ ਭਾਰਤੀ ਅਖ਼ਬਾਰਾਂ ਦੇ ਰਜਿਸਟਰਾਰ ਕੋਲ ਰਜਿਸਟਰਡ ਹਨ। ਅਖ਼ਬਾਰਾਂ ਦੇ ਵਿੱਚ ਇਸ਼ਤਿਹਾਰਬਾਜ਼ੀ ‘ਪ੍ਰਿੰਟ ਮੀਡੀਆ ਐਡਵਰਟਾਈਜਮੈਂਟ ਪਾਲਿਸੀ 2020” ਤਹਿਤ ਦਿੱਤੀ ਜਾਂਦੀ ਹੈ ਪਰ ਪਿਛਲੇ ਲੰਮੇਂ ਸਮੇਂ ਤੋਂ ਇਹਨਾਂ ਨਿਯਮਾਂ ਨੂੰ ਛਿੱਕੇ ਟੰਗਿਆ ਹੋਇਆ ਹੈ। ਇਸ਼ਤਿਹਾਰਬਾਜ਼ੀ ਨੂੰ ਲੈ ਕੇ ਕੇਂਦਰ ਸਰਕਾਰ ਦੀ ਵੱਡੇ ਪੱਧਰ ’ਤੇ ਆਲੋਚਨਾ ਵੀ ਹੋਈ ਪਰ ਕੇਂਦਰ ਸਰਕਾਰ ਨੇ ਇਸ਼ਤਿਹਾਰਾਂ ਦੇ ਬੋਝ ਸੂਬਾ ਸਰਕਾਰਾਂ ’ਤੇ ਸੁੱਟ ਦਿੱਤਾ। ਤੁਹਾਨੂੰ ਯਾਦ ਹੋਣੈ ਕਿ ਨਰਿੰਦਰ ਮੋਦੀ ਦੇ ਜਨਮ ਦਿਨ ’ਤੇ ਨਾਮੀਬੀਆ ਤੋਂ ਲਿਆਂਦੇ ਚੀਤੇ ਦੇ ਇਸ਼ਤਿਹਾਰਾਂ ਦਾ ਖ਼ਰਚਾ ਮੱਧ ਪ੍ਰਦੇਸ਼ ਸਰਕਾਰ ਨੇ ਚੁੱਕਿਆ ਸੀ। ਮੱਧ ਪ੍ਰਦੇਸ਼ ਦੀ ਸਰਕਾਰ ਨੇ ਦਿੱਲੀ ਦੇ ਮੈਟਰੋ ਸਟੇਸ਼ਨਾਂ ਤੇ ਬੱਸ ਅੱਡਿਆਂ ’ਤੇ ਇਹ ਇਸ਼ਤਿਹਾਰਾਂ ਨੂੰ ਲਗਾਇਆ ਸੀ। ਇੱਕ ਉਦਾਹਰਣ ਹੋਰ ਹੈ। ਕੋਵਿਡ ਮਹਾਂਮਾਰੀ ਦੌਰਾਨ “ਧੰਨਵਾਦ ਮੋਦੀ ” ਵਾਲੇ ਪੋਸਟਰਾਂ ਦਾ ਖ਼ਰਚਾ ਹਰਿਆਣੇ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੀਆਂ ਭਾਜਪਾ ਸਰਕਾਰਾਂ ਨੇ ਚੁੱਕਿਆ ਸੀ। ਇਸ਼ਤਿਹਾਰਬਾਜ਼ੀ ਦੀ ਗੱਲ ਚੱਲੇ ਤੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਨਾਮ ਮੱਲੋਮੱਲੀ ਜੁਬਾਨ ’ਤੇ ਆ ਜਾਂਦਾ ਹੈ। ਬਦਲਾਓ ਦਾ ਚੂਰਨ ਚਟਾ ਕੇ ਤੇ ਹਰ ਤਰਾਂ ਦੀ ਫ਼ਜ਼ੂਲ ਖ਼ਰਚੀ ਦਾ ਡਟ ਕੇ ਵਿਰੋਧ ਕਰਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਨੇ ਆਪਣਾ ਸਾਰਾ ਜੋਰ ਇਸ਼ਤਿਹਾਰਬਾਜ਼ੀ ’ਤੇ ਲਗਾਇਆ ਹੈ। ਪੰਜਾਬ ਸਰਕਾਰ ਦਾ ਇਸ਼ਤਿਹਾਰਾਂ ਦਾ ਕੁੱਲ ਬਜਟ 750 ਕਰੋੜ ਰੁਪਏ ਹੈ। ਇੱਕ ਰਿਪੋਰਟ ਦੇ ਮੁਤਾਬਿਕ ਇਹਨਾਂ ਦਾ 80ਫ਼ੀ ਸਦੀ ਪੰਜਾਬ ਤੋਂ ਬਾਹਰ ਇਸਤੇਮਾਲ ਹੋਇਆ ਹੈ। ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਹੋਈਆਂ ਤਾਂ ਆਮ ਆਦਮੀ ਪਾਰਟੀ ਨੇ ਰੱਜ ਕੇ ਇਸ਼ਤਿਹਾਰਬਾਜ਼ੀ ਕੀਤੀ। ਦਸਿਆ ਜਾਂਦਾ ਹੈ ਕਿ ਉਸ ਸਮੇਂ 36 ਕਰੋੜ ਰੁਪਿਆ ਖ਼ਰਚ ਕੀਤਾ ਗਿਆ। ਆਮ ਆਦਮੀ ਪਾਰਟੀ ਦਾ ਕਾਗਜ਼ ਰਹਿਤ ਬਜਟ ਸੁਰਖ਼ੀਆ ਵਿੱਚ ਰਿਹਾ ਸੀ। 21 ਲੱਖ ਰੁਪਇਆ ਬਚਾ ਕੇ 42.7 ਲੱਖ ਰੁਪਏ ਪ੍ਰਚਾਰ ’ਤੇ ਲਗਾ ਦਿੱਤੇ ਗਏ। ਬਦਲਾਓ ਦਾ ਢਿੰਡੋਰਾ ਪਿੱਟਣ ਵਾਲਾ ਮੁੱਖ ਮੰਤਰੀ ਸਹੁੰ ਚੁੱਕ ਸਮਾਗਮ ਵਿੱਚ ਤਿੰਨ ਕਰੋੜ ਖ਼ਰਚਾ ਕੀਤਾ ਸੀ। ਪੰਜਾਬ ਸਰਕਾਰ ਨੇ ਦੋ ਵਿਦਿਆਰਥੀਆਂ ਨੂੰ 20 ਲੱਖ ਰੁਪਏ ਕਰਜ਼ੇ ਦੇ ਰੂਪ ਵਿੱਚ ਦੇਣੇ ਸਨ । 20 ਲੱਖ ‘ਸਿੱਖਿਆ ਕਰਜ਼’ ਦੇਣ ਲਈ 19 ਕਰੋੜ ਰੁਪਏ ਨੂੰ ਅੱਗ ਲਗਾ ਦਿੱਤੀ ਗਈ ਸੀ ਭਾਵ ਇੰਨੇ ਰੁਪਏ ਦੇ ਇਸ਼ਤਿਹਾਰ ਦੇ ਦਿੱਤੇ ਸਨ। ਆਮ ਆਦਮੀ ਪਾਰਟੀ 53 ਟੀ. ਵੀ. ਚੈਨਲਾਂ ਨੂੰ ਇਸ਼ਤਿਹਾਰ ਦਿੰਦੀ ਹੈ, ਸਭ ਤੋਂ ਵੱਧ ‘ਆਜ ਤਕ’ ਚੈਨਲ ਨੂੰ ਦਿੱਤੇ ਹਨ। ਇਹ ਇਸ਼ਤਿਹਾਰਬਾਜ਼ੀ ਜੋਰਾਂ ਸ਼ੋਰਾਂ ਨਾਲ ਉਸ ਸਮੇਂ ਹੋ ਰਹੀ ਹੈ, ਜਦੋਂ ਪੰਜਾਬ ਦੇ ਸਿਰ ਕਰਜ਼ਾ ਇਸਦੇ ਕੁੱਲ ਘਰੇਲੂ ਅਨੁਪਾਤ ਦਾ ਲਗਭੱਗ 50 ਫ਼ੀਸਦੀ ਬਣ ਗਿਆ ਹੈ। ਜਦੋਂ ਕਦੇ ਸਵਾਲ ਉਠਦਾ ਹੈ ਕਿ ਫ਼ਜ਼ੂਲ ਖ਼ਰਚੀ ਕਿਓਂ ? ਤਾਂ ਏਸ ਦੇ ਬਾਰੇ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਸਕੀਮਾਂ ਦੀ ਜਾਣਕਾਰੀ ਆਮ ਲੋਕਾਂ ਤੱਕ ਪਹੁੰਚੇ ਪਰ ਅਸਲ ਵਿੱਚ ਸਰਕਾਰਾਂ ਆਪਣੀ ਦਿੱਖ ਦੇ ਲਈ ਇਹ ਪਾਪੜ ਵੇਲਦੀਆਂ ਹਨ। ਇਸ ਦੀ ਉਦਾਹਰਣ ਵੈਕਸੀਨ ਦੇ ਸਰਟੀਫ਼ਿਕੇਟ ਉੱਪਰ ਨਰਿੰਦਰ ਮੋਦੀ ਦੀ ਤਸਵੀਰ ਤੇ ਰਾਸ਼ਨ ਦੇ ਥੈਲਿਆਂ ਉੱਪਰ ਭਗਵੰਤ ਮਾਨ ਦੀ ਤਸਵੀਰ ਗਵਾਹੀ ਭਰਦੀਆਂ ਹਨ। ਇਸ਼ਤਿਹਾਰ ਸਰਕਾਰਾਂ ਦੇ ਲਈ ਹਥਿਆਰ ਵਜੋਂ ਕੰਮ ਕਰਦੇ ਹਨ, ਜਦੋਂ ਕੋਈ ਸਰਕਾਰ ਜਨਤਾ ਦੀਆਂ ਉਮੀਦਾਂ ’ਤੇ ਖ਼ਰੀ ਨਹੀਂ ਉੱਤਰਦੀ ਤਾਂ ਉਹ ਲੋਕਾਂ ਦੇ ਵਿੱਚ ਭੁਲੇਖ਼ਾ ਪੈਦਾ ਕਰਨ ਦੇ ਲਈ ਇਸ਼ਤਿਹਾਰ ਵਰਤਦੀ ਹੈ ਤੇ ਬਹੁਤੇ ਲੋਕ ਇਸ ਨੂੰ ਸੱਚ ਵੀ ਮੰਨਦੇ ਨੇ ਪਰ ਜ਼ਮੀਨੀ ਹਕੀਕਤ ਤਾਂ ਲੋਕਾਂ ਦੀ ਸੋਚ ਤੋਂ ਕੋਹਾਂ ਦੂਰ ਹੈ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ

ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

## ਲੋਕ ਸਭਾ ਚੋਣਾਂ : ਕੁੰਢੀਆਂ ਦੇ ਸਿੰਙ ਫਸਣਗੇ.....

# ਕੜਾਕੇ ਦੀ ਠੰਡ 'ਚ ਗਰਮਾਈ ਭਾਰਤ ਦੀ ਸਿਆਸਤ

## ਆਸਾਨ ਨਹੀਂ ਹੈ ਭਾਜਪਾ ਲਈ ਚੋਣਾਂ 'ਚ ਹੈਟ੍ਰਿਕ ਮਾਰਨਾ

ਪੰਜਾਬ ਸਮੇਤ ਪੂਰੇ ਉੱਤਰੀ ਭਾਰਤ ਵਿੱਚ ਇਸ ਸਮੇਂ ਕੜਾਕੇ ਦੀ ਠੰਡ ਪੈ ਰਹੀ ਹੈ, ਇਸ ਦੇ ਨਾਲ ਹੀ ਪੂਰੇ ਦੇਸ਼ ਵਿੱਚ ਲੋਕ ਸਭਾ ਚੋਣਾਂ ਲਈ ਸਰਗਰਮੀਆਂ ਸ਼ੁਰੂ ਹੋ ਚੁੱਕੀਆਂ ਹਨ। ਭਾਵੇਂ ਕਿ ਅਜੇ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ ਦਾ ਐਲਾਨ ਨਹੀਂ ਕੀਤਾ ਗਿਆ ਪਰ ਇਹ ਚੋਣਾਂ ਮਾਰਚ- ਅਪ੍ਰੈਲ ਦੇ ਮਹੀਨਿਆਂ ਦੌਰਾਨ ਹੋਣ ਦੀਆਂ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਹਨ, ਜਿਸ ਕਰਕੇ ਭਾਰਤ ਵਿੱਚ ਸਰਗਰਮ ਸਾਰੀਆਂ ਸਿਆਸੀ ਪਾਰਟੀਆਂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਵਿੱਚ ਰੁੱਝ ਗਈਆਂ ਹਨ।

ਪਿਛਲੇ ਦਿਨੀਂ ਹੋਈਆਂ ਵੱਖ-ਵੱਖ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿੱਚ 3 ਰਾਜਾਂ ਵਿੱਚ ਮਿਲੀ ਜਿੱਤ ਤੋਂ ਬਾਅਦ ਭਾਜਪਾ ਆਪਣੇ ਆਪ ਨੂੰ ਕਾਫ਼ੀ ਮਜ਼ਬੂਤ ਸਮਝ ਰਹੀ ਹੈ। ਦੂਜੇ ਪਾਸੇ ਭਾਜਪਾ ਵਿਰੋਧੀ ਸਿਆਸੀ ਪਾਰਟੀਆਂ ਵੱਲੋਂ 'ਇੰਡੀਆ' ਗਠਜੋੜ ਬਣਾ ਕੇ ਭਾਜਪਾ ਨੂੰ ਲੋਕ ਸਭਾ ਚੋਣਾਂ ਦੌਰਾਨ ਸਖ਼ਤ ਮੁਕਾਬਲਾ ਦੇਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਤਰਾਂ ਇਹ ਚੋਣਾਂ 'ਭਾਜਪਾ ਬਨਾਮ ਇੰਡੀਆ ਗਠਜੋੜ' ਬਣਦੀਆਂ ਜਾ ਰਹੀਆਂ ਹਨ।। ਭਾਜਪਾ ਆਗੂ ਦਾਅਵਾ ਕਰ ਰਹੇ ਹਨ ਕਿ ਭਾਜਪਾ ਵੱਲੋਂ ਲੋਕ ਸਭਾ ਚੋਣਾਂ ਜਿੱਤ ਕੇ ਹੈਟ੍ਰਿਕ ਮਾਰੀ ਜਾਵੇਗੀ ਜਦੋਂ ਕਿ ਕਾਂਗਰਸ ਸਮੇਤ ਵਿਰੋਧੀ ਪਾਰਟੀਆਂ ਦਾਅਵਾ ਕਰ ਰਹੀਆਂ ਹਨ ਕਿ ਇਸ ਵਾਰ ਭਾਰਤ ਦੇ ਵੋਟਰ ਸੱਤਾ ਵਿੱਚ ਬਦਲਾਓ ਲਿਆਉਣਗੇ।

ਭਾਜਪਾ ਦੀਆਂ ਸਰਗਰਮੀਆਂ ਵੇਖ ਕੇ ਮਹਿਸੂਸ ਹੁੰਦਾ ਹੈ ਕਿ ਭਾਜਪਾ ਵੱਲੋਂ ਆਗਾਮੀ ਲੋਕ ਸਭਾ ਚੋਣਾਂ ਰਾਮ ਮੰਦਰ ਅਤੇ ਧਾਰਾ 370 ਦੇ ਮੁੱਦਿਆਂ ਨੂੰ ਆਧਾਰ ਬਣਾ ਕੇ ਲੜੀਆਂ ਜਾਣਗੀਆਂ। ਇਸ ਤੋਂ ਇਲਾਵਾ ਭਾਜਪਾ ਵੱਲੋਂ ਹੋਰ ਵੀ ਅਨੇਕਾਂ ਮੁੱਦੇ ਉਠਾਏ ਜਾਣ ਦੀ ਸੰਭਾਵਨਾ ਹੈ। ਭਾਜਪਾ ਵੱਲੋਂ ਹਰ ਚੋਣਾਂ ਦੌਰਾਨ ਪਲਾਨ 'ਏ' ਦੇ ਨਾਲ ਹੀ ਪਲਾਨ 'ਬੀ' ਵੀ ਤਿਆਰ ਰੱਖਿਆ ਜਾਂਦਾ ਹੈ ਤਾਂ ਕਿ ਚੋਣਾਂ ਦੌਰਾਨ ਅਤੇ ਚੋਣਾਂ ਦੇ ਨਤੀਜੇ ਆਉਣ ਤੋਂ ਬਾਅਦ ਮੁੜ ਸੱਤਾ ਪ੍ਰਾਪਤ ਕੀਤੀ ਜਾ ਸਕੇ।



ਪਿਛਲੇ ਦਿਨਾਂ ਦੌਰਾਨ ਜਿਹੜੇ ਤਿੰਨ ਰਾਜਾਂ ਵਿੱਚ ਭਾਜਪਾ ਨੇ ਜਿੱਤ ਪ੍ਰਾਪਤ ਕੀਤੀ ਹੈ, ਉਹਨਾਂ ਤਿੰਨ ਰਾਜਾਂ ਵਿੱਚ 65 ਲੋਕ ਸਭਾ ਸੀਟਾਂ ਹਨ, ਜਿਨ੍ਹਾਂ ਵਿੱਚੋਂ ਭਾਜਪਾ ਕੋਲ ਇਸ ਵੇਲੇ 61 ਸੀਟਾਂ ਹਨ। ਹਿੰਦੀ ਬੋਲਣ ਵਾਲੇ ਰਾਜਾਂ ਬਿਹਾਰ, ਯੂ.ਪੀ., ਰਾਜਸਥਾਨ, ਛੱਤੀਸਗੜ੍ਹ, ਮੱਧ ਪ੍ਰਦੇਸ਼, ਦਿੱਲੀ, ਝਾਰਖੰਡ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਵਿੱਚ 193 ਸੀਟਾਂ ਹਨ। ਇਨ੍ਹਾਂ ਰਾਜਾਂ ਦੀਆਂ 177 ਸੀਟਾਂ 'ਤੇ ਭਾਜਪਾ ਦਾ ਕਬਜ਼ਾ ਹੈ। ਭਾਰਤੀ ਜਨਤਾ ਪਾਰਟੀ ਲਈ ਚੁਣੌਤੀ ਇਨ੍ਹਾਂ ਰਾਜਾਂ ਵਿੱਚ ਨਾ ਸਿਰਫ਼ ਆਪਣੀਆਂ ਸੀਟਾਂ ਬਰਕਰਾਰ ਰੱਖਣ ਦੀ ਹੈ, ਸਗੋਂ ਆਪਣੀ ਗਿਣਤੀ ਵੀ ਵਧਾਉਣ ਦੀ ਹੈ। 11 ਰਾਜਾਂ ਵਿੱਚ ਸੀਟਾਂ ਦੇ ਵਾਧੇ ਦੀ ਬਹੁਤ ਘੱਟ ਗੁੰਜਾਇਸ਼ ਹੈ। ਜੇਕਰ ਅਸੀਂ ਵਿਧਾਨ ਸਭਾ ਚੋਣਾਂ ਦੇ ਪ੍ਰਭਾਵ ਦਾ ਮੁਲਾਂਕਣ ਕਰੀਏ ਤਾਂ ਭਾਜਪਾ ਸਿਰਫ਼ ਯੂ. ਪੀ. ਅਤੇ ਬਿਹਾਰ ਵਿੱਚ ਹੀ ਵੱਧ ਤੋਂ ਵੱਧ ਸੀਟਾਂ ਜਿੱਤ ਸਕਦੀ ਹੈ ਪਰ ਪੂਰਨ ਬਹੁਮਤ ਹਾਸਲ ਕਰਨ ਲਈ ਪਾਰਟੀ ਨੂੰ ਬੰਗਾਲ, ਅਸਾਮ, ਮਹਾਰਾਸ਼ਟਰ ਅਤੇ ਗੁਜਰਾਤ ਵਿੱਚ 2019 ਦੇ ਆਪਣੇ ਪ੍ਰਦਰਸ਼ਨ ਨੂੰ ਦੁਹਰਾਉਣਾ ਹੋਵੇਗਾ। 2019 ਦੀਆਂ ਚੋਣਾਂ ਵਿੱਚ, ਭਾਜਪਾ ਨੇ ਬੰਗਾਲ ਵਿੱਚ 18, ਮਹਾਰਾਸ਼ਟਰ ਵਿੱਚ 23 ਅਤੇ ਗੁਜਰਾਤ ਵਿੱਚ ਸਾਰੀਆਂ 26 ਸੀਟਾਂ ਜਿੱਤੀਆਂ ਸਨ। ਪਿਛਲੀਆਂ ਦੋ ਲੋਕ ਸਭਾ ਚੋਣਾਂ ਵਿੱਚ ਭਾਜਪਾ ਵੱਲੋਂ ਨਰਿੰਦਰ ਮੋਦੀ ਦੇ ਚਿਹਰੇ ਨਾਲ ਪੂਰਨ ਬਹੁਮਤ ਹਾਸਲ ਕੀਤਾ ਗਿਆ ਪਰ ਮੋਦੀ ਲਹਿਰ ਦੇ ਬਾਵਜੂਦ ਕਈ ਵੱਡੇ ਸੂਬੇ ਅਜਿਹੇ ਹਨ ਜਿੱਥੇ ਭਾਜਪਾ ਦਾ ਖਾਤਾ ਵੀ ਨਹੀਂ ਖੁੱਲ੍ਹਿਆ ਹੈ। ਜੇਕਰ ਭਾਜਪਾ ਕਸ਼ਮੀਰ ਤੋਂ ਬਿਹਾਰ ਤੱਕ ਉੱਤਰੀ ਭਾਰਤ ਦੀਆਂ ਸਾਰੀਆਂ ਸੀਟਾਂ ਜਿੱਤ ਜਾਂਦੀ ਹੈ ਤਾਂ ਉਸ ਨੂੰ 245 ਸੀਟਾਂ ਮਿਲ ਜਾਣਗੀਆਂ। ਭਾਰਤੀ ਰਾਜਨੀਤੀ ਵਿੱਚ ਅਜਿਹਾ ਚਮਤਕਾਰ ਸੰਭਵ ਨਹੀਂ ਹੈ। 400 ਦਾ ਅੰਕੜਾ ਪਾਰ ਕਰਨ ਲਈ ਭਾਜਪਾ ਨੂੰ ਕੇਰਲ, ਤਾਮਿਲਨਾਡੂ, ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ ਵਿੱਚ 10-10 ਸੀਟਾਂ ਦੀ ਲੋੜ ਹੋਵੇਗੀ, ਜੋ ਕਿ ਕੋਈ ਆਸਾਨ ਕੰਮ ਨਹੀਂ ਹੈ। ਇਨ੍ਹਾਂ ਰਾਜਾਂ ਦੀਆਂ ਕੁੱਲ 118 ਸੀਟਾਂ ਵਿੱਚੋਂ ਭਾਜਪਾ ਕੋਲ ਸਿਰਫ਼ ਚਾਰ ਸੀਟਾਂ ਹਨ, ਜੋ ਤੇਲੰਗਾਨਾ ਵਿੱਚ ਜਿੱਤੀਆਂ ਸਨ। ਭਾਜਪਾ ਨੂੰ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਕਰਨਾਟਕ ਵਿੱਚ ਵੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪਿਛਲੀਆਂ ਆਮ ਚੋਣਾਂ ਵਿੱਚ, ਭਾਜਪਾ ਨੇ ਦੱਖਣੀ ਭਾਰਤੀ ਰਾਜ ਵਿੱਚ 28 ਵਿੱਚੋਂ 25 ਸੀਟਾਂ ਜਿੱਤੀਆਂ ਸਨ। ਇਸ ਵਾਰ ਪਾਰਟੀ ਨੇ ਜੇ.ਡੀ.ਐਸ. ਨਾਲ ਚੋਣ ਸਮਝੌਤਾ ਕੀਤਾ ਹੈ। ਸਮਝੌਤੇ ਕਾਰਨ ਭਾਜਪਾ ਨੂੰ ਜੇ.ਡੀ.ਐਸ. ਨੂੰ 4 ਸੀਟਾਂ ਦੇਣੀਆਂ ਪੈਣਗੀਆਂ। ਭਾਵ, ਚੰਗੇ ਪ੍ਰਦਰਸ਼ਨ ਲਈ ਉਸ ਨੂੰ ਆਪਣੇ ਖਾਤੇ ਵਿੱਚ ਸਾਰੀਆਂ 24 ਸੀਟਾਂ ਜਿੱਤਣੀਆਂ ਪੈਣਗੀਆਂ, ਜੋ ਆਸਾਨ ਨਹੀਂ ਹੈ। ਕਰਨਾਟਕ 'ਚ ਸੱਤਾ ਪਰਿਵਰਤਨ ਤੋਂ ਬਾਅਦ ਸੂਬੇ ਦੀ ਰਾਜਨੀਤੀ 'ਚ ਕਾਂਗਰਸ ਦਾ ਦਖਲ ਵਧ ਗਿਆ ਹੈ। ਇਸ ਤੋਂ ਇਲਾਵਾ ਮਹਾਗਠਜੋੜ 'ਚ ਸ਼ਾਮਲ ਰਾਸ਼ਟਰੀ ਜਨਤਾ ਦਲ ਅਤੇ ਜੇ. ਡੀ.ਯੂ. ਦੀ ਵੀ ਬਿਹਾਰ 'ਚ ਤਾਕਤ ਹੈ। ਉਥੇ ਭਾਜਪਾ ਲਈ ਆਪਣੀਆਂ ਸੀਟਾਂ ਵਧਾਉਣਾ ਵੀ ਚੁਣੌਤੀ ਹੈ। ਭਾਜਪਾ ਲਈ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਈ ਚੁਣੌਤੀਆਂ ਨੂੰ ਪਾਰ ਕਰਨਾ ਮੁਸ਼ਕਿਲ ਹੈ। ਪੰਜਾਬ ਵਿੱਚ ਇਸ ਦਾ ਮੁਕਾਬਲਾ ਸ਼੍ਰੋਮਣੀ ਅਕਾਲੀ ਦਲ ਦੇ ਨਾਲ-ਨਾਲ ਆਮ ਆਦਮੀ ਪਾਰਟੀ ਅਤੇ ਕਾਂਗਰਸ ਨਾਲ ਹੋਵੇਗਾ। ਧਾਰਾ 370 ਹਟਾਏ ਜਾਣ ਤੋਂ ਬਾਅਦ ਪਹਿਲੀ ਵਾਰ ਕਸ਼ਮੀਰ ਵਿੱਚ ਚੋਣਾਂ ਹੋਣਗੀਆਂ। ਹਿਮਾਚਲ ਵਿੱਚ ਕਾਂਗਰਸ ਦੀ ਸਰਕਾਰ ਆ ਗਈ ਹੈ। ਕਰਨਾਟਕ ਭਾਜਪਾ ਵਿੱਚ ਚਲਾ ਗਿਆ ਹੈ। ਬਿਹਾਰ ਵਿੱਚ ਨਿਤੀਸ਼ ਕੁਮਾਰ ਨਾਲ ਗਠਜੋੜ ਟੁੱਟ ਗਿਆ ਹੈ। ਨਵੇਂ ਸਹਿਯੋਗੀ ਦੀ ਤਾਕਤ ਸੂਬੇ ਭਰ ਵਿੱਚ ਨਹੀਂ ਹੈ। ਮਹਾਰਾਸ਼ਟਰ ਵਿੱਚ ਭਾਜਪਾ ਦੇ ਸਹਿਯੋਗੀ ਬਦਲ ਗਏ ਹਨ। ਮਹਾਰਾਸ਼ਟਰ ਵਿੱਚ, ਭਾਜਪਾ ਐਨ.ਸੀ.ਪੀ. (ਅਜੀਤ ਪਵਾਰ ਧੜੇ) ਅਤੇ ਸ਼ਿਵ ਸੈਨਾ (ਸ਼ਿੰਦੇ ਧੜੇ) ਨਾਲ ਗਠਜੋੜ ਵਿੱਚ ਚੋਣਾਂ ਲੜੇਗੀ। ਮਹਾਰਾਸ਼ਟਰ, ਜਿਸ ਦੀਆਂ 48 ਸੀਟਾਂ ਹਨ, ਵਿੱਚ ਭਾਜਪਾ ਨੂੰ ਆਪਣੇ ਸਹਿਯੋਗੀਆਂ ਨਾਲ ਸੀਟਾਂ ਸਾਂਝੀਆਂ ਕਰਨੀਆਂ ਪੈਣਗੀਆਂ। ਭਾਜਪਾ ਨੇ ਯੂ. ਪੀ. ਵਿੱਚ ਨਵੇਂ ਸਹਿਯੋਗੀ ਵੀ ਚੁਣ ਲਏ ਹਨ। 2019 ਦੀਆਂ ਚੋਣਾਂ ਵਿੱਚ ਭਾਜਪਾ ਨੇ 303 ਸੀਟਾਂ ਜਿੱਤੀਆਂ ਸਨ। ਜੇਕਰ 2024 ਦੀਆਂ ਚੋਣਾਂ ਵਿੱਚ ਇਹ ਸੀਟਾਂ ਦਸ ਫ਼ੀਸਦੀ ਤੱਕ ਵੀ ਵਧ ਜਾਂਦੀਆਂ ਹਨ ਤਾਂ ਸਮਝਿਆ ਜਾਵੇਗਾ ਕਿ ਮੋਦੀ ਜਾਦੂ ਨੇ ਕੰਮ ਕੀਤਾ ਹੈ। ਇਸ ਦੇ ਲਈ ਭਾਜਪਾ ਨੂੰ ਕਰਨਾਟਕ ਤੋਂ ਇਲਾਵਾ ਦੱਖਣੀ ਭਾਰਤ ਦੇ ਰਾਜਾਂ ਵਿੱਚ 70 ਸੀਟਾਂ ਹਾਸਲ ਕਰਨੀਆਂ ਪੈਣਗੀਆਂ।

ਇਸ ਤਰਾਂ ਕਿਹਾ ਜਾ ਸਕਦਾ ਹੈ ਕਿ ਅਗਲੀਆਂ ਲੋਕ ਸਭਾ ਦੌਰਾਨ ਭਾਜਪਾ ਲਈ ਜਿੱਤ ਆਸਾਨ ਨਹੀਂ ਹੈ। ਭਾਵੇਂ ਕਿ ਭਾਜਪਾ ਵੱਲੋਂ ਪੂਰੀ ਸ਼ਕਤੀ ਨਾਲ ਚੋਣਾਂ ਵਿੱਚ ਹੈਟ੍ਰਿਕ ਮਾਰਨ ਦਾ ਯਤਨ ਕੀਤਾ ਜਾਵੇਗਾ ਪਰ ਭਾਜਪਾ ਦਾ ਮੁਕਾਬਲਾ ਕਰਨ ਲਈ ਵਿਰੋਧੀ ਪਾਰਟੀਆਂ ਵੱਲੋਂ ਇੰਡੀਆ ਗਠਜੋੜ ਤਹਿਤ ਵੱਡੀ ਤਿਆਰੀ ਕੀਤੀ ਜਾ ਰਹੀ ਹੈ। ਇਸ ਕਾਰਨ ਅਗਾਮੀ ਲੋਕ ਸਭਾ ਚੋਣਾਂ ਦੌਰਾਨ ਵੱਡੀ ਗਿਣਤੀ ਸੀਟਾਂ 'ਤੇ ਸਖ਼ਤ ਮੁਕਾਬਲੇ ਹੋਣ ਦੀ ਸੰਭਾਵਨਾ ਬਣ ਗਈ ਹੈ।

### ਕੇਜਰੀਵਾਲ ਸਰਕਾਰ ਉੱਪਰ ਸੀ.ਬੀ.ਆਈ. ਦਾ ਸ਼ਿਕੰਜਾ

## ਹਸਪਤਾਲਾਂ ਨੂੰ ਘਟੀਆ ਦਵਾਈਆਂ ਦੀ ਸਪਲਾਈ ਬਾਰੇ ਸੀ.ਬੀ.ਆਈ. ਕਰੇਗੀ ਜਾਂਚ

### ਉੱਪ ਰਾਜਪਾਲ ਦੀ ਸਿਫ਼ਾਰਸ਼ 'ਤੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਦਿੱਤਾ ਫ਼ੈਸਲਾ



ਨਵੀਂ ਦਿੱਲੀ/ਏ.ਟੀ.ਨਿਊਜ਼ : ਕੇਂਦਰੀ ਗ੍ਰਹਿ ਮੰਤਰਾਲੇ ਨੇ ਦਿੱਲੀ ਸਰਕਾਰ ਦੇ ਹਸਪਤਾਲਾਂ 'ਚ ਘਟੀਆ ਦਵਾਈਆਂ ਦੀ ਸਪਲਾਈ ਦੀ ਸੀ.ਬੀ.ਆਈ. ਜਾਂਚ ਦਾ ਹੁਕਮ ਦਿੱਤਾ ਹੈ। ਕੇਂਦਰੀ ਏਜੰਸੀ ਇਹ ਵੀ ਜਾਂਚ ਕਰੇਗੀ ਕਿ ਕੀ ਇਹ ਦਵਾਈਆਂ ਮੁਹੱਲਾ ਕਲੀਨਕਾਂ ਰਾਹੀਂ ਸਪਲਾਈ ਕੀਤੀਆਂ ਗਈਆਂ ਹਨ।

ਦਿੱਲੀ ਦੇ ਉਪ ਰਾਜਪਾਲ ਵੀ ਕੇ ਸਕਸੈਨਾ ਨੇ ਪਿਛਲੇ ਸਾਲ ਦਸੰਬਰ 'ਚ ਇਸ ਦੀ ਸਿਫ਼ਾਰਸ਼ ਕੀਤੀ ਸੀ ਜਿਸ ਤੋਂ ਬਾਅਦ ਸੀ.ਬੀ.ਆਈ. ਜਾਂਚ ਦਾ ਹੁਕਮ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਇਹ ਦਵਾਈਆਂ ਕਥਿਤ ਤੌਰ 'ਤੇ ਗੁਣਵੱਤਾ ਮਿਆਰਾਂ ਦਾ ਪ੍ਰੀਖਣ ਪਾਸ ਕਰਨ 'ਚ ਨਾਕਾਮ ਰਹੀਆਂ ਤੇ ਦਿੱਲੀ ਸਰਕਾਰ ਵੱਲੋਂ ਚਲਾਏ ਜਾ ਰਹੇ ਹਸਪਤਾਲਾਂ 'ਚ ਲੋਕਾਂ ਦੇ ਜੀਵਨ ਨੂੰ ਖ਼ਤਰੇ 'ਚ ਪਾ ਸਕਦੀਆਂ ਸਨ। ਦਿੱਲੀ ਸਰਕਾਰ ਦੇ ਵਿਜੀਲੈਂਸ ਡਾਇਰੈਕਟੋਰੇਟ ਨੇ ਵੀ ਗ੍ਰਹਿ ਮੰਤਰਾਲੇ ਨੂੰ ਪੱਤਰ ਲਿਖ ਕੇ ਜਾਂਚ ਦੀ ਅਪੀਲ ਕੀਤੀ ਸੀ। ਪੱਤਰ ਮੁਤਾਬਕ ਇਸ ਗੱਲ ਦੀ ਵੀ ਜਾਂਚ ਕਰਨ ਦੀ ਜ਼ਰੂਰਤ ਹੈ ਕਿ ਕੀ ਜੋ ਦਵਾਈਆਂ ਕੇਂਦਰੀ ਖ਼ਰੀਦ ਏਜੰਸੀ (ਸੀ.ਪੀ.ਏ.) ਨੇ ਖ਼ਰੀਦੀਆਂ ਹਨ, ਉੱਥੇ ਹੀ ਦਵਾਈਆਂ ਮੁਹੱਲਾ ਕਲੀਨਕਾਂ ਜ਼ਰੀਏ ਵੀ ਮਰੀਜ਼ਾਂ ਨੂੰ ਵੰਡੀਆਂ ਜਾ ਰਹੀਆਂ ਹਨ ਜਾਂ ਨਹੀਂ। ਪੱਤਰ 'ਚ ਕਿਹਾ ਗਿਆ ਹੈ ਕਿ ਘਟੀਆ ਦਵਾਈਆਂ ਦੀ ਸਪਲਾਈ ਲਈ ਕੋਈ ਵੀ ਕਾਰਵਾਈ ਸੀ.ਪੀ.ਏ. ਤੱਕ ਸੀਮਤ ਨਹੀਂ ਰਹਿਣੀ ਚਾਹੀਦੀ ਤੇ ਪੂਰੀ ਸਪਲਾਈ ਲੜੀ ਦੀ ਜਾਂਚ ਕਰਨ ਦੀ ਜ਼ਰੂਰਤ ਹੈ, ਜਿਸ 'ਚ ਉਨ੍ਹਾਂ ਸਪਲਾਈ ਕਰਨ ਵਾਲਿਆਂ ਦੀ ਭੂਮਿਕਾ ਵੀ ਸ਼ਾਮਲ ਹੈ, ਜਿਨ੍ਹਾਂ ਨੇ ਦਵਾਈਆਂ ਬਣਾਉਣ ਵਾਲਿਆਂ ਤੋਂ ਖ਼ਰੀਦ ਕੀਤੀ ਤੇ ਹਸਪਤਾਲਾਂ ਜ਼ਰੀਏ ਮਰੀਜ਼ਾਂ ਨੂੰ ਸਪਲਾਈ ਕੀਤੀ। ਵਿਜੀਲੈਂਸ ਡਾਇਰੈਕਟੋਰੇਟ ਦੇ ਪੱਤਰ ਅਨੁਸਾਰ ਘਟੀਆ ਦਵਾਈਆਂ ਦੀ ਸਪਲਾਈ ਦੀ ਗੰਭੀਰਤਾ ਤੇ ਮਕਸਦਾਂ ਨੂੰ ਸਮਝਣ ਲਈ ਕਾਰਪੋਰੇਟ ਗਲਬਾ ਹਟਾਉਣ ਦੀ ਜ਼ਰੂਰਤ ਹੈ।

ਅਧਿਕਾਰੀਆਂ ਅਨੁਸਾਰ ਜੋ ਦਵਾਈਆਂ ਘਟੀਆ ਗੁਣਵੱਤਾ ਦੀਆਂ ਮਿਲੀਆਂ, ਉਨ੍ਹਾਂ 'ਚ ਫ਼ੇਫ਼ੜੇ ਤੇ ਪਿਸ਼ਾਬ ਨਾਲੀ ਦੀ ਲਾਗ ਦੇ ਇਲਾਜ ਲਈ ਵਰਤੀਆਂ ਜਾਣ ਵਾਲੀਆਂ ਮਹੱਤਵਪੂਰਨ ਜੀਵਨ ਰੱਖਿਅਕ ਐਂਟੀਬਾਇਓਟਿਕਸ ਜਿਵੇਂ ਸੇਫ਼ੈਲੇਕਿਸਨ ਸ਼ਾਮਲ ਹਨ। ਸੂਚੀ 'ਚ ਸਟੇਰਾਇਡ ਤੇ ਡੇਕਸਾਮੇਥਾਸੋਨ ਵੀ ਸ਼ਾਮਲ ਹਨ, ਜਿਨ੍ਹਾਂ ਦੀ ਵਰਤੋਂ ਫ਼ੇਫ਼ੜਿਆਂ ਤੇ ਜੋੜਾਂ 'ਚ ਜਾਨਲੇਵਾ ਸੋਜ ਤੇ ਸਰੀਰ 'ਚ ਸੋਜ ਨੂੰ ਠੀਕ ਕਰਨ ਲਈ ਕੀਤਾ ਜਾਂਦਾ ਹੈ। ਇਸ 'ਚ ਮਿਰਗੀ ਰੋਕੂ ਤੇ ਚਿੰਤਾ ਰੋਕੂ ਮਨੋਰੋਗ ਦੀ ਦਵਾਈ ਲੇਵੇਟਿਰਸੇਟਮ ਤੇ ਹਾਈ ਬਲੱਡ ਪ੍ਰੈਸ਼ਰ ਰੋਕੂ ਦਵਾਈ ਐਮਲੋਡੇਪਿਨ ਵੀ ਸ਼ਾਮਲ ਹਨ। ਪੱਤਰ 'ਚ ਕਿਹਾ ਗਿਆ ਹੈ ਕਿ ਇਸ ਸੰਦਰਭ 'ਚ ਇਹ ਜ਼ਿਕਰ ਕਰਨਾ ਅਣਉੱਚਿਤ ਨਹੀਂ ਹੋਵੇਗਾ ਕਿ ਮੁਹੱਲਾ ਕਲੀਨਕ ਦਾ ਮਾਮਲਾ ਪਹਿਲਾਂ ਹੀ ਸੀ.ਬੀ.ਆਈ. ਨੂੰ ਸੌਂਪ ਦਿੱਤਾ ਗਿਆ ਸੀ ਤੇ ਮੁੱਢਲੀ ਜਾਂਚ ਵੀ ਦਰਜ ਕੀਤੀ ਗਈ ਸੀ ਉਪ ਰਾਜਪਾਲ ਨੂੰ ਸੌਂਪੀ ਗਈ ਵਿਜੀਲੈਂਸ ਵਿਭਾਗ ਦੀ ਰਿਪੋਰਟ ਅਨੁਸਾਰ ਸਰਕਾਰੀ ਪ੍ਰਯੋਗਸ਼ਾਲਾਵਾਂ ਨੂੰ ਭੇਜੀਆਂ ਗਈਆਂ ਦਵਾਈਆਂ ਦੇ 43 ਨਮੂਨਿਆਂ 'ਚੋਂ ਤਿੰਨ ਪ੍ਰੀਖਣ 'ਚ ਨਾਕਾਮ ਰਹੇ ਤੇ 12 ਰਿਪੋਰਟਾਂ ਲਟਕੀਆਂ ਸਨ। ਇਸ ਤੋਂ ਇਲਾਵਾ ਨਿੱਜੀ ਪ੍ਰਯੋਗਸ਼ਾਲਾਵਾਂ ਨੂੰ ਭੇਜੇ ਗਏ ਹੋਰ 43 ਨਮੂਨਿਆਂ 'ਚੋਂ ਪੰਜ ਫ਼ੇਲ੍ਹ ਰਹੇ। ਐਮਲੋਡੇਪਿਨ, ਲੇਵੇਟਿਰਸੇਟਮ ਤੇ ਪੇਂਟੋਪ੍ਰਾਜੋਲ ਜਿਹੀਆਂ ਦਵਾਈਆਂ ਸਰਕਾਰੀ ਤੇ ਨਿੱਜੀ ਦੋਵੇਂ ਪ੍ਰਯੋਗਸ਼ਾਲਾਵਾਂ ਦੇ ਪ੍ਰੀਖਣ 'ਚ ਫ਼ੇਲ੍ਹ ਰਹੀਆਂ। ਦਿੱਲੀ ਦੇ ਸਿਹਤ ਮੰਤਰੀ ਸੌਰਭ ਭਾਰਦਵਾਜ ਨੇ ਇਸ ਮਾਮਲੇ 'ਚ ਦਿੱਲੀ ਦੇ ਸਿਹਤ ਸਕੱਤਰ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਸੀ।

## ਸੀਟਾਂ ਦੀ ਵੰਡ: ਕਾਂਗਰਸ ਤੇ 'ਆਪ' ਵਿਚਾਲੇ ਗੱਲਬਾਤ

### ਦੋਵੇਂ ਧਿਰਾਂ ਵਿਚਕਾਰ ਸੁਖਾਵੇਂ ਮਾਹੌਲ ਵਿੱਚ ਹੋਈ ਚਰਚਾ



ਨਵੀਂ ਦਿੱਲੀ/ਏ.ਟੀ.ਨਿਊਜ਼ : ਅਗਾਮੀ ਲੋਕ ਸਭਾ ਚੋਣਾਂ 'ਚ ਪੰਜਾਬ ਅਤੇ ਦਿੱਲੀ 'ਚ ਸੀਟਾਂ ਦੀ ਵੰਡ ਨੂੰ ਲੈ ਕੇ ਕਾਂਗਰਸ ਅਤੇ 'ਆਪ' ਵਿਚਕਾਰ ਇਥੇ ਮੀਟਿੰਗ ਹੋਈ। ਮੀਟਿੰਗ ਦੌਰਾਨ ਫ਼ੈਸਲਾ ਲਿਆ ਗਿਆ ਕਿ 'ਇੰਡੀਆ' ਗੱਠਜੋੜ ਦੀਆਂ ਦੋਵੇਂ ਅਹਿਮ ਧਿਰਾਂ ਵਿਚਕਾਰ ਸੀਟਾਂ ਦਾ ਫ਼ਾਰਮੂਲਾ ਤੈਅ ਕਰਨ ਲਈ ਮੁੜ ਤੋਂ ਮੀਟਿੰਗ ਕੀਤੀ ਜਾਵੇਗੀ। ਮੀਟਿੰਗ ਦੌਰਾਨ ਕਾਂਗਰਸ ਵੱਲੋਂ ਮੁਕੁਲ ਵਾਸਨਿਕ, ਅਸ਼ੋਕ ਗਹਿਲੋਤ, ਅਰਵਿੰਦਰ ਸਿੰਘ ਲਵਲੀ ਤੇ ਮੋਹਨ ਪ੍ਰਕਾਸ਼ ਜਦਕਿ 'ਆਪ' ਦੇ ਰਾਜ ਸਭਾ ਮੈਂਬਰ ਸੰਦੀਪ ਪਾਠਕ, ਦਿੱਲੀ 'ਚ ਮੰਤਰੀ ਆਤਿਸ਼ੀ ਅਤੇ ਸੌਰਭ ਭਾਰਦਵਾਜ ਹਾਜ਼ਰ ਸਨ। ਦੋਵੇਂ ਪਾਰਟੀਆਂ ਦੇ ਆਗੂਆਂ ਨੇ ਸੀਟਾਂ ਦੀ ਵੰਡ ਬਾਰੇ ਸੰਭਾਵਨਾਵਾਂ ਤਲਾਸ਼ੀਆਂ ਪਰ ਉਨ੍ਹਾਂ ਕੋਈ ਵੀ ਵੇਰਵਾ ਦੇਣ ਤੋਂ ਇਨਕਾਰ ਕਰ ਦਿੱਤਾ। ਮੀਟਿੰਗ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁਕੁਲ ਵਾਸਨਿਕ ਨੇ ਕਿਹਾ, "ਸੁਖਾਵੇਂ ਮਾਹੌਲ 'ਚ ਬਹੁਤ ਸਾਰਥਕ ਮੀਟਿੰਗ ਹੋਈ ਹੈ। ਅਰਵਿੰਦ ਕੇਜਰੀਵਾਲ ਤਰਫ਼ੋਂ ਸੀਟਾਂ ਦੀ ਵੰਡ ਲਈ ਵਿਚਾਰ ਵਟਾਂਦਰਾ ਕਰਨ ਵਾਸਤੇ 'ਆਪ' ਦੇ ਸੀਨੀਅਰ ਆਗੂਆਂ ਨੂੰ ਭੇਜਿਆ ਗਿਆ ਸੀ। ਕਾਂਗਰਸ ਪ੍ਰਧਾਨ ਵੱਲੋਂ ਬਣਾਈ ਗਈ ਕੌਮੀ ਗੱਠਜੋੜ ਕਮੇਟੀ (ਐੱਨ.ਏ.ਸੀ.) ਨੇ 'ਆਪ' ਆਗੂਆਂ ਨਾਲ ਸੀਟਾਂ ਦੀ ਵੰਡ ਬਾਰੇ ਚਰਚਾ (ਬਾਕੀ ਸਫ਼ਾ 31 'ਤੇ)

**ਦਰਪਣ ਝੂਠ ਨਹੀਂ ਬੋਲਦਾ**

# ਲੋਕ ਸਭਾ ਚੋਣਾਂ ਤੋਂ ਪਹਿਲਾਂ ਸਰਗਰਮੀਆਂ ’ਚ ਜੁਟਿਆ ਬਾਦਲ ਦਲ

## ਸਿਆਸੀ ਗੱਠਜੋੜ ਦਾ ਫ਼ੈਸਲਾ ਨਹੀਂ ਕਰ ਪਾ ਰਿਹਾ ਸੁਖਬੀਰ ਬਾਦਲ

## ਹਰਸਿਮਰਤ ਕੌਰ ਬਾਦਲ ਬਸਪਾ ਨਾਲ ਗੱਠਜੋੜ ਕਰਨ ਦੇ ਹੱਕ ਵਿੱਚ

ਪੰਜਾਬ ਦੀ ਸਿਆਸਤ ਵਿੱਚ ਪਟੜੀ ਤੋਂ ਉੱਤਰ ਚੁੱਕੇ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਸੁਖਬੀਰ ਸਿੰਘ ਬਾਦਲ ਨਵੀਂ ਰਣਨੀਤੀ ਬਣਾਉਣ ਵਿੱਚ ਲੱਗੇ ਹੋਏ ਹਨ। ਇਸ ਦੇ ਚੱਲਦੇ ਪਾਰਟੀ ਹੁਣ ਤੋਂ ਹੀ ਲੋਕ ਸਭਾ ਚੋਣਾਂ ਲਈ ਆਪਣੇ ਉਮੀਦਵਾਰਾਂ ਦੀ ਚੋਣ ਕਰਨਾ ਚਾਹੁੰਦੀ ਹੈ ਤਾਂ ਜੋ ਉਮੀਦਵਾਰਾਂ ਨੂੰ ਆਪਣੇ ਪ੍ਰਚਾਰ ਦਾ ਪੂਰਾ ਮੌਕਾ ਮਿਲ ਸਕੇ। ਭਾਜਪਾ ਨਾਲ ਗਠਜੋੜ ਦੀ ਚਰਚਾ ਦਰਮਿਆਨ ਅਕਾਲੀ ਦਲ ਨੇ ਵੀ ਅਜਿਹੇ ਲੋਕ ਸਭਾ ਹਲਕਿਆਂ ਦੀ ਸ਼ਨਾਖ਼ਤ ਕੀਤੀ ਹੈ, ਜਿਨ੍ਹਾਂ ’ਤੇ ਇਸ ਦੇ ਉਮੀਦਵਾਰਾਂ ਦਾ ਚੋਣ ਲੜਨਾ ਤੈਅ ਹੈ। ਮੰਨਿਆ ਜਾ ਰਿਹਾ ਹੈ ਕਿ ਸੂਬੇ ਦੀਆਂ 13 ਲੋਕ ਸਭਾ ਸੀਟਾਂ ਵਿਚੋਂ ਨਵੇਂ ਸਮਝੌਤੇ ਤਹਿਤ ਅਕਾਲੀ ਦਲ ਦੇ ਹਿੱਸੇ ਹੁਣ 10 ਦੀ ਥਾਂ ਸਿਰਫ਼ 7-8 ਸੀਟਾਂ ਹੀ ਆਉਣਗੀਆਂ। ਜੇਕਰ ਗਠਜੋੜ ਹੁੰਦਾ ਹੈ ਤਾਂ ਮਾਲਵੇ ਦੀਆਂ ਦੋ ਸੀਟਾਂ ਭਾਜਪਾ ਦੇ ਕੋਟੇ ਵਿੱਚ ਆ ਸਕਦੀਆਂ ਹਨ। ਇਸ ਤੋਂ ਇਲਾਵਾ ਫ਼ਿਰੋਜ਼ਪੁਰ ਤੋਂ ਲੋਕ ਸਭਾ ਮੈਂਬਰ ਸੁਖਬੀਰ ਬਾਦਲ ਦੇ ਮੁੜ ਉਸੇ ਹਲਕੇ ਤੋਂ ਚੋਣ ਲੜਨ ਦੀ ਸੰਭਾਵਨਾ ਘੱਟ ਹੈ। ਸਮਝਿਆ ਜਾਂਦਾ ਹੈ ਕਿ ਉਹ ਖ਼ੁਦ ਚੋਣ ਲੜਨ ਦੀ ਬਜਾਏ ਪਾਰਟੀ ਉਮੀਦਵਾਰਾਂ ਦੇ ਪ੍ਰਚਾਰ ’ਤੇ ਧਿਆਨ ਦੇਣਗੇ। ਸੂਬੇ ਦੀ ਸਿਆਸਤ ਵਿੱਚ ਹਾਸ਼ੀਏ ’ਤੇ ਚਲੇ ਗਏ ਅਕਾਲੀ ਦਲ ਦੇ ਪ੍ਰਧਾਨ ਲਈ ਚੋਣ ਲੜਨ ਨਾਲੋਂ ਆਪਣੇ ਕੇਡਰ ਨੂੰ ਮਜ਼ਬੂਤ ਕਰਨਾ ਜ਼ਿਆਦਾ ਜ਼ਰੂਰੀ ਹੈ। ਇਸ ਲਈ ਪਹਿਲਾਂ ਵਾਂਗ ਹੁਣ ਸੁਖਬੀਰ ਬਾਦਲ ਸਿਰਫ਼ ਵਿਧਾਨ ਸਭਾ ਚੋਣਾਂ ਲੜਨਗੇ ਅਤੇ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਲੋਕ ਸਭਾ ਚੋਣ ਲੜਨਗੇ। ਸੁਖਬੀਰ ਬਾਦਲ ਇਹ ਵੀ ਜਾਣਦੇ ਹਨ ਕਿ ਸੂਬੇ ਦੀ ਸਿਆਸਤ ਵਿੱਚ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਅਕਾਲੀ ਦਲ



ਨੂੰ ਕਿਸੇ ਵੀ ਤਰੀਕੇ ਆਪਣਾ ਵੋਟ ਬੈਂਕ ਵਾਪਸ ਲਿਆਉਣਾ ਪਵੇਗਾ।

ਇਸ ਸੰਦਰਭ ਵਿੱਚ ਉਨ੍ਹਾਂ ਨੇ ਪਿਛਲੇ ਮਹੀਨੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਬੇਅਦਬੀ ਮਾਮਲੇ ਵਿੱਚ ਮੁਆਫ਼ੀ ਮੰਗੀ ਸੀ। ਉਸ ਦਿਨ ਉਨ੍ਹਾਂ ਕਿਸੇ ਕਾਰਣ ਅਕਾਲੀ ਦਲ ਤੋਂ ਵੱਖ ਹੋਏ ਆਗੂਆਂ ਨੂੰ ਪਾਰਟੀ ਵਿੱਚ ਵਾਪਸ ਆਉਣ ਦੀ ਭਾਵੁਕ ਅਪੀਲ ਵੀ ਕੀਤੀ ਸੀ। ਇਸ ਅਪੀਲ ਦਾ ਅਸਰ ਅਗਲੇ ਦਿਨਾਂ ਵਿੱਚ ਵੀ ਦੇਖਣ



ਨੂੰ ਮਿਲੇਗਾ ਅਤੇ ਜੇਕਰ ਅਕਾਲੀ ਦਲ ਛੱਡ ਚੁੱਕੇ ਆਗੂ ਵਾਪਸ ਪਾਰਟੀ ’ਚ ਆਉਂਦੇ ਹਨ ਤਾਂ ਕੇਡਰ ਵੀ ਮੁੜ ਜੁੜਨ ਲੱਗੇਗਾ। ਪ੍ਰਕਾਸ਼ ਸਿੰਘ ਬਾਦਲ ਤੋਂ ਬਿਨਾਂ ਪਹਿਲੀ ਵਾਰ ਚੋਣਾਂ ਦੀ ਸਾਰੀ ਜ਼ਿੰਮੇਵਾਰੀ ਸੁਖਬੀਰ ਦੇ ਮੋਢਿਆਂ ’ਤੇ ਹੋਵੇਗੀ। ਜਿਥੋਂ ਤਕ ਗੱਠਜੋੜ ਦਾ ਸੁਆਲ ਹੈ, ਇਸ ਬਾਰੇ ਰਾਜਨੀਤਕ ਸਥਿਤੀ ਸਪਸ਼ਟ ਨਹੀਂ। ਹਾਲਾਂਕਿ ਸੁਖਬੀਰ ਸਿੰਘ ਬਾਦਲ ਬਸਪਾ ਨਾਲੋਂ ਭਾਜਪਾ ਨਾਲ ਗਠਜੋੜ ਨੂੰ ਤਰਜ਼ੀਹ ਦੇਣਾ ਚਾਹੁੰਦੇ ਹਨ। ਪੰਜਾਬ ਵਿੱਚ ਨਾ ਸਿਰਫ਼ ਅਕਾਲੀ ਦਲ, ਸਗੋਂ ਭਾਰਤੀ ਜਨਤਾ ਪਾਰਟੀ ਵਿੱਚ ਵੀ ਗਠਜੋੜ ਨੂੰ ਲੈ ਕੇ ਚਰਚਾ ਸ਼ੁਰੂ ਹੋ ਗਈ ਹੈ। ਬੀਤੇ ਦਿਨੀਂ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਵਲੋਂ ਬੁਲਾਈ ਗਈ ਕੋਰ ਗਰੁੱਪ ਦੀ ਮੀਟਿੰਗ ਵਿੱਚ ਇਸ ਮੁੱਦੇ ਨੂੰ ਗੰਭੀਰਤਾ ਨਾਲ ਵਿਚਾਰਿਆ ਗਿਆ ਸੀ। ਮੀਟਿੰਗ ਵਿੱਚ ਸੂਬਾ ਇੰਚਾਰਜ਼ ਵਿਜੇ ਰੂਪਾਣੀ, ਸਹਿ-ਇੰਚਾਰਜ ਡਾ: ਨਰਿੰਦਰ ਰੈਨਾ ਅਤੇ ਸੂਬੇ ਦੇ ਸਾਰੇ ਜਨਰਲ ਸਕੱਤਰਾਂ ਅਤੇ ਮੀਤ ਪ੍ਰਧਾਨਾਂ ਨੂੰ ਵੀ ਬੁਲਾਇਆ ਗਿਆ ਸੀ। ਭਾਜਪਾ ਦੇ ਅਕਾਲੀ ਦਲ ਨਾਲ ਗਠਜੋੜ ਸਬੰਧੀ ਸਾਰਿਆਂ ਦੀ ਰਾਏ ਮੰਗੀ ਗਈ। ਇਸ ਵਿੱਚ ਜ਼ਿਆਦਾਤਰ ਪਾਰਟੀ ਆਗੂਆਂ ਨੇ ਹਿੰਦੂ-ਸਿੱਖ ਏਕਤਾ ਦਾ ਹਵਾਲਾ ਦਿੰਦਿਆਂ ਗਠਜੋੜ ਲਈ ਸਹਿਮਤੀ ਪ੍ਰਗਟਾਈ। ਹਾਲਾਂਕਿ ਉਨ੍ਹਾਂ ਇਹ ਵੀ ਤਰਕ ਦਿੱਤਾ ਕਿ ਜੇਕਰ ਅਕਾਲੀ ਦਲ ਨਾਲ ਸਮਝੌਤਾ ਹੁੰਦਾ ਹੈ ਤਾਂ ਲੋਕ ਸਭਾ ਅਤੇ ਵਿਧਾਨ ਸਭਾ ਸੀਟਾਂ ’ਤੇ ਭਾਜਪਾ ਦਾ ਕੋਟਾ ਵਧਾਉਣ ’ਤੇ ਗੱਲ ਹੋਣੀ ਚਾਹੀਦੀ ਹੈ। ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਪਾਰਟੀ ਆਗੂਆਂ ਨੂੰ ਕਿਹਾ ਸੀ ਕਿ ਗਠਜੋੜ ਹੋਵੇਗਾ ਜਾਂ ਨਹੀਂ ਇਹ ਫ਼ੈਸਲਾ ਕੌਮੀ ਲੀਡਰਸ਼ਿਪ ਨੇ ਕਰਨਾ ਹੈ ਪਰ ਸੂਬਾਈ ਆਗੂਆਂ ਦੀਆਂ ਭਾਵਨਾਵਾਂ ਉਨ੍ਹਾਂ ਤਕ ਪਹੁੰਚਾਈਆਂ ਜਾਣਗੀਆਂ।

ਦੂਸਰੇ ਪਾਸੇ ਗੱਠਜੋੜ ਦੀ ਗੱਲ ਤੋਂ ਹਰਸਿਮਰਤ ਕੌਰ ਬਾਦਲ ਨੇ ਭਾਜਪਾ ਨਾਲ ਗਠਜੋੜ ਹੋਣ ਤੋਂ ਸਾਫ਼ ਇਨਕਾਰ ਕਰਦਿਆਂ ਕਿਹਾ ਕਿ ਅਕਾਲੀ ਦਲ ਪਾਰਟੀ ਦਾ ਬੀ.ਐਸ.ਪੀ. ਦੇ ਨਾਲ ਅਲਾਇੰਸ ਪਹਿਲਾਂ ਹੀ ਹੈ ਜਦੋਂ ਕਿ ਭਾਜਪਾ ਦੇ ਨਾਲ ਗਠਬੰਧਨ ਦੀ ਕੋਈ ਉਮੀਦ ਨਹੀਂ ਹੈ। ਜੇਕਰ ਗੱਠਜੋੜ ਦੀ ਸੰਭਾਵਨਾ ਵੀ ਹੋਈ ਤਾਂ ਇਹ ਪਾਰਟੀ ਦਾ ਫ਼ੈਸਲਾ ਹੋਏਗਾ ਪਰ ਮੈਂ ਬਸਪਾ ਨਾਲ ਗੱਠਜੋੜ ਦੀ ਹਾਮੀ ਹਾਂ।

# ਮੁਸਲਮਾਨਾਂ ਦੇ ਨਾਮ ’ਤੇ ਆਈ.ਡੀ. ਬਣਾ ਕੇ ਰਾਮ ਮੰਦਰ ਨੂੰ ਉਡਾਉਣ ਦੀ ਧਮਕੀ ਦੇਣ ਵਾਲੇ ਹਿੰਦੂ ਨਿਕਲੇ

## ਹਿੰਦੂਤਵੀ ਤਾਕਤਾਂ ਅਜਿਹੀਆਂ ਹਰਕਤਾਂ ਕਰਕੇ ਸਿੱਖਾਂ ਨੂੰ ਵਿਦੇਸ਼ਾਂ ’ਚ ਕਰ ਰਹੀਆਂ ਨੇ ਬਦਨਾਮ

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਤੇ ਅਯੁੱਧਿਆ ਦੇ ਰਾਮ ਮੰਦਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣ ਵਾਲੇ ਵਿਅਕਤੀ ਮੁਸਲਮਾਨ ਨਹੀਂ, ਸਗੋਂ ਹਿੰਦੂ ਸਨ। ਇਨ੍ਹਾਂ ਲੋਕਾਂ ਨੇ ਮੁਸਲਮਾਨ ਦੇ ਨਾਂ ’ਤੇ ਫ਼ਰਜ਼ੀ ਈ.ਮੇਲ. ਆਈ.ਡੀ. ਬਣਾ ਕੇ ਧਮਕੀ ਦਿੱਤੀ ਸੀ। ਯੂ.ਪੀ. ਐਸ.ਟੀ.ਐਫ਼. ਨੇ ਇਸ ਮਾਮਲੇ ਵਿੱਚ ਦੋ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਵਾਂ ’ਤੇ ਦੋਸ਼ ਹੈ ਕਿ ਉਨ੍ਹਾਂ ਨੇ ਸੋਸ਼ਲ ਮੀਡੀਆ ’ਤੇ ਕਥਿਤ ਤੌਰ ’ਤੇ ਧਮਕੀ ਦਿੱਤੀ ਸੀ ਕਿ ਰਾਮ ਮੰਦਰ, ਯੋਗੀ ਆਦਿਤਿਆਨਾਥ ਤੇ ਐਸ.ਟੀ.ਐਫ਼. ਦੇ ਏ.ਡੀ.ਜੀ.ਪੀ. ਅਮਿਤਾਭ ਯਸ਼ ਨੂੰ ਬੰਬ ਨਾਲ ਉਡਾ ਦਿੱਤਾ ਜਾਵੇਗਾ। ਇਸ ਦੇ ਲਈ ਦੋਸ਼ੀਆਂ ਨੇ ਸੋਸ਼ਲ ਮੀਡੀਆ ’ਤੇ ਫ਼ਰਜ਼ੀ ਆਈ.ਡੀ. ਵੀ ਬਣਾਈ ਸੀ। ਦੋਵੇਂ ਮੁਲਜ਼ਮਾਂ ਦੇ ਨਾਂ ਤਾਹਰ ਸਿੰਘ ਅਤੇ ਓਮ ਪ੍ਰਕਾਸ਼ ਮਿਸ਼ਰਾ ਹਨ, ਦੋਵੇਂ ਗੋਂਡਾ ਜ਼ਿਲ੍ਹੇ ਦੇ ਰਹਿਣ ਵਾਲੇ ਹਨ। ਦੋਵਾਂ ਨੇ ਫ਼ਰਜ਼ੀ ਈ.ਮੇਲ. ਆਈ.ਡੀ. ਬਣਾ ਕੇ ਇਹ ਧਮਕੀ ਦਿੱਤੀ ਸੀ। ਐਸ.ਟੀ.ਐਫ਼. ਮੁਤਾਬਕ



ਉਨ੍ਹਾਂ ਦਾ ਸਰਗਨਾ ਦੇਵੇਂਦਰ ਤਿਵਾੜੀ ਨਾਂ ਦਾ ਵਿਅਕਤੀ ਹੈ। ਉਸ ਦੇ ਨਿਰਦੇਸ਼ਾਂ ’ਤੇ ਦੋਵਾਂ ਨੇ ਇਹ ਕੰਮ ਕੀਤਾ। ਦੱਸਿਆ ਜਾ ਰਿਹਾ ਹੈ ਕਿ ਦੇਵੇਂਦਰ ਤਿਵਾਰੀ ਨੇ ਸਿਆਸੀ ਫ਼ਾਇਦੇ ਲਈ ਅਜਿਹਾ ਕੀਤਾ ਹੈ। ਐਸ.ਟੀ.ਐਫ਼. ਦੇ ਇੱਕ ਅਧਿਕਾਰੀ ਦਾ ਕਹਿਣਾ ਹੈ ਕਿ ਤਿਵਾਰੀ ਖ਼ਿਲਾਫ਼ ਲਖਨਊ ਵਿੱਚ ਪਹਿਲਾਂ ਹੀ ਕਈ ਮਾਮਲੇ ਦਰਜ ਹਨ। ਉਸਨੇ ਕਿਹਾ ਕਿ ਅਸੀਂ ਜਲਦੀ ਹੀ ਉਸਨੂੰ ਫ਼ੜ ਲਵਾਂਗੇ। ਇਸ ਪੂਰੇ ਮਾਮਲੇ ਪਿੱਛੇ ਉਸ ਦਾ ਹੱਥ ਹੈ। ਇਸ ਤੋਂ ਪਹਿਲਾਂ ਉਸ ਨੇ ਆਪਣੀ ਜਾਨ ਨੂੰ ਖਤਰੇ ਦਾ ਹਵਾਲਾ ਦਿੰਦੇ ਹੋਏ ਪੁਲਿਸ ਤੋਂ ਸੁਰੱਖਿਆ ਦੀ ਮੰਗ ਕੀਤੀ ਸੀ। ਜਿਸ ਤੋਂ ਬਾਅਦ ਉਸ ਨੂੰ ਇੱਕ ਗੰਨਮੈਨ ਵੀ ਦਿੱਤਾ ਗਿਆ ਸੀ। ਐਸ.ਟੀ.ਐਫ਼. ਨੇ ਕਿਹਾ ਕਿ ਪਿਛਲੇ ਸਾਲ 27 ਦਸੰਬਰ ਨੂੰ ਡੀ.ਜੀ.ਪੀ. ਹੈੱਡਕੁਆਰਟਰ ਨੇ ਐਸ.ਟੀ.ਐਫ਼. ਨੂੰ ਸੂਚਿਤ ਕੀਤਾ ਸੀ ਕਿ ਟਵਿੱਟਰ ਉੱਤੇ ਇੱਕ ਪੋਸਟ ਕੀਤੀ ਗਈ ਸੀ ਜਿਸ ਵਿੱਚ ਅੱਤਵਾਦੀ ਸੰਗਠਨ ਆਈ.ਐਸ.ਆਈ.ਐਸ. ਨਾਲ ਸਬੰਧਤ ਜ਼ੁਬੈਰ ਖਾਨ ਨਾਮਕ ਵਿਅਕਤੀ ਨੇ ਰਾਮ ਮੰਦਰ, ਯੋਗੀ ਆਦਿਤਿਆਨਾਥ ਅਤੇ ਅਮਿਤਾਭ ਯਸ਼ ਨੂੰ ਉਡਾਉਣ ਦੀ ਧਮਕੀ ਦਿੱਤੀ ਸੀ। ਖ਼ਬਰ ਮਿਲਣ ਤੋਂ ਬਾਅਦ ਐਸ.ਟੀ.ਐਫ਼. ਟੀਮ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਸੀ। ਐਸ.ਟੀ.ਐਫ਼. ਨੇ ਕਿਹਾ ਕਿ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਲਖਨਊ ਦੇ ਆਲਮਬਾਗ ਅਤੇ ਸੁਸ਼ਾਂਤ ਗੋਲਫ਼ ਸਿਟੀ ਥਾਣਿਆਂ ਵਿੱਚ ਦੋ ਕੇਸ ਦਰਜ ਹਨ। ਧਮਕੀਆਂ ਭੇਜਣ ਲਈ ਦੋ ਈਮੇਲ ਆਈ.ਡੀ. ਦੀ ਵਰਤੋਂ ਕੀਤੀ ਗਈ ਸੀ। (ਬਾਕੀ ਸਫ਼ਾ 31 ’ਤੇ)

# ਹਿੰਡਨਬਰਗ ਕੇਸ ’ਚ ਅਡਾਨੀ ਸਮੂਹ ਦੇ ਖ਼ਿਲਾਫ਼ ਜਾਂਚ ਦਾ ਮਾਮਲਾ

## ਸੁਪਰੀਮ ਕੋਰਟ ਵੱਲੋਂ ਐਸ.ਆਈ.ਟੀ.ਦੇ ਗਠਨ ਦੀ ਮੰਗ ਨੂੰ ਠੁਕਰਾਉਣ ਕਰਕੇ ਉੱਠੇ ਸਵਾਲ

ਸੁਪਰੀਮ ਕੋਰਟ ਨੇ ਹਿੰਡਨਬਰਗ ਮਾਮਲੇ ’ਚ ਅਡਾਨੀ ਸਮੂਹ ਦੇ ਖ਼ਿਲਾਫ਼ ਜਾਂਚ ਲਈ ਸੇਬੀ ’ਤੇ ਭਰੋਸਾ ਜਤਾਉਂਦਿਆਂ ਵਿਸ਼ੇਸ਼ ਜਾਂਚ ਦਲ (ਐਸ.ਆਈ. ਟੀ.) ਦੇ ਗਠਨ ਦੀ ਮੰਗ ਨੂੰ ਠੁਕਰਾ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਸੇਬੀ ਹੀ ਜਾਂਚ ਨੂੰ ਅੱਗੇ ਲੈ ਕੇ ਜਾਵੇਗੀ। ਇਹੀ ਨਹੀਂ, ਸੁਪਰੀਮ ਕੋਰਟ ਨੇ ਆਪਣੇ ਫ਼ੈਸਲੇ ’ਚ ਹਿੰਡਨਬਰਗ ਅਤੇ ਸੰਬੰਧਿਤ ਮੀਡੀਆ ਰਿਪੋਰਟਾਂ ਨੂੰ ਵੀ ਭਰੋਸੇਯੋਗ ਨਾ ਮੰਨਦੇ ਹੋਏ ਉਨ੍ਹਾਂ ਦੀ ਸਾਖ਼ ’ਤੇ ਹੀ ਸਵਾਲ ਖੜ੍ਹੇ ਕਰ ਦਿੱਤੇ ਹਨ। ਸੁਪਰੀਮ ਕੋਰਟ ਦੇ ਇਸ ਫ਼ੈਸਲੇ ’ਤੇ ਦੋ ਵਿਰੋਧੀ ਪਾਰਟੀਆਂ ਦੀ ਸਧੀ ਹੋਈ ਪ੍ਰਤੀਕਿਰਿਆ ਜ਼ਿਕਰਯੋਗ ਰਹੀ ਹੈ। ਕਾਂਗਰਸ ਨੇ ਕਿਹਾ ਹੈ ਕਿ ਸੁਪਰੀਮ ਕੋਰਟ ਨੇ ਇਹ ਫ਼ੈਸਲਾ ਦਿੰਦੇ ਹੋਏ ‘ਅਸਾਧਾਰਨ ਉਦਾਰਤਾ’ ਦਿਖਾਈ ਹੈ, ਜਦਕਿ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੇ ਕਿਹਾ ਕਿ ਇਹ ਫ਼ੈਸਲਾ ਦੇ ਕੇ ਨਿਆਂ ਪਾਲਿਕਾ ਨੇ ਆਪਣੇ ਮਾਣ-ਸਨਮਾਨ ’ਚ



ਵਾਧਾ ਨਹੀਂ ਕੀਤਾ। ਇਨ੍ਹਾਂ ਦੋਵਾਂ ਪਾਰਟੀਆਂ ਸਮੇਤ ਵਿਰੋਧੀ ਧਿਰ ਦੇ ਅਤੇ ਸਿਵਲ ਸੁਸਾਇਟੀ ਦੇ ਵੀ ਇਕ ਵੱਡੇ ਹਿੱਸੇ ’ਚ ਇਸ ਫ਼ੈਸਲੇ ਨੂੰ ਸਿਰ-ਅੱਖਾਂ ’ਤੇ ਲੈਣ ਦਾ ਚਾਅ ਦਿਖਾਈ ਨਹੀਂ ਦਿੱਤਾ।

# ਰਾਮਮੰਦਰ, ਹਿੰਦੂਤਵ ਤੋਂ ਅੱਗੇ ਵੀ ਹੈ ਭਾਜਪਾ ਦਾ ਦਾਅ

## ਚਾਰ ਸੌ ਲੋਕ ਸਭਾ ਸੀਟਾਂ ਜਿੱਤਣ ਦਾ ਦਾਅਵਾ ਕਰ ਰਹੀ ਹੈ ਭਾਜਪਾ

## ਭਾਜਪਾ ਦੇ ਨੈਰੇਟਿਵ ਦਾ ਬਦਲ ਨਹੀਂ ਸਿਰਜ ਸਕਿਆ ਇੰਡੀਆ ਗੱਠਜੋੜ

ਅਯੁੱਧਿਆ ’ਚ ਸ਼੍ਰੀ ਰਾਮ ਜਨਮ ਭੂਮੀ ਮੰਦਰ ’ਚ ਰਾਮ ਲੱਲਾ ਦੀ ਮੂਰਤੀ ਦੀ ਸਥਾਪਨਾ ਨੂੰ ਲੈ ਕੇ ਬਣੇ ਮਾਹੌਲ ਕਾਰਨ ਅਗਲੀਆਂ ਲੋਕ ਸਭਾ ਚੋਣਾਂ ਦੀਆਂ ਸੰਭਾਵਨਾਵਾਂ ’ਤੇ ਵਿਚਾਰ ਕੀਤਾ ਜਾ ਰਿਹਾ ਹੈ। ਉਹ ਲੋਕ ਜੋ ਮੰਦਰ ਦੇ ਪ੍ਰੋਗਰਾਮ ਦਾ ਸਿੱਧੇ ਤੌਰ ’ਤੇ ਵਿਰੋਧ ਨਹੀਂ ਕਰ ਰਹੇ ਹਨ ਪਰ ਇਸ ਦੀ ਸਿਆਸੀ ਵਰਤੋਂ ਅਤੇ ਪ੍ਰਭਾਵ ਨੂੰ ਲੈ ਕੇ ਚਿੰਤਤ ਹਨ, ਉਹ ਸੋਸ਼ਲ ਮੀਡੀਆ ’ਤੇ ਇਸ ਉਪਰ ਵਿਅੰਗ ਕਰ ਰਹੇ ਹਨ। ਉਹ ਲਿਖ ਰਹੇ ਹਨ ਕਿ ਗੁਜਰਾਤ ਵਿੱਚ ਫ਼ੌਕਸਕਾਨ ਦੀ ਫ਼ੈਕਟਰੀ ਲੱਗੇਗੀ, ਟਾਟਾ-ਏਅਰਬੱਸ ਦੀ ਫ਼ੈਕਟਰੀ ਗੁਜਰਾਤ ਵਿੱਚ ਲੱਗੇਗੀ, ਟੇਸਲਾ ਫ਼ੈਕਟਰੀ ਵੀ ਗੁਜਰਾਤ ਵਿੱਚ ਲੱਗੇਗੀ, ਬੁਲੇਟ ਟਰੇਨ ਗੁਜਰਾਤ ਵਿੱਚ ਚੱਲੇਗੀ ਅਤੇ ਉੱਤਰ ਪ੍ਰਦੇਸ਼ ਵਿੱਚ ਮੰਦਰ ਬਣੇਗਾ। ਇਨ੍ਹਾਂ ਵਿਅੰਗਮਈਆਂ ਰਾਹੀਂ ਇਹ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਪੂਰੇ ਉੱਤਰ ਭਾਰਤ ਵਿੱਚ ਹਿੰਦੂ ਧਰਮ ਨੂੰ ਉਜਾਗਰ ਕਰਕੇ ਭਗਵੀਂ ਤੇ ਫ਼ਿਰਕੂ ਰਾਜਨੀਤੀ ਕੀਤੀ ਜਾ ਰਹੀ ਹੈ, ਜਦੋਂ ਕਿ ਗੁਜਰਾਤ ਵਿੱਚ ਉਦਯੋਗਿਕ ਵਿਕਾਸ ਅਤੇ ਰੁਜ਼ਗਾਰ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਉੱਤਰ ਪ੍ਰਦੇਸ਼ ਅਤੇ ਹੋਰ ਹਿੰਦੀ ਪੱਟੀ



ਵਾਲੇ ਰਾਜਾਂ ਦੇ ਨੌਜਵਾਨਾਂ ਨੂੰ ਗੁਜਰਾਤ ਜਾ ਕੇ ਨੌਕਰੀਆਂ ਲੈਣੀਆਂ ਪੈ ਰਹੀਆਂ ਹਨ, ਕਿਉਂਕਿ ਮੋਦੀ ਦੀ ਸਰਕਾਰ ਉੱਤਰੀ ਭਾਰਤ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਾਲੇ ਉਦਯੋਗ ਨਹੀਂ ਲਗਾ ਰਹੀ ਹੈ। ਇੱਕ ਪੱਧਰ ’ਤੇ ਇਹ ਸੱਚ ਹੈ ਅਤੇ ਇਹ ਯਕੀਨੀ ਤੌਰ ’ਤੇ ਨੌਜਵਾਨਾਂ ਦੇ ਇੱਕ ਸਮੂਹ ਨੂੰ ਅਪੀਲ ਕਰੇਗਾ। ਪਰ ਕੀ ਇਹ ਵਿਆਪਕ ਹਿੰਦੂ ਸਮਾਜ ਨੂੰ ਪ੍ਰਭਾਵਿਤ ਕਰਨ ਦੇ ਯੋਗ ਹੋਵੇਗਾ? ਇਹ ਮੁਸ਼ਕਿਲ ਜਾਪਦਾ ਹੈ ਕਿਉਂਕਿ ਮੰਦਰਾਂ ਅਤੇ ਆਸਥਾ ਦਾ ਮੁੱਦਾ ਮੋਦੀ ਅਤੇ ਭਾਜਪਾ ਦੀ ਚੋਣ ਰਣਨੀਤੀ ਦਾ ਸਿਰਫ਼ ਇੱਕ ਪਹਿਲੂ ਹੈ। ਨਰਿੰਦਰ ਮੋਦੀ ਨੇ ਮੰਦਰ ਦੇ ਪ੍ਰੋਗਰਾਮ ਨੂੰ ਸਿਰਫ਼ ਹਿੰਦੂ ਧਰਮ ਅਤੇ ਮੰਦਰ ਦੇ ਮੁੱਦੇ ਤੱਕ ਸੀਮਤ ਨਹੀਂ ਰਹਿਣ ਦਿੱਤਾ। ਉਸਨੇ ਹਿੰਦੂ ਸਵੈਮਾਣ ਨੂੰ ਵਿਸ਼ਵਾਸ ਨਾਲ ਜੋੜਿਆ ਹੈ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ, ਰੁਜ਼ਗਾਰ ਦੇ ਮੌਕੇ ਅਤੇ ਸ਼ਹਿਰਾਂ ਦੇ ਸੁੰਦਰੀਕਰਨ ਨੂੰ ਵੀ ਸ਼ਾਮਲ ਕੀਤਾ ਹੈ। ਇਸ ਦੇ ਨਾਲ ਹੀ ਵਿਸ਼ਵਕਰਮਾ ਯੋਜਨਾ ਰਾਹੀਂ ਦਲਿਤਾਂ ਤੇ ਪਛੜੀਆਂ ਜਾਤੀਆਂ ਦੀ ਮਦਦ ਕਰਨ ਦਾ ਐਲਾਨ ਕਰਕੇ ਉਹਨਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਲਾਭਪਾਤਰੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਮੋਦੀ ਨੇ 30 ਦਸੰਬਰ ਨੂੰ ਅਯੁੱਧਿਆ ਵਿੱਚ ਰਾਮ ਲੱਲਾ ਦੇ ਪੁਰਬ ਤੋਂ ਪਹਿਲਾਂ ਆਪਣੀ ਅਯੁੱਧਿਆ ਫ਼ੇਰੀ ਦੌਰਾਨ ਆਪਣੀ (ਬਾਕੀ ਸਫ਼ਾ 31 ’ਤੇ)

# ਬਿਲਕਿਸ ਬਾਨੋ ਨਾਲ ਸਮੂਹਿਕ ਬਲਾਤਕਾਰ ਦੇ ਦੋਸ਼ੀ ਮੁੜ ਜਾਣਗੇ ਜੇਲ੍ਹ

## ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ ਦਾ ਫ਼ੈਸਲਾ ਕੀਤਾ ਰੱਦ

ਨਵੀਂ ਦਿੱਲੀ/ਏ.ਟੀ.ਨਿਊਜ਼: ਸੁਪਰੀਮ ਕੋਰਟ ਨੇ ਬੀਤੇ ਦਿਨੀਂ ਬਿਲਕਿਸ ਬਾਨੋ ਸਮੂਹਿਕ ਜਬਰ ਜਨਾਹ ਅਤੇ 2002 ਦੇ ਗੁਜਰਾਤ ਦੰਗਿਆਂ ਦੌਰਾਨ ਉਨ੍ਹਾਂ ਦੇ ਪਰਿਵਾਰ ਦੇ 7 ਮੈਂਬਰਾਂ ਦੀ ਹੱਤਿਆ ਦੇ 11 ਦੋਸ਼ੀਆਂ ਦੀ ਸਜ਼ਾ ਮੁਆਫ਼ੀ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਵੱਡਾ ਫ਼ੈਸਲਾ ਸੁਣਾਇਆ। ਸੁਪਰੀਮ ਕੋਰਟ ਨੇ 11 ਦੋਸ਼ੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੇ ਹੁਕਮ ਨੂੰ ਰੱਦ ਕਰ ਦਿੱਤਾ ਹੈ। 11 ਦੋਸ਼ੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਸੀ।

ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ ਦੇ ਫ਼ੈਸਲੇ ਨੂੰ ਪਲਟ ਦਿੱਤਾ

ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਅਦਾਲਤ ਨੇ ਸਾਰੇ ਦੋਸ਼ੀਆਂ ਨੂੰ ਦਿੱਤੀ ਗਈ ਮਾਫ਼ੀ ਨੂੰ ਰੱਦ ਕਰ ਦਿੱਤਾ। ਗੁਜਰਾਤ ਸਰਕਾਰ ਨੇ ਪਿਛਲੇ ਸਾਲ ਇਸ ਮਾਮਲੇ ਵਿੱਚ 11 ਦੋਸ਼ੀਆਂ ਨੂੰ ਰਿਹਾਅ ਕੀਤਾ ਸੀ। ਅਦਾਲਤ ਦੇ ਫ਼ੈਸਲੇ ਤੋਂ ਬਾਅਦ ਹੁਣ ਸਾਰੇ 11 ਦੋਸ਼ੀਆਂ ਨੂੰ ਵਾਪਸ ਜੇਲ੍ਹ ਜਾਣਾ ਪਵੇਗਾ। ਜਸਟਿਸ ਬੀ. ਜਸਟਿਸ ਵੀ. ਨਾਗਰਥਨਾ ਅਤੇ ਜਸਟਿਸ ਉੱਜਵਲ ਭੂਯਨ ਦੀ ਬੈਂਚ ਨੇ 11 ਦਿਨਾਂ ਦੀ ਸੁਣਵਾਈ ਤੋਂ



ਬਾਅਦ ਦੋਸ਼ੀਆਂ ਦੀ ਸਜ਼ਾ ਮਾਫ਼ੀ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਪਿਛਲੇ ਸਾਲ 12 ਅਕਤੂਬਰ ਨੂੰ ਆਪਣਾ ਫ਼ੈਸਲਾ ਸੁਰੱਖਿਅਤ ਰੱਖ ਲਿਆ ਸੀ। ਫ਼ੈਸਲਾ ਸੁਰੱਖਿਅਤ ਰੱਖਦਿਆਂ ਸੁਪਰੀਮ ਕੋਰਟ ਨੇ ਕੇਂਦਰ ਅਤੇ ਗੁਜਰਾਤ ਸਰਕਾਰਾਂ ਨੂੰ 16 ਅਕਤੂਬਰ ਤੱਕ 11 ਦੋਸ਼ੀਆਂ ਦੀ ਸਜ਼ਾ ਮਾਫ਼ ਕਰਨ ਸਬੰਧੀ ਅਸਲ ਰਿਕਾਰਡ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਸਨ। ਅਦਾਲਤ ਨੇ ਪਿਛਲੇ ਸਾਲ ਸਤੰਬਰ ਵਿੱਚ ਮਾਮਲੇ ਦੀ ਸੁਣਵਾਈ ਕਰਦਿਆਂ ਪੁੱਛਿਆ ਸੀ ਕਿ ਕੀ ਦੋਸ਼ੀਆਂ ਨੂੰ ਮਾਫ਼ੀ ਮੰਗਣ ਦਾ ਮੌਲਿਕ ਅਧਿਕਾਰ ਹੈ।

### ਸੁਪਰੀਮ ਕੋਰਟ ਦੀ ਗੁਜਰਾਤ ਸਰਕਾਰ ਬਾਰੇ ਟਿੱਪਣੀ

ਸੁਪਰੀਮ ਕੋਰਟ ਨੇ ਇਸ ਤੋਂ ਪਹਿਲਾਂ ਦੀ ਸੁਣਵਾਈ ਦੌਰਾਨ ਗੁਜਰਾਤ ਸਰਕਾਰ ਨੂੰ ਕਿਹਾ ਸੀ ਕਿ ਰਾਜ ਸਰਕਾਰਾਂ ਨੂੰ ਦੋਸ਼ੀਆਂ ਨੂੰ ਮਾਫ਼ੀ ਦੇਣ ਲਈ 'ਚੋਣਵੀਂ ਪਹੁੰਚ' ਨਹੀਂ ਅਪਣਾਉਣੀ ਚਾਹੀਦੀ ਅਤੇ ਹਰ ਕੈਦੀ ਨੂੰ ਸਮਾਜ ਨਾਲ ਸੁਧਾਰ ਕਰਨ ਅਤੇ ਮੁੜ ਜੁੜਨ ਦਾ ਮੌਕਾ ਦੇਣਾ ਚਾਹੀਦਾ ਹੈ।

ਇਸ ਮਾਮਲੇ ਵਿੱਚ, ਬਿਲਕਿਸ ਦੀ ਪਟੀਸ਼ਨ ਦੇ ਨਾਲ, ਭਾਰਤੀ ਕਮਿਊਨਿਸਟ ਪਾਰਟੀ-ਮਾਰਕਸਵਾਦੀ (ਸੀਪੀਆਈ-ਐਮ) ਦੀ ਨੇਤਾ ਸੁਭਾਸ਼ਿਨੀ ਅਲੀ, ਸੁਤੰਤਰ ਪੱਤਰਕਾਰ ਰੇਵਤੀ ਲਾਲ ਅਤੇ ਲਖਨਊ ਯੂਨੀਵਰਸਿਟੀ ਦੀ ਸਾਬਕਾ ਉਪ ਕੁਲਪਤੀ ਰੂਪਰੇਖਾ ਵਰਮਾ ਅਤੇ ਹੋਰਾਂ ਨੇ ਸਜ਼ਾ ਵਿੱਚ ਢਿੱਲ ਨੂੰ ਚੁਣੌਤੀ ਦੇਣ ਵਾਲੀਆਂ ਜਨਹਿੱਤ ਪਟੀਸ਼ਨਾਂ ਦਾਇਰ ਕੀਤੀਆਂ ਹਨ। ਤ੍ਰਿਣਮੂਲ ਕਾਂਗਰਸ ਨੇਤਾ ਮਹੂਆ ਮੋਇਤਰਾ ਨੇ ਵੀ ਸਜ਼ਾ ਮਾਫ਼ੀ ਅਤੇ ਦੋਸ਼ੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੇ ਖਿਲਾਫ਼ ਜਨਹਿੱਤ ਪਟੀਸ਼ਨ ਦਾਇਰ ਕੀਤੀ ਸੀ।

### ਕੀ ਹੈ ਪੂਰਾ ਮਾਮਲਾ ?



ਬਿਲਕਿਸ ਬਾਨੋ ਦੀ ਉਮਰ 21 ਸਾਲ ਅਤੇ ਪੰਜ ਮਹੀਨੇ ਦੀ ਗਰਭਵਤੀ ਸੀ ਜਦੋਂ ਉਸ ਨਾਲ ਫ਼ਿਰਕੂ ਦੰਗਿਆਂ ਦੌਰਾਨ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ। ਦੰਗਿਆਂ ਦੌਰਾਨ ਮਾਰੇ ਗਏ ਪਰਿਵਾਰ ਦੇ ਸੱਤ ਮੈਂਬਰਾਂ ਵਿੱਚ ਉਸਦੀ ਤਿੰਨ ਸਾਲ ਦੀ ਧੀ ਵੀ ਸ਼ਾਮਲ ਸੀ। ਪਿਛਲੇ ਸਾਲ 15 ਅਗਸਤ ਨੂੰ ਸਾਰੇ 11 ਦੋਸ਼ੀਆਂ ਦੀ ਸਜ਼ਾ ਮੁਆਫ਼ੀ ਅਤੇ ਰਿਹਾਅ ਹੋਣ ਤੋਂ ਤੁਰੰਤ ਬਾਅਦ, ਸਮਾਜਿਕ ਕਾਰਕੁਨਾਂ ਅਤੇ ਸਿਆਸਤਦਾਨਾਂ ਨੇ ਸੁਪਰੀਮ ਕੋਰਟ ਵਿੱਚ ਕਈ ਪਟੀਸ਼ਨਾਂ ਦਾਇਰ ਕੀਤੀਆਂ ਸਨ। ਬਿਲਕਿਸ ਨੇ ਨਵੰਬਰ 'ਚ ਸੁਪਰੀਮ ਕੋਰਟ ਦਾ ਰੁਖ ਕੀਤਾ ਸੀ।

ਦੋਸ਼ੀਆਂ ਨੇ ਅਦਾਲਤ 'ਚ ਕਿਹਾ ਸੀ ਕਿ ਉਹ ਪਹਿਲਾਂ ਹੀ ਕਾਫ਼ੀ ਦੁੱਖ ਝੱਲ ਚੁੱਕੇ ਹਨ ਅਤੇ 14 ਸਾਲ ਤੋਂ ਜ਼ਿਆਦਾ ਸਮਾਂ ਜੇਲ੍ਹ 'ਚ ਕੱਟ ਚੁੱਕੇ ਹਨ। ਦੋਸ਼ੀਆਂ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਆਪਣੇ ਪਰਿਵਾਰਕ ਮੈਂਬਰਾਂ ਨਾਲ ਦੁਬਾਰਾ ਮਿਲਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਉਸ ਦੀ ਅਜ਼ਾਦੀ ਨੂੰ ਨਾ ਖੋਹਣ ਦੀ ਅਪੀਲ ਕਰਦਿਆਂ ਉਸ ਨੇ ਕਿਹਾ ਸੀ ਕਿ ਅਦਾਲਤ ਨੂੰ ਸੁਧਾਰਾਤਮਕ ਪਹੁੰਚ ਅਪਣਾਉਣੀ ਚਾਹੀਦੀ ਹੈ ਅਤੇ ਉਸ ਨੂੰ ਆਪਣੇ ਆਪ ਨੂੰ ਸੁਧਾਰਨ ਦਾ ਮੌਕਾ ਦੇਣਾ ਚਾਹੀਦਾ ਹੈ।

## ਗਣਤੰਤਰ ਦਿਵਸ ਪਰੇਡ

# ਪੰਜਾਬ ਦੀ ਝਾਕੀ ਨਾ ਹੋਣ 'ਤੇ ਛਿੜੀ ਸਿਆਸੀ ਜੰਗ

## ਮੁੱਖ ਮੰਤਰੀ ਮਾਨ ਵੱਲੋਂ ਕੇਂਦਰ ਦੇ ਫ਼ੈਸਲੇ ਦੀ ਨਿਖੇਧੀ, ਜਾਖੜ ਨੇ ਮੁੱਖ ਮੰਤਰੀ ਦੇ ਦੋਸ਼ਾਂ ਦਾ ਦਿੱਤਾ ਜਵਾਬ

ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਗਣਤੰਤਰ ਦਿਵਸ ਪਰੇਡ ਵਿਚੋਂ ਪੰਜਾਬ ਦੀ ਝਾਕੀ ਨੂੰ ਬਾਹਰ ਕਰਨ ਦੇ ਫ਼ੈਸਲੇ ਨਾਲ ਪੰਜਾਬ 'ਚ ਸਿਆਸੀ ਜੰਗ ਸ਼ੁਰੂ ਹੋ ਗਈ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਵੱਲੋਂ ਗਣਤੰਤਰ ਦਿਵਸ ਦੀ ਪਰੇਡ ਵਿੱਚ ਪੰਜਾਬ ਦੀ ਝਾਕੀ ਸ਼ਾਮਲ ਨਾਲ ਕੀਤੇ ਜਾਣ ਨੂੰ ਪੰਜਾਬ ਨਾਲ ਧੱਕਾ ਤੇ ਸਾਜਿਸ਼ ਕਿਹਾ ਹੈ। ਦੂਜੇ ਪਾਸੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਦੇ ਮੁੱਖ ਮੰਤਰੀ ਦੀ ਸ਼ਬਦਾਵਲੀ 'ਤੇ ਇਤਰਾਜ਼ ਜਤਾਇਆ ਹੈ। ਤੀਜੇ ਪਾਸੇ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਮਾਮਲੇ ਵਿੱਚ ਪ੍ਰਧਾਨ ਮੰਤਰੀ ਮੋਦੀ ਨੂੰ ਦਖ਼ਲ ਦੇਣ ਲਈ ਕਿਹਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਨੇ ਐਂਤਕੀ ਤਿੰਨ ਵਿਸ਼ੇ 'ਪੰਜਾਬ - ਸ਼ਹੀਦਾਂ ਅਤੇ ਕੁਰਬਾਨੀਆਂ ਦੀ ਗਾਥਾ, ਨਾਰੀ ਸ਼ਕਤੀ ( ਮਾਈ ਭਾਗੋ -ਪਹਿਲੀ ਮਹਾਨ ਸਿੱਖ ਜੰਗਜੂ ਬੀਬੀ) ਅਤੇ ਪੰਜਾਬ ਦੇ ਅਮੀਰ ਸੱਭਿਆਚਾਰ ਦੀ ਪੇਸ਼ਕਾਰੀ ਵਿਸ਼ਿਆਂ ਨੂੰ ਝਾਕੀਆਂ ਲਈ ਭੇਜਿਆ ਸੀ। ਮਨਜ਼ੂਰੀ ਲਈ ਇਹ ਵਿਸ਼ੇ ਸਮੇਂ ਸਿਰ ਕੇਂਦਰ ਸਰਕਾਰ ਕੋਲ ਭੇਜ ਦਿੱਤੇ ਸਨ। ਕੇਂਦਰ ਸਰਕਾਰ ਨੇ ਇਹਨਾਂ ਵਿਸ਼ਿਆਂ ਨੂੰ ਰੱਦ ਕਰਕੇ ਸੂਬੇ ਦੇ ਯੋਗਦਾਨ ਨੂੰ ਨਜ਼ਰ ਅੰਦਾਜ ਕੀਤਾ ਹੈ। ਇਸੇ ਦੌਰਾਨ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਸਾਲ 2007 ਤੋਂ ਲੈ ਕੇ ਹੁਣ ਤਕ 9 ਵਾਰ ਗਣਤੰਤਰ ਦਿਵਸ ਪਰੇਡ ਵਿੱਚ ਪੰਜਾਬ ਦੀ ਝਾਕੀ ਸ਼ਾਮਲ ਨਹੀਂ ਕੀਤੀ ਗਈ। ਉਹਨਾਂ ਕਿਹਾ ਕਿ ਇਸ ਵਾਰ ਪੰਜਾਬ ਦੀ ਝਾਕੀ ਤੇ ਭਗਵੰਤ ਮਾਨ ਅਤੇ ਕੇਜਰੀਵਾਲ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ, ਜਿਸ ਕਾਰਨ ਪੰਜਾਬ ਦੀ ਝਾਕੀ ਗਣਤੰਤਰ ਦਿਵਸ ਪਰੇਡ ਤੋਂ ਬਾਹਰ ਹੋਈ ਹੈ। ਉਹਨਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਝਾਕੀ 'ਤੇ



ਸਿਆਸਤ ਕਰ ਰਹੇ ਹਨ। ਪੰਜਾਬ ਦੀ ਝਾਕੀ ਗਣਤੰਤਰ ਦਿਵਸ ਪਰੇਡ ਤੋਂ ਬਾਹਰ ਹੋਣ ਕਾਰਨ ਸਿਆਸੀ ਆਗੂਆਂ ਵੱਲੋਂ ਇੱਕ ਦੂਜੇ 'ਤੇ ਦੋਸ਼ ਤੇ ਪ੍ਰਤੀਦੋਸ਼ ਲਗਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਸਿਆਸੀ ਮਾਹਿਰ ਕਹਿ ਰਹੇ ਹਨ ਕਿ ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਅਤੇ ਰਾਸ਼ਟਰੀ ਸਿਆਸਤ ਵਿੱਚ ਨਿਘਾਰ ਆਇਆ ਹੈ ਅਤੇ ਹਰ ਮੁੱਦੇ 'ਤੇ ਹੀ ਸਿਆਸਤ ਹੋਣ ਲੱਗ ਪਈ ਹੈ, ਜਿਸ ਨੂੰ ਸਿਆਸਤ ਵਿੱਚ ਆਇਆ ਬਦਲਾਓ ਵੀ ਕਿਹਾ ਜਾ ਰਿਹਾ ਹੈ। ਕਈ ਵਾਰ ਸਿਆਸੀ ਪਾਰਟੀਆਂ ਖਾਸ ਕਰਕੇ ਸੂਬਿਆਂ ਜਾਂ ਕੇਂਦਰ ਵਿੱਚ ਸੱਤਾਧਾਰੀ ਪਾਰਟੀਆਂ ਵੱਲੋਂ ਅਜਿਹੇ ਫ਼ੈਸਲੇ ਕੀਤੇ ਜਾ ਰਹੇ ਹਨ, ਜਿਸ ਨੂੰ ਲੋਕਤੰਤਰੀ ਕਦਰਾਂ ਕੀਮਤਾਂ ਅਨੁਸਾਰ ਸਹੀ ਨਹੀਂ ਕਿਹਾ ਜਾ ਸਕਦਾ। ਇਸ ਤਰਾਂ ਭਾਰਤ ਵਿੱਚ ਲੋਕਤੰਤਰ ਦਾ ਇੱਕ ਵੱਖਰਾ ਹੀ ਰੂਪ ਵੇਖਣ ਨੂੰ ਮਿਲ ਰਿਹਾ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਗਣਤੰਤਰ ਦਿਵਸ ਪਰੇਡ ਵਿਚੋਂ ਪੰਜਾਬ ਦੀ ਝਾਕੀ ਨੂੰ ਬਾਹਰ ਕਰਨ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦਿਤਾ ਗਿਆ ਪ੍ਰਤੀਕਰਮ ਮਾਇਨੇ ਰੱਖਦਾ ਹੈ ਅਤੇ ਪੰਜਾਬ ਦੀਆਂ ਕਈ ਧਿਰਾਂ ਨੇ ਮੁੱਖ ਮੰਤਰੀ ਦੇ ਪ੍ਰਤੀਕਰਮ ਦਾ ਸਮਰਥਣ ਵੀ ਕੀਤਾ ਹੈ। ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਸੰਵਿਧਾਨਿਕ ਅਹੁਦੇ 'ਤੇ ਬੈਠੇ ਹਨ। ਦੂਜੇ ਪਾਸੇ ਪੰਜਾਬ ਦੀ ਝਾਕੀ ਸਬੰਧੀ ਹੋਰਨਾਂ ਸਿਆਸੀ ਆਗੂਆਂ ਵੱਲੋਂ ਸਿਆਸਤ ਕਰਨੀ ਸ਼ੁਰੂ ਕਰ ਦਿੱਤੀ ਹੈ। ਜਿਸ ਕਾਰਨ ਪੰਜਾਬ ਦੇ ਸਿਆਸੀ ਸਮੀਕਰਨ ਬਦਲਣ ਦੇ ਆਸਾਰ ਬਣਦੇ ਜਾ ਰਹੇ ਹਨ। ਇਸੇ ਦੌਰਾਨ ਕੇਂਦਰੀ ਰੱਖਿਆ ਮੰਤਰਾਲੇ ਵੱਲੋਂ ਪੰਜਾਬ ਦੀ ਝਾਕੀ ਲਈ ਪੇਸ਼ ਕੀਤੇ ਗਏ ਨਵੇਂ ਪ੍ਰਸਤਾਵ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਰੱਦ ਕਰ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਦੀ 'ਨਾ-ਮਨਜ਼ੂਰ ਸ਼੍ਰੇਣੀ' ਵਿੱਚ ਸੂਬਾ ਸਰਕਾਰ ਪੰਜਾਬ ਦੀ ਝਾਕੀ ਨਹੀਂ ਭੇਜੇਗੀ। ਪੰਜਾਬ ਅਤੇ ਪੱਛਮੀ ਬੰਗਾਲ ਦੀ ਝਾਕੀ ਨੂੰ ਗਣਤੰਤਰ ਦਿਵਸ ਸਬੰਧੀ ਕੌਮੀ ਪਰੇਡ 'ਚੋਂ ਬਾਹਰ ਕੀਤੇ ਜਾਣ ਮਗਰੋਂ ਸਿਆਸਤ ਭਖ ਗਈ ਹੈ ਜਿਸ ਦਾ ਅਸਰ ਕੌਮੀ ਪੱਧਰ 'ਤੇ ਵੀ ਦੇਖਣ ਨੂੰ ਮਿਲਿਆ ਹੈ। ਆਖ਼ਰਕਾਰ ਰੱਖਿਆ ਮੰਤਰਾਲੇ ਨੂੰ ਇਸ ਸਬੰਧੀ ਆਪਣਾ ਸਪੱਸ਼ਟੀਕਰਨ ਦੇਣਾ ਪਿਆ ਹੈ।ਰੱਖਿਆ ਮੰਤਰਾਲੇ ਨੇ ਕਿਹਾ ਹੈ ਕਿ ਪੰਜਾਬ ਦੀ ਇਸ ਸਾਲ ਦੀ ਝਾਕੀ ਥੀਮ ਦੇ ਅਨੁਕੂਲ ਨਾ ਹੋਣ ਕਰ ਕੇ ਤੀਸਰੇ ਗੇੜ ਤੋਂ ਅਗਾਂਹ ਨਹੀਂ ਜਾ ਸਕੀ। ਮੰਤਰਾਲੇ ਦਾ ਕਹਿਣਾ ਹੈ ਕਿ ਵਿਸ਼ਾ ਮਾਹਿਰਾਂ ਵੱਲੋਂ ਝਾਕੀ ਦੀ ਤਕਨੀਕੀ ਨਜ਼ਰੀਏ ਤੋਂ ਘੋਖ ਕੀਤੀ ਜਾਂਦੀ ਹੈ।

(ਬਾਕੀ ਸਫ਼ਾ 30 'ਤੇ)



### ਪੰਜਾਬ ਦੇ ਹਰ ਗਲੀ-ਮੁਹੱਲੇ 'ਚ ਜਾਵੇਗੀ ਗਣਤੰਤਰ ਦਿਵਸ ਪਰੇਡ 'ਚੋਂ ਕੱਢੀ ਝਾਕੀ : ਮਾਨ

#### ਮੁੱਢਲੇ ਪੜਾਅ 'ਚ 9 ਝਾਕੀਆਂ ਅਤੇ ਆਡੀਓ ਤਿਆਰ

ਚੰਡੀਗੜ੍ਹ/ ਏ.ਟੀ.ਨਿਊਜ਼ : ਕੇਂਦਰ ਸਰਕਾਰ ਵੱਲੋਂ ਗਣਤੰਤਰ ਦਿਵਸ ਪਰੇਡ 'ਚੋਂ ਆਊਟ ਕੀਤੀ ਪੰਜਾਬ ਦੀ ਝਾਕੀ ਆਗਾਮੀ ਲੋਕ ਸਭਾ ਚੋਣਾਂ ਤੱਕ ਸੂਬੇ ਦੇ ਹਰ ਗਲੀ-ਮੁਹੱਲੇ ਵਿੱਚ ਜਾਵੇਗੀ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ 26 ਜਨਵਰੀ ਤੋਂ ਕੇਂਦਰੀ ਵਿਤਕਰੇ ਦੀ ਮੂੰਹ ਬੋਲਦੀ ਤਸਵੀਰ ਸੂਬੇ ਦੇ ਲੋਕਾਂ ਦੇ ਸਨਮੁੱਖ ਰੱਖੀ ਜਾਵੇਗੀ। ਮੁੱਢਲੇ ਪੜਾਅ 'ਤੇ 9 ਝਾਕੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ ਅਤੇ 26 ਜਨਵਰੀ ਤੋਂ ਮਗਰੋਂ ਇਨ੍ਹਾਂ ਦੀ ਗਿਣਤੀ 'ਚ ਲਗਾਤਾਰ ਇਜ਼ਾਫਾ ਹੋਵੇਗਾ।

ਵੇਰਵਿਆਂ ਅਨੁਸਾਰ 'ਆਪ' ਸਰਕਾਰ ਨੇ ਬਕਾਇਦਾ ਟਰੈਕਟਰ ਤਿਆਰ ਕੀਤੇ ਹਨ ਜਿਨ੍ਹਾਂ 'ਤੇ ਝਾਕੀ ਸਜਾਈ ਜਾਵੇਗੀ। ਪੰਜਾਬ ਦੇ ਹਰ ਵਿਧਾਨ ਸਭਾ ਹਲਕੇ ਦੇ ਹਰ ਪਿੰਡ ਤੱਕ ਇਹ ਝਾਕੀ ਲਿਜਾਈ ਜਾਣੀ ਹੈ। ਇੱਕ ਅਹਿਮ ਅਧਿਕਾਰੀ ਨੇ ਦੱਸਿਆ ਕਿ ਝਾਕੀ ਪਿੰਡਾਂ ਵਿੱਚ ਲਿਜਾਣ ਦਾ ਇੱਕੋ ਮਕਸਦ ਹੈ ਕਿ ਪੰਜਾਬੀਆਂ ਨੂੰ ਦੱਸਿਆ ਜਾ ਸਕੇ ਕਿ ਕੇਂਦਰ ਸਰਕਾਰ ਨੇ ਆਜ਼ਾਦੀ ਲਈ ਜਾਨਾਂ ਵਾਰਨ ਵਾਲਿਆਂ ਨੂੰ ਸ਼ਹੀਦ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਸਰਕਾਰ ਨਾਲੋਂ ਨਾਲ ਆਡੀਓ ਵੀ ਤਿਆਰ ਕਰ ਰਹੀ ਹੈ। ਹਰ ਪਿੰਡ ਵਿੱਚ ਝਾਕੀ ਦਾ 10 ਤੋਂ 15 ਮਿੰਟ ਦਾ ਠਹਿਰਾਓ ਹੋਵੇਗਾ।

ਮੁੱਖ ਮੰਤਰੀ ਨੇ 27 ਦਸੰਬਰ ਨੂੰ ਕਿਹਾ ਸੀ ਕਿ ਭਾਰਤ ਸਰਕਾਰ ਨੇ ਪੰਜਾਬ ਦੀ ਝਾਕੀ ਨੂੰ ਕੌਮੀ ਪਰੇਡ 'ਚੋਂ ਬਾਹਰ ਕਰ ਦਿੱਤਾ ਹੈ। ਉਸ ਮਗਰੋਂ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਤਰਕ ਦਿੱਤਾ ਸੀ ਕਿ ਝਾਕੀ 'ਤੇ ਭਗਵੰਤ ਮਾਨ ਅਤੇ

(ਬਾਕੀ ਸਫ਼ਾ 31 'ਤੇ)

## ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਇਕੱਤਰਤਾ 'ਚ ਲਏ ਕਈ ਅਹਿਮ ਫ਼ੈਸਲੇ

# ਗੁਰੂ ਘਰਾਂ ’ਚ ਸਿਰੋਪਾਓ ਦੀ ਵਰਤੋਂ ਸਬੰਧੀ ਸਿਧਾਂਤਕ ਮਤਾ ਪਾਸ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿੱਚ ਗੁਰਦੁਆਰਾ ਸਾਹਿਬਾਨ ਅੰਦਰ ਸਿਰੋਪਾਓ ਦੇਣ ਦੀ ਰਵਾਇਤ ਨੂੰ ਬੰਦ ਕਰਦਿਆਂ ਇਸ ਤੋਂ ਹੋਣ ਵਾਲੀ ਵਿੱਤੀ ਬੱਚਤ ਨੂੰ ਕੌਮ ਦੀ ਨੌਜਵਾਨੀ ਦੇ ਅਕਾਦਮਿਕ ਵਿਕਾਸ ਲਈ ਵਰਤਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਫ਼ੈਸਲੇ ਤਹਿਤ ਸਿਰੋਪਾਓ ਦੇਣ ਦੀ ਆਮ ਵਰਤੋਂ ’ਤੇ ਪਾਬੰਦੀ ਲਾਉਂਦਿਆਂ ਕੇਵਲ ਧਾਰਮਿਕ ਸ਼ਖ਼ਸੀਅਤਾਂ, ਨਗਰ ਕੀਰਤਨਾਂ ਦੌਰਾਨ ਪੰਜ ਪਿਆਰਿਆਂ,



ਰਾਗੀ ਅਤੇ ਧਰਮ ਪ੍ਰਚਾਰਕਾਂ ਤੱਕ ਹੀ ਸੀਮਤ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਕਈ ਹੋਰ ਅਹਿਮ ਫ਼ੈਸਲਿਆਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਐਡਵੋਕੇਟ ਧਾਮੀ ਨੇ ਦੱਸਿਆ ਕਿ ਭਾਈ ਬੇਅੰਤ ਸਿੰਘ ਦੀ ਨੂੰਹ ਬੀਬੀ ਸੰਦੀਪ ਕੌਰ ਨੂੰ ਸ਼੍ਰੋਮਣੀ ਕਮੇਟੀ ਵਿੱਚ ਨੌਕਰੀ ਦੇਣ ਦਾ ਵੀ ਫ਼ੈਸਲਾ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਅੱਗੇ ਦੱਸਿਆ ਕਿ ਬੀਤੇ ਸਮੇਂ ਸੁਲਤਾਨਪੁਰ ਲੋਧੀ ਵਿਖੇ ਗੁਰਦੁਆਰਾ ਅਕਾਲ ਬੁੰਗਾ ਛਾਉਣੀ ਨਿਹੰਗ ਸਿੰਘਾਂ ’ਤੇ ਪੁਲਿਸ ਵੱਲੋਂ ਤਾਬੜ-ਤੋੜ ਗੋਲੀਆਂ ਚਲਾਉਣ ਅਤੇ ਜੁੱਤੀਆਂ ਸਮੇਤ ਗੁਰਦੁਆਰਾ ਸਾਹਿਬ ਵਿੱਚ ਦਾਖ਼ਲ ਹੋ ਕੇ ਕੀਤੀ ਮਰਿਆਦਾ ਦੀ ਉਲੰਘਣਾ ਦੀ ਜਾਂਚ ਲਈ ਗਠਿਤ ਕੀਤੀ ਕਮੇਟੀ ਨੇ ਵੀ ਆਪਣੀ ਰਿਪੋਰਟ ਸੌਂਪ ਦਿੱਤੀ ਹੈ, ਜਿਸ ਨੂੰ ਅੰਤ੍ਰਿੰਗ ਕਮੇਟੀ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਪਾਸ ਭੇਜ ਦਿੱਤੀ ਹੈ। ਰਿਪੋਰਟ ਦੇ ਸੰਖੇਪ ਵੇਰਵੇ ਦਿੰਦਿਆਂ ਉਨ੍ਹਾਂ ਕਿਹਾ ਕਿ ਪੁਲਿਸ ਵੱਲੋਂ ਗੁਰਦੁਆਰਾ ਸਾਹਿਬ ’ਤੇ ਇਕ ਹਜ਼ਾਰ ਤੋਂ ਵੱਧ ਗੋਲੀਆਂ ਚਲਾਈਆਂ ਗਈਆਂ ਸਾਹਮਣੇ ਆਈਆਂ ਹਨ। ਜਾਂਚ ਕਮੇਟੀ ਨੇ ਵੱਖ-ਵੱਖ ਲੋਕਾਂ ਦੇ ਬਿਆਨ ਦਰਜ ਕੀਤੇ ਹਨ, ਜਿਨ੍ਹਾਂ ਵਿੱਚ ਨਿਹੰਗ ਜਥੇਬੰਦੀਆਂ ਦੇ ਮੁਖੀ ਵੀ ਸ਼ਾਮਲ ਹਨ ਪਰ ਸਰਕਾਰ ਦੇ ਅਧਿਕਾਰੀ ਬਿਆਨ ਦੇਣ ਤੋਂ ਮੁਨਕਰ ਰਹੇ ਹਨ। ਡਿਪਟੀ ਕਮਿਸ਼ਨਰ ਨੇ ਜਾਂਚ ਕਮੇਟੀ ਨੂੰ ਬਿਆਨ ਦੇਣ ਤੋਂ ਕੋਰੀ ਨਾਂਹ ਕੀਤੀ ਹੈ, ਜਦਕਿ ਐੱਸ.ਐੱਸ.ਪੀ. ਨੇ ਕਈ ਪੱਤਰ ਅਤੇ ਮਿਲਣੀਆਂ ਲਈ ਜਾਣ ’ਤੇ ਵੀ ਹੁੰਗਾਰਾ ਨਹੀਂ ਭਰਿਆ। ਉਨ੍ਹਾਂ ਕਿਹਾ ਕਿ ਫ਼ੈਸਲੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਰਿਪੋਰਟ ਭੇਜ ਦਿੱਤੀ ਗਈ ਹੈ।

# ਸੁਲਤਾਨਪੁਰ ਦੇ ਗੁਰਦੁਆਰੇ ’ਚ ਗੋਲੀਬਾਰੀ ਦੀ ਘਟਨਾ ਲਈ ਭਗਵੰਤ ਮਾਨ ਜ਼ਿੰਮੇਵਾਰ: ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਸੁਲਤਾਨਪੁਰ ਲੋਧੀ ਸਥਿਤ ਗੁਰਦੁਆਰਾ ਸ੍ਰੀ ਅਕਾਲ ਬੁੰਗਾ ’ਚ ਪਿਛਲੇ ਦਿਨੀਂ ਗੋਲੀ ਚਲਾਉਣ ਅਤੇ ਮਰਿਆਦਾ ਦੇ ਨਿਰਾਦਰ ਦੀ ਘਟਨਾ ਲਈ ਸ਼੍ਰੋਮਣੀ ਕਮੇਟੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਵੱਲੋਂ ਗਠਿਤ ਕੀਤੀ ਜਾਂਚ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਕੀਤਾ ਹੈ। ਜਾਂਚ ਰਿਪੋਰਟ ਨੂੰ ਇੱਥੇ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਜਨਤਕ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਕੋਲ ਗ੍ਰਹਿ ਵਿਭਾਗ ਵੀ ਹੈ ਅਤੇ ਜਾਂਚ ਰਿਪੋਰਟ ਵਿੱਚ ਇਸ ਮਾਮਲੇ ਦੇ ਉਹ ਮੁੱਖ ਦੋਸ਼ੀ ਬਣਦੇ ਹਨ।



ਉਨ੍ਹਾਂ ਜਾਂਚ ਰਿਪੋਰਟ ਜਨਤਕ ਕਰਦਿਆਂ ਕਿਹਾ ਕਿ 23 ਨਵੰਬਰ ਨੂੰ ਸੁਲਤਾਨਪੁਰ ਲੋਧੀ ਦੇ ਗੁਰਦੁਆਰੇ ਦੀ ਘਟਨਾ ਦੀ ਜਾਂਚ ਬਾਰੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਕੀਤੇ ਗਏ ਸਨ। ਇਸ ਅਨੁਸਾਰ ਪੰਜ ਮੈਂਬਰੀ ਜਾਂਚ ਕਮੇਟੀ ਬਣਾਈ ਗਈ ਸੀ, ਜਿਸ ਨੇ ਆਪਣੀ ਰਿਪੋਰਟ ਦੇ ਦਿੱਤੀ ਹੈ। ਕਮੇਟੀ ਨੇ ਜਾਂਚ ਦੌਰਾਨ ਚਸ਼ਮਦੀਦ ਗਵਾਹਾਂ, ਨਿਹੰਗ ਜਥੇਬੰਦੀਆਂ ਦੇ ਮੁਖੀਆਂ, ਮੀਡੀਆ ਕਰਮੀਆਂ, ਗੁਰਦੁਆਰੇ ਦੇ ਸੇਵਾਦਾਰਾਂ ਅਤੇ ਪ੍ਰਤੱਖ ਦਰਸ਼ੀਆਂ ਦੇ ਬਿਆਨ ਕਲਮਬੰਦ ਕੀਤੇ ਹਨ। ਉਨ੍ਹਾਂ ਕਿਹਾ ਕਿ ਬਿਆਨਾਂ ਤੋਂ ਸਾਹਮਣੇ ਆਇਆ ਹੈ ਕਿ ਗੁਰਦੁਆਰੇ ’ਚ ਗੋਲੀ ਚਲਾਉਣ ਤੋਂ ਪਹਿਲਾਂ ਕੋਈ ਚਿਤਾਵਨੀ ਨਹੀਂ ਦਿੱਤੀ ਗਈ। ਦੂਜੇ ਪਾਸੇ ਗੁਰਦੁਆਰੇ ਅੰਦਰ ਕਿਸੇ ਕਿਸਮ ਦੇ ਝਗੜੇ ਦੇ ਸੰਕੇਤ ਨਹੀਂ ਮਿਲੇ। ਉਥੇ ਅੰਦਰ ਅਖੰਡ ਪਾਠ ਚੱਲ ਰਿਹਾ ਸੀ, ਜਿੱਥੇ ਪੁਲਿਸ ਨੇ ਗੋਲੀਆਂ ਚਲਾਈਆਂ, ਅੱਥਰੂ ਗੈਸ ਛੱਡੀ ਅਤੇ ਗੁਰਦੁਆਰੇ ਅੰਦਰ ਜੁੱਤੀਆਂ ਸਣੇ ਦਾਖ਼ਲ ਹੋ ਕੇ ਅਖੰਡ ਪਾਠ ਦੀ ਮਰਿਆਦਾ ਭੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ ਉਥੇ ਪੁਲਿਸ ਨੇ ਹਜ਼ਾਰ ਤੋਂ ਵੱਧ ਗੋਲੀਆਂ ਚਲਾਈਆਂ। ਇਸ ਮਾਮਲੇ ਵਿੱਚ ਪੁਲਿਸ ਵਾਲਿਆਂ ’ਤੇ ਕਾਰਵਾਈ ਕਰਨ ਦੀ ਥਾਂ ਨਿਹੰਗਾਂ ’ਤੇ ਪਰਚੇ ਦਰਜ ਕਰ ਦਿੱਤੇ ਗਏ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦਾਅਵਾ ਕੀਤਾ ਕਿ ਜਾਂਚ ਰਿਪੋਰਟ ਸਪੱਸ਼ਟ ਕਰਦੀ ਹੈ ਕਿ ਅਧਿਕਾਰੀ ਸਰਕਾਰ ਦੇ ਦਬਾਅ ਹੇਠ ਕੰਮ ਕਰ ਰਹੇ ਹਨ। ਇਸ ’ਤੇ ਚੱਲਦਿਆਂ ਹੀ ਡੀਸੀ ਅਤੇ ਐੱਸ.ਐੱਸ.ਪੀ. ਕਪੂਰਥਲਾ ਨੇ ਜਾਂਚ ਵਿੱਚ ਕੋਈ ਸਹਿਯੋਗ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਰਿਪੋਰਟ ਕਾਰਵਾਈ ਲਈ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਭੇਜ ਦਿੱਤੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਮਾਮਲੇ ’ਤੇ ਬਣਦੀ ਕਾਰਵਾਈ ਕੀਤੀ ਜਾਵੇ।

# ਗੁ. ਰੋੜੀ ਸਾਹਿਬ ਲਾਹੌਰ ਦੀ ਖੰਡਰ ਹੋ ਰਹੀ ਇਮਾਰਤ ਦੀ ਪਾਕਿ ਸਰਕਾਰ ਨੇ ਨਹੀਂ ਲਈ ਸਾਰ

## ਮਹਿਕਮੇ ਵੱਲੋਂ ਕੋਈ ਸਾਂਭ-ਸੰਭਾਲ ਨਹੀਂ ਰੱਖੀ ਜਾ ਰਹੀ: ਆਦਿਲ

ਅੰਮ੍ਰਿਤਸਰ/ਏ.ਟੀ.ਨਿਊਜ਼ : ਪਾਕਿਸਤਾਨ ਦੇ ਲਾਹੌਰ ਸ਼ਹਿਰ ਦੇ ਥਾਣਾ ਬਰਕੀ ਦੇ ਅਧੀਨ ਆਉਂਦੇ ਸਰਹੱਦੀ ਪਿੰਡ ਜਾਹਮਣ ਵਿਚਲਾ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਗੁਰਦੁਆਰਾ ਰੋੜੀ ਸਾਹਿਬ ਦਾ ਗੁੰਬਦ ਸਮੇਤ ਇਮਾਰਤ ਦਾ ਵੱਡਾ ਹਿੱਸਾ ਪਿਛਲੇ ਸਾਲ ਬਾਰਿਸ਼ਾਂ ਦੇ ਚੱਲਦਿਆਂ 8 ਜੁਲਾਈ ਨੂੰ ਢਹਿ ਗਿਆ ਸੀ। ਇਸ ਦੇ ਬਾਵਜੂਦ ਇਸ ਖੰਡਰ ਵਿੱਚ ਤਬਦੀਲ ਹੋ ਰਹੀ ਇਸ ਮੁਕੱਦਸ ਯਾਦਗਾਰ ਦੀ ਪਾਕਿ ਸਰਕਾਰ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ, ਸ਼੍ਰੋਮਣੀ ਕਮੇਟੀ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਕਿਸੇ ਵੀ ਭਾਰਤੀ ਸਿੱਖ ਜਥੇਬੰਦੀ ਨੇ ਸਾਰ ਨਹੀਂ ਲਈ। ਜਿਸ ਕਰਕੇ ਇਸ ਦੇ ਬਚੇ ਰਹਿ ਗਏ ਹਿੱਸੇ ਦੇ ਵੀ ਢਹਿ ਜਾਣ ਦਾ ਖ਼ਤਰਾ ਬਣਿਆ ਹੋਇਆ ਹੈ । ਇੰਡੀਆ ਪਾਕਿਸਤਾਨ ਹੈਰੀਟੇਜ ਕਲੱਬ ਦੇ ਆਦਿਲ ਰਿਆਜ਼ ਨੇ ਗੁਰਦੁਆਰਾ ਸਾਹਿਬ ਦੀ ਢਹਿ ਚੁਕੀ ਇਮਾਰਤ ਅਤੇ ਸੇਵਾ ਸੰਭਾਲ ਦੀ ਘਾਟ ਕਾਰਨ ਛੱਪੜ ’ਚ ਤਬਦੀਲ ਹੋ ਚੁਕੇ ਪਵਿੱਤਰ ਸਰੋਵਰ



ਦੀਆਂ ਤਾਜ਼ਾ ਤਸਵੀਰਾਂ ਜਾਰੀ ਕਰਦਿਆਂ ਕਿਹਾ ਕਿ ਸਰਹੱਦੀ ਜ਼ੀਰੋ ਲਾਈਨ ਤੋਂ ਸਿਰਫ਼ 1 ਕਿੱਲੋਮੀਟਰ ਦੂਰ ਲਾਹੌਰ ਦੀ ਬੇਦੀਆਂ ਰੋਡ ਦੇ ਅੰਤ ਵਿੱਚ (ਬਾਕੀ ਸਫ਼ਾ 31 ’ਤੇ)

# ਜਿੰਨ੍ਹਾਂ ਸ਼ਹੀਦਾਂ ਕਰਕੇ ਸਾਡੀ ਪਹਿਚਾਣ , ਉਨ੍ਹਾਂ ਸ਼ਹੀਦਾਂ ਦੇ ਸ਼ਹੀਦੀ ਅਸਥਾਨਾਂ ਅਤੇ ਇਤਿਹਾਸ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਾਉਣਾ ਸਮਾਜ ਅਤੇ ਪੰਥ ਲਈ ਚੰਗਾ ਸੰਕੇਤ : ਖ਼ਾਲਸਾ

## ਕੰਵਰ ਸਤਨਾਮ ਸਿੰਘ ਖ਼ਾਲਸਾ ਸਕੂਲ ਦੇ ਵਿਦਿਆਰਥੀਆਂ ਨੂੰ ਧਾਰਮਿਕ ਅਸਥਾਨਾਂ ਦੀ ਯਾਤਰਾ ਕਰਵਾਈ

ਸਿੱਖ ਮਿਸ਼ਨਰੀ ਕਾਲਜ ਸਰਕਲ ਜਲੰਧਰ ਵੱਲੋਂ ਚਲਾਏ ਜਾ ਰਹੇ ਸਕੂਲ ਕੰਵਰ ਸਤਨਾਮ ਸਿੰਘ ਖ਼ਾਲਸਾ (ਜੀਰੋ ਫ਼ੀਸ ) ਸਕੂਲ ਦੇ ਵਿਦਿਆਰਥੀਆਂ ਨੂੰ ਸਕੂਲ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਸ੍ਰ. ਪਰਮਿੰਦਰਪਾਲ ਸਿੰਘ ਖ਼ਾਲਸਾ ਅਤੇ ਸਰਕਲ ਇੰਚਾਰਜ਼ ਸ੍ਰ. ਬਲਜੀਤ ਸਿੰਘ ਦੀ ਅਗਵਾਈ ਹੇਠ ਧਾਰਮਿਕ ਅਸਥਾਨਾ ਮਾਛੀਵਾੜਾ ਸਾਹਿਬ ਅਤੇ ਚਮਕੌਰ ਸਾਹਿਬ ਦੀ ਯਾਤਰਾ ਕਰਵਾਈ ਗਈ। ਚਮਕੌਰ ਸਾਹਿਬ ਵਿਖੇ ਬੱਚਿਆਂ ਨੂੰ ਦਾਸਤਾਨ -ਏ - ਸ਼ਹਾਦਤ ਮਿਊਜ਼ੀਅਮ ਵੀ ਦਿਖਾਇਆ ਗਿਆ। ਇਸ ਯਾਤਰਾ ਦੌਰਾਨ ਮਾਸਟਰ ਮਨਦੀਪ ਸਿੰਘ, ਸ੍ਰ. ਕੁਲਵਿੰਦਰ ਸਿੰਘ ਅਤੇ ਮੈਡਮ ਅੰਮ੍ਰਿਤਪਾਲ ਕੌਰ ਵੱਲੋਂ ਹਰੇਕ ਧਾਰਮਿਕ ਸਥਾਨ ’ਤੇ ਬੱਚਿਆਂ ਦੀ ਵਿਸ਼ੇਸ਼ ਤੌਰ ’ਤੇ ਕਲਾਸ ਲਗਾ ਕੇ ਉਸ ਅਸਥਾਨ ਦਾ ਇਤਿਹਾਸ ਵੀ ਦਸਿਆ ਗਿਆ। ਇਸ ਠੰਡ ਦੇ ਮੌਸਮ ਵਿੱਚ ਬੱਚਿਆਂ ਨੇ ਉਸ ਸਮੇ ਦੇ ਹਾਲਾਤ ਨੂੰ ਮਹਿਸੂਸ ਕਰਦਿਆਂ ਹੋਇਆ ਕਿਹਾ ਕਿ ਸਾਡੇ ਗੁਰੂ ਸਾਹਿਬ ਅਤੇ ਜਾਨੋ ਪਿਆਰੇ ਸਿੱਖ ਧੰਨ ਸਨ ਜਿਨ੍ਹਾਂ ਇਹੋ ਜਿਹੇ ਹਾਲਾਤਾਂ ਦਾ ਸਾਹਮਣਾ ਕੀਤਾ ਅਤੇ ਸਾਨੂੰ ਵੀ ਮਾਣ ਹੈ ਕਿ ਅਸੀਂ ਸਿੱਖ



ਘਰਾਂ ਵਿੱਚ ਪੈਦਾ ਹੋਏ ਅਤੇ ਸਾਡੇ ਸਿਰ ’ਤੇ ਦਸਤਾਰਾਂ ਹਨ। ਇਸ ਮੌਕੇ ਸਕੂਲ ਕਮੇਟੀ ਅਤੇ ਸਿੱਖ ਸੇਵਕ ਸੋਸਾਇਟੀ ਦੇ ਮੁੱਖ ਸੇਵਾਦਾਰ ਸ੍ਰ: ਪਰਮਿੰਦਰਪਾਲ ਸਿੰਘ ਖ਼ਾਲਸਾ ਨੇ ਕਿਹਾ ਕਿ ਗੁਰੂ ਸਾਹਿਬਾਨ ਦਾ ਫ਼ੁਰਮਾਨ, ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ , ਇਨ੍ਹਾਂ ਸ਼ਹੀਦਾਂ ਦੀ ਹੀ ਬਦੋਲਤ ਸਾਡੀ ਹੋਂਦ ਹੈ , ਉਨ੍ਹਾਂ ਸ਼ਹੀਦੀ ਅਸਥਾਨਾਂ ਦੇ ਸਕੂਲੀ ਬੱਚਿਆਂ ਨੂੰ ਦਰਸ਼ਨ ਕਰਾਉਣੇ ਅਤੇ ਇਤਿਹਾਸ ਬਾਰੇ ਜਾਣਕਾਰੀ ਦੇਣਾ, ਸਾਡਾ ਫ਼ਰਜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਾਰੇ ਵਿਦਿਅਕ ਅਦਾਰਿਆਂ ਨੂੰ ਇਹ ਉਪਰਾਲੇ ਕਰਨੇ ਚਾਹੀਦੇ ਹਨ, ਅਜਿਹੇ ਧਾਰਮਿਕ ਅਸਥਾਨਾਂ ਦੀ ਯਾਤਰਾ ਕਰਨ ਨਾਲ ਜਿਥੇ ਸਾਨੂੰ ਆਪਣੇ ਇਤਿਹਾਸ ਅਤੇ ਵਿਰਸੇ ਦੀ ਜਾਣਕਾਰੀ ਮਿਲਦੀ ਹੈ ਉਥੇ ਨਾਲ ਹੀ ਆਪਣੇ ਧਰਮ ਪ੍ਰਤੀ ਸ਼ਰਧਾ ਭਾਵਨਾ ,ਉੱਚੀਆਂ ਸੁੱਚੀਆਂ ਧਾਰਮਿਕ ਅਤੇ ਨੈਤਿਕ ਕਦਰਾਂ ਕੀਮਤਾਂ ’ਚ ਵੀ ਦ੍ਰਿੜਤਾ ਪੈਦਾ ਹੁੰਦੀ ਹੈ।

## ਟਾਈਟਲਰ ਵਿਰੁੱਧ ਦੋਸ਼ ਤੈਅ ਕਰਨ ਲਈ ਪੁਖ਼ਤਾ ਸਬੂਤ : ਸੀ.ਬੀ.ਆਈ

ਨਵੀਂ ਦਿੱਲੀ/ਏ.ਟੀ.ਨਿਊਜ਼ : ਸੀ.ਬੀ.ਆਈ. ਨੇ ਦਿੱਲੀ ਦੀ ਇੱਕ ਅਦਾਲਤ ’ਚ ਦਾਅਵਾ ਕੀਤਾ ਹੈ ਕਿ ਚਸ਼ਮਦੀਦ ਗਵਾਹਾਂ ਨੇ 1984 ਦੇ ਸਿੱਖ ਵਿਰੋਧੀ ਕਤਲੇਆਮ ਦੌਰਾਨ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ ਭੀੜ ਨੂੰ ਭੜਕਾਉਂਦੇ ਦੇਖਿਆ ਸੀ, ਜਿਸ ਕਾਰਨ ਰਾਸ਼ਟਰੀ ਰਾਜਧਾਨੀ ਦੇ ਪੁਲ ਬੰਗਸ਼ ਇਲਾਕੇ ’ਚ 3 ਲੋਕਾਂ ਦੀ ਮੌਤ ਹੋ ਗਈ ਸੀ ।ਸੀ.ਬੀ.ਆਈ. ਨੇ ਵਿਸ਼ੇਸ਼ ਜੱਜ ਰਾਕੇਸ਼ ਸਿਆਲ ਅੱਗੇ ਇਹ ਦਾਅਵਾ ਕੀਤਾ ਤੇ ਅਦਾਲਤ ਨੂੰ ਇਸ ਮਾਮਲੇ ’ਚ ਸਾਬਕਾ ਕੇਂਦਰੀ ਮੰਤਰੀ ਟਾਈਟਲਰ ਖ਼ਿਲਾਫ਼ ਦੋਸ਼ ਆਇਦ ਕਰਨ ਦੀ ਅਪੀਲ ਕੀਤੀ। ਕੇਂਦਰੀ ਜਾਂਚ ਬਿਊਰੋ ਨੇ ਅਦਾਲਤ ਨੂੰ ਦੱਸਿਆ ਕਿ ਟਾਈਟਲਰ ਵਿਰੁੱਧ ਦੋਸ਼ ਤੈਅ ਕਰਨ ਲਈ ਪੁਖਤਾ ਸਬੂਤ ਹਨ। ਅਜਿਹੇ ਚਸ਼ਮਦੀਦ ਗਵਾਹ ਹਨ, ਜਿਨ੍ਹਾਂ ਉਸ ਨੂੰ 1984 ਦੇ ਕਤਲੇਆਮ ਦੌਰਾਨ ਭੀੜ ਨੂੰ ਭੜਕਾਉਂਦੇ ਦੇਖਿਆ ਸੀ ।ਸੀ.ਬੀ.ਆਈ. ਨੇ ਟਾਈਟਲਰ ਖ਼ਿਲਾਫ਼ ਦੋਸ਼ ਤੈਅ ਕਰਨ ’ਤੇ ਆਪਣੀਆਂ ਦਲੀਲਾਂ ਖ਼ਤਮ ਕਰ ਦਿੱਤੀਆਂ ਹਨ।



(ਬਾਕੀ ਸਫ਼ਾ 31 ’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

10 ਜਨਵਰੀ ਤੋਂ 16 ਜਨਵਰੀ, 2024

## ਜੋੜ ਮੇਲਿਆਂ ਦੀ ਪਵਿੱਤਰਤਾ ਲਈ ਪਹਿਲਕਦਮੀ

ਸੰਗਰੂਰ ਨੇੜਲੇ ਅਸਥਾਨ ਮਸਤੂਆਣਾ ਸਾਹਿਬ ਬਾਰੇ ਇਲਾਕੇ ਦੀਆਂ ਸੰਗਤਾਂ ਅਤੇ ਪ੍ਰਬੰਧਕਾਂ ਦੇ ਉਪਰਾਲੇ ਨੂੰ ਪੰਥ ਦੇ ਜੋੜ ਮੇਲਿਆਂ ਦੇ ਸੁਧਾਰ ਵਜੋਂ ਇੱਕ ਚੰਗੇ ਕਦਮ ਵਜੋਂ ਵੇਖਣਾ ਚਾਹੀਦਾ ਹੈ। ਮਸਤੂਆਣਾ ਸਾਹਿਬ ਸੰਤ ਅਤਰ ਸਿੰਘ ਜੀ ਨਾਲ ਸਬੰਧਿਤ ਅਸਥਾਨ ਹੈ, ਜਿਥੇ ਸੰਤ ਜੀ ਨੇ ਕਾਫੀ ਸਮਾਂ ਰਹਿੰਦਿਆਂ ਸਿਮਰਨ ਬੰਦਗੀ ਕੀਤੀ। ਗੁਰਦੁਆਰਾ ਗੁਰਸਾਗਰ ਸਾਹਿਬ ਦੀ ਸਥਾਪਨਾ ਕਰਨ ਤੋਂ ਲੈ ਕੇ ਸਰਬੱਤ ਦੇ ਭਲੇ ਲਈ ਦੁਨਿਆਵੀਂ ਅਤੇ ਧਾਰਮਿਕ ਵਿਦਿਆ ਦੇ ਵਿਦਿਆਲੇ ਬਣਾਏ। ਮਾਲਵੇ ਦੇ ਇਸ ਇਲਾਕੇ ਵਿੱਚ ਸਦੀ ਪਹਿਲਾਂ ਸੰਤ ਜੀ ਨੇ ਬੀਬੀਆਂ ਦੀ ਵਿਦਿਆ ਲਈ ਵੀ ਇੱਕ ਵਿਦਿਆਲਾ ਖੋਲ੍ਹਿਆ ਸੀ। ਸੰਤ ਜੀ ਦੀਆਂ ਨਿਸ਼ਕਾਮ ਅਤੇ ਅਣਥੱਕ ਸੇਵਾਵਾਂ ਬਦਲੇ ਪੰਜਾਬ ਅਤੇ ਦੇਸ ਪ੍ਰਦੇਸ਼ ਦੀਆਂ ਸੰਗਤਾਂ ਵਿੱਚ ਉਨ੍ਹਾਂ ਦਾ ਬੇਹੱਦ ਸਤਿਕਾਰ ਹੈ। ਸਾਰੀ ਉਮਰ ਸਰਬੱਤ ਦੇ ਭਲੇ ਅਤੇ ਗੁਰੂ ਖਾਲਸਾ ਪੰਥ ਦੀ ਚੜ੍ਹਦੀਕਲਾ ਲਈ ਸੰਤ ਜੀ ਰਮਤੇ ਰਹੇ ਅਤੇ ਅਖੀਰਲੇ ਸਮੇਂ ਉਹ ਇਥੇ ਹੀ ਟਿਕ ਗਏ। ਇਥੇ ਹੀ ਉਨ੍ਹਾਂ ਦੇ ਅੰਤਿਮ ਸੰਸਕਾਰ ਤੋਂ ਬਾਅਦ ਉਨ੍ਹਾਂ ਦੀ ਯਾਦ ਵਿੱਚ ਹਰ ਸਾਲ ਬਰਸੀ ਮਨਾਉਣ ਲਈ ਵੱਡੀ ਗਿਣਤੀ ਵਿੱਚ ਸੰਗਤ ਜੁੜਦੀ ਹੈ, ਜੋੜ ਮੇਲਾ ਭਰਦਾ ਹੈ।

ਪਿਛਲੇ ਸਾਲ ਮਸਤੂਆਣਾ ਸਾਹਿਬ ਇਕੱਤਰ ਹੋਈ ਸੰਗਤ ਵੱਲੋਂ ਇਹ ਖਦਸ਼ੇ ਜਾਹਰ ਕੀਤੇ ਗਏ ਸਨ ਕਿ ਜਿਸ ਤਰ੍ਹਾਂ ਮਸਤੂਆਣਾ ਸਾਹਿਬ ਜੋੜ ਮੇਲੇ ਦਾ ਮਹੌਲ ਬਣਦਾ ਜਾ ਰਿਹਾ ਹੈ, ਇਹ ਗੁਰਮਤਿ ਅਨੁਸਾਰ ਅਤੇ ਸੰਤ ਜੀ ਦੀ ਭਾਵਨਾ ਅਨੁਸਾਰ ਨਹੀਂ ਹੈ। ਇਥੇ ਲੱਗਣ ਵਾਲੇ ਬਜ਼ਾਰ ਅਤੇ ਉਨ੍ਹਾਂ ਉੱਪਰ ਵਿਕਦੇ ਸਮਾਨ ਤੋਂ ਲੈ ਕੇ, ਮਸਤੂਆਣਾ ਸਾਹਿਬ ਦੇ ਸ਼ਾਂਤ ਮਾਹੌਲ ਦਾ ਝੂਲੇ ਸਪੀਕਰਾਂ ਆਦਿ ਤੋਂ ਆਉਣ ਵਾਲੀ ਆਵਾਜ਼ ਦੇ ਚੱਲਦਿਆਂ ਅਸ਼ਾਂਤ ਹੋਣਾ ਸੰਗਤ ਅਤੇ ਪ੍ਰਬੰਧਕਾਂ ਦੀ ਚਿੰਤਾ ਦਾ ਕਾਰਨ ਬਣਿਆ ਹੋਇਆ ਸੀ। ਦੁਨਿਆਵੀ ਬਜ਼ਾਰ ਦੇ ਚੱਲਦਿਆਂ ਜੋੜ ਮੇਲਿਆਂ ਵਿੱਚ ਗੁਰਮੁੱਖ ਬਿਰਤੀ ਵਾਲੇ ਮਨੁੱਖਾਂ ਦਾ ਆਉਣਾ ਮੁਸ਼ਕਿਲ ਹੈ। ਤਕਰੀਬਨ ਇਸੇ ਤਰ੍ਹਾਂ ਦਾ ਮਹੌਲ ਪੰਥ ਦੇ ਹੋਰਨਾਂ ਅਸਥਾਨਾਂ ਉੱਪਰ ਭਰਦੇ ਜੋੜ ਮੇਲਿਆਂ ਵਿੱਚ ਬਣਨ ਲੱਗਿਆ ਹੈ। ਇਸ ਮਾਹੌਲ ਦੇ ਚੱਲਦਿਆਂ ਪੰਥ ਨੂੰ ਹੋਣ ਵਾਲੇ ਨੁਕਸਾਨਾਂ ਦੇ ਅਜੇ ਖਦਸ਼ੇ ਹੀ ਲਗਾਏ ਜਾ ਰਹੇ ਸਨ ਕਿ ਸ੍ਰੀ ਅਨੰਦਪੁਰ ਸਾਹਿਬ ਹੋਲੇ ਮਹੱਲੇ ਉੱਪਰ ਟਰੈਕਟਰ ਉਪਰ ਲੱਗੇ ਡੈੱਕ ਨੂੰ ਹਟਾਉਣ ਦੀ ਕੋਸ਼ਿਸ ਵਿੱਚ ਇੱਕ ਗੁਰੂ ਕੇ ਸਿੱਖ ਦੀ ਜਾਨ ਚਲੀ ਜਾਂਦੀ ਹੈ। ਇਸ ਘਟਨਾ ਨੇ ਸੰਗਤ ਅਤੇ ਪ੍ਰਬੰਧਕਾਂ ਨੂੰ ਜੋੜ ਮੇਲੇ ਦੇ ਮਾਹੌਲ ਨੂੰ ਹੋਰ ਵਧੇਰੇ ਸੁਹਿਰਦਤਾ ਨਾਲ ਠੀਕ ਕਰਨ ਦੀ ਹਿੰਮਤ ਬਖਸ਼ੀ।

ਮਸਤੂਆਣਾ ਸਾਹਿਬ ਵਾਲੀ ਮੁਹਿੰਮ ਸ਼ੁਰੂ ਕਰਨ ਵੇਲੇ ਸੰਗਤ ਵੱਲੋਂ ਸਤਿਗੁਰਾਂ ਅੱਗੇ ਅਰਦਾਸ ਬੇਨਤੀ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਇਲਾਕੇ ਦੀਆਂ ਹੋਰਨਾਂ ਸੰਗਤਾਂ ਨਾਲ ਤਾਲਮੇਲ ਕੀਤਾ ਗਿਆ। ਜਿਹੜੇ ਪਿੰਡਾਂ ਵਿਚੋਂ ਜੋੜ ਮੇਲੇ ਵੇਲੇ ਲੰਗਰ ਆਉਂਦਾ ਸੀ, ਉਥੋਂ ਜੋੜ ਮੇਲੇ ਦੀ ਪਵਿਤ੍ਰਤਾ ਦੀ ਮੁਹਿੰਮ ਲਈ ਸਭ ਤੋਂ ਵੱਧ ਹੁੰਗਾਰਾ ਮਿਲਿਆ। ਵੱਖ-ਵੱਖ ਸਖਸ਼ੀਅਤਾਂ ਨਾਲ ਵੀਚਾਰਾਂ ਦੀ ਸਾਂਝ ਪਾਈ ਗਈ। ਮਸਤੂਆਣਾ ਸਾਹਿਬ ਦੇ ਪ੍ਰਬੰਧਕਾਂ ਨੂੰ ਜਦੋਂ ਸੰਗਤ ਨੇ ਆਪਣੇ ਵੱਲੋਂ ਤਕਰੀਬਨ ਪੰਜਾਹ ਪਿੰਡਾਂ ਦੇ ਮਤੇ ਸੌਂਪੇ ਤਾਂ ਪ੍ਰਬੰਧਕਾਂ ਨੇ ਵੀ ਸੰਗਤ ਦੇ ਹੁਕਮ ਨੂੰ ਮੱਥੇ ਨਾਲ ਲਾਇਆ ਅਤੇ ਇਹ ਗੱਲ ਆਖੀ ਕਿ ਉਹ ਵੀ ਕਿੰਨੇ ਚਿਰ ਤੋਂ ਅਜਿਹੀ ਹੀ ਪਹਿਲਕਦਮੀ ਦੇ ਲਈ ਅਰਦਾਸਾਂ ਕਰ ਰਹੇ ਸੀ, ਜਦੋਂ ਸੰਗਤ ਦਾ ਸਾਥ ਮਿਲੇਗਾ ਤਾਂ ਪ੍ਰਬੰਧਕਾਂ ਦੇ ਲਈ ਕੋਈ ਵੀ ਉਦਮ ਕਰਨਾ ਔਖਾ ਨਹੀਂ ਹੈ। ਇਸ ਤੋਂ ਬਾਅਦ ਇਲਾਕੇ ਦੀਆਂ ਸੰਗਤਾਂ ਅਤੇ ਪ੍ਰਬੰਧਕਾਂ ਵੱਲੋਂ ਇਕੱਠੇ ਤੌਰ ’ਤੇ ਜੋੜ ਮੇਲੇ ਦੇ ਉਪਰਾਲੇ ਚੱਲ ਰਹੇ ਹਨ।

ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਦਮਦਮਾ ਸਾਹਿਬ ਅਤੇ ਹੋਰਨਾਂ ਅਸਥਾਨਾਂ ਉੱਪਰ ਲੱਗਦੇ ਜੋੜ ਮੇਲਿਆਂ ਦੇ ਮਾਹੌਲ ਨੂੰ ਗੁਰਮਤਿ ਅਨੁਸਾਰੀ ਬਣਾਉਣ ਦੀ ਹੁਣ ਇਨ੍ਹਾਂ ਅਸਥਾਨਾਂ ਦੇ ਲਾਗਲੀਆਂ ਸੰਗਤਾਂ ਦੀ ਜ਼ਿੰਮੇਵਾਰੀ ਬਣ ਗਈ ਹੈ। ਗੁਰੂ ਖ਼ਾਲਸਾ ਪੰਥ ਦੇ ਜੋੜ ਮੇਲਿਆਂ ਦਾ ਮਾਹੌਲ ਸਪੱਸ਼ਟ ਰੂਪ ਵਿੱਚ ਦੁਨਿਆਵੀ ਮੇਲਿਆਂ ਤੋਂ ਵੱਖਰਾ ਹੋਣਾ ਚਾਹੀਦਾ ਹੈ। ਗੁਰੂ ਸਾਹਿਬਾਨ, ਸ਼ਹੀਦਾਂ ਅਤੇ ਗੁਰਮੁੱਖਾਂ ਦੀ ਯਾਦ ਵਿੱਚ ਲੱਗਣ ਵਾਲੇ ਜੋੜ ਮੇਲਿਆਂ ਵਿੱਚ ਗੁਰਮਤਿ ਅਨੁਸਾਰੀ ਦੁਕਾਨਾਂ, ਪ੍ਰਦਰਸ਼ਨੀਆਂ, ਗੁਰਮਤਿ ਨਾਲ ਸਬੰਧਿਤ ਕੈਂਪਾਂ ਅਤੇ ਪ੍ਰਚਾਰ ਦੇ ਉਦਮਾਂ ਨੂੰ ਹੀ ਜਗ੍ਹਾ ਦੇਣੀ ਚਾਹੀਦੀ ਹੈ, ਤਾਂ ਜੋ ਸਿੱਖਾਂ ਦੀਆਂ ਅਗਲੀਆਂ ਪੀੜ੍ਹੀਆਂ ਜੋੜ ਮੇਲਿਆਂ ਦੇ ਮਾਹੌਲ ਤੋਂ ਅਤੇ ਪ੍ਰਚਾਰ ਪੜਾਵਾਂ ਵਿੱਚੋਂ ਸਿੱਖੀ ਸਬੰਧਿਤ ਕੁਝ ਸਿੱਖ ਕੇ ਜਾਣ। ਕੇਵਲ ਸਿੱਖ ਕੇ ਹੀ ਨਾ ਜਾਣ, ਸਗੋਂ ਇੱਥੇ ਸਿੱਖ ਰਹਿਣੀ ਬਹਿਣੀ ਨੂੰ ਮਹਿਸੂਸ ਕਰਨ, ਇਥੋਂ ਦੇ ਚੜ੍ਹਦੀਕਲਾ ਵਾਲੇ ਮਹੌਲ ਵਿੱਚ ਸਿੱਖਦਿਆਂ ਗੁਰਸਿੱਖੀ ਦੀ ਜਾਗ ਲਗਾ ਕੇ ਜਾਣ। ਮੌਜੂਦਾ ਮਾਹੌਲ ਇਸ ਤਰ੍ਹਾਂ ਦਾ ਹੈ ਕਿ ਦੁਨਿਆਵੀਂ ਰੌਲੇ ਰੱਪੇ ਤੋਂ ਬਚਣ ਲਈ ਸ਼ਰਧਾ/ਪ੍ਰੇਮ ਵਾਲੀ ਸੰਗਤ ਜੋੜ ਮੇਲਿਆਂ ਤੋਂ ਪਹਿਲਾਂ ਜਾਂ ਬਾਅਦ ਵਿੱਚ ਜਾਂ ਫੇਰ ਸਵੇਰੇ ਸਾਜਰੇ ਅਤੇ ਦੇਰ ਸ਼ਾਮ ਨੂੰ ਆ ਕੇ ਅਸਥਾਨਾਂ ਉੱਪਰ ਨਤਮਸਤਕ ਹੁੰਦੀ ਹੈ। ਇਹ ਕਿੰਨੀ ਅਨਿਆਂ ਵਾਲੀ ਗੱਲ ਹੈ ਕਿ ਜਿਸ ਸੰਗਤ ਨੇ ਗੁਰਮੁੱਖਾਂ ਦੇ ਬਚਨ ਕਮਾਉਣੇ ਹਨ, ਉਹ ਦਿਨ ਵੇਲੇ ਜੋੜ ਮੇਲਿਆਂ ਵਿੱਚ ਆਉਣ ਤੋਂ ਟਾਲਾ ਵੱਟਣ ਅਤੇ ਜਿਹੜੀਆਂ ਗੱਲਾਂ ਗੁਰਮਤਿ ਅਨੁਸਾਰੀ ਨਹੀਂ ਹਨ, ਉਹ ਸਾਰਾ ਦਿਨ ਬੇਰੋਕ ਰੌਲਾ ਪਾਉਂਦੇ ਰਹਿਣ।

ਮਸਤੂਆਣਾ ਸਾਹਿਬ ਦੇ ਮਾਹੌਲ ਨੂੰ ਠੀਕ ਕਰਨ ਦੇ ਪ੍ਰਬੰਧਕਾਂ ਵੱਲੋਂ ਪਹਿਲਾਂ ਵੀ ਉਪਰਾਲੇ ਕੀਤੇ ਜਾਂਦੇ ਰਹੇ ਹਨ, ਬਕਾਇਦਾ ਅਜਿਹਾ ਪਿਛਲੇ ਸਾਲਾਂ ਦੇ ਇਸ਼ਤਿਹਾਰਾਂ ਵਿੱਚ ਵੀ ਲਿਖਿਆ ਜਾਂਦਾ ਰਿਹਾ। ਪਰ ਉਦੋਂ ਸੰਗਤ ਦੀ ਇਸ ਮਸਲੇ ਪ੍ਰਤੀ ਢਿੱਲ ਸੀ, ਜਿਸ ਕਰਕੇ ਇਹ ਕਾਰਜ ਕੀਤਾ ਨਾ ਜਾ ਸਕਿਆ। ਹੁਣ ਸੰਗਤਾਂ ਇਸ ਮਸਲੇ ਪ੍ਰਤੀ ਪਹਿਲਾਂ ਹੀ ਸੁਚੇਤ ਸਨ, ਤਾਂ ਇਹ ਕਾਰਜ ਸਹਿਜੇ ਹੀ ਸਿਰੇ ਚੜ੍ਹਦਾ ਨਜ਼ਰ ਆ ਰਿਹਾ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਕਾਫ਼ੀ ਸਾਲ ਪਹਿਲਾਂ ਪਿੰਡਾਂ ਵਿੱਚ ਕਲਾਕਾਰਾਂ ਦੇ ਅਖਾੜੇ ਲੱਗਣ ਦੇ ਰਿਵਾਜ ਕਰਕੇ ਇਥੇ ਵੀ ਸੰਤ ਅਤਰ ਸਿੰਘ ਜੀ ਦੀ ਬਰਸੀ ਦੌਰਾਨ ਗਾਇਕਾਂ ਦੇ ਅਖਾੜੇ ਲੱਗ ਗਏ ਸਨ। ਪਰ ਸੰਗਤ ਨੇ ਇਸ ਕੁਰੀਤੀ ਨੂੰ ਸਹਿਣ ਨਾ ਕੀਤਾ ਅਤੇ ਜੋੜ ਮੇਲੇ ਦੌਰਾਨ ਹੀ ਅਖਾੜਾ ਪੁੱਟ ਦਿੱਤਾ ਸੀ। ਜਿਸ ਤੋਂ ਬਾਅਦ ਅੱਜ ਤੱਕ ਕਿਸੇ ਗੁਰਮਤਿ ਵਿਰੋਧੀ ਅਨਸਰ ਦੀ ਅਜਿਹੀ ਗਲਤੀ ਕਰਨ ਦੀ ਹਿੰਮਤ ਨਹੀਂ ਪਈ। ਕੋਈ ਵੀ ਸੁਧਾਰ ਸੰਗਤ ਦੀ ਹਿੰਮਤ ਸਦਕਾ ਹੀ ਸਦਾ ਚਿਰ ਟਿਕਿਆ ਰਹਿ ਸਕਦਾ ਹੈ, ਮਸਤੂਆਣਾ ਸਾਹਿਬ ਦੇ ਪ੍ਰਬੰਧਕ ਅਤੇ ਸੰਗਤ ਇਸ ਉਪਰਾਲੇ ਲਈ ਵਧਾਈ ਦੀ ਹੱਕਦਾਰ ਹੈ। ਇਸੇ ਤਰ੍ਹਾਂ ਬਾਕੀ ਥਾਵਾਂ ਦੀ ਸੰਗਤ ਨੂੰ ਵੀ ਉੱਦਮ ਕਰਕੇ ਆਪਣੇ ਨੇੜਲੇ ਸਥਾਨਾਂ ’ਤੇ ਗੁਰਮਤਿ ਅਨੁਸਾਰੀ ਮਹੌਲ ਸੁਰਜੀਤ ਕਰਨਾ ਚਾਹੀਦਾ ਹੈ।

-ਸੰਪਾਦਕ, ਅੰਮ੍ਰਿਤਸਰ ਟਾਈਮਜ਼

# ਦੂਰਸੰਚਾਰ ਕਾਨੂੰਨ-2023’ : ਨਾਗਰਿਕਾਂ ਦੀ ਨਿੱਜਤਾ ਤੇ ਬੋਲਣ ਦੀ ਅਜ਼ਾਦੀ ’ਤੇ ਹਮਲਾ

ਤਜਿੰਦਰ




ਬੀਤੀ 20 ਦਸੰਬਰ ਨੂੰ ਮੋਦੀ ਸਰਕਾਰ ਦੁਆਰਾ ਲੋਕ ਸਭਾ ਵਿੱਚ ‘ਦੂਰਸੰਚਾਰ ਬਿਲ-2023’ ਪੇਸ਼ ਕੀਤਾ ਗਿਆ। ਇਹ ਬਿਲ ਲੱਗਭੱਗ ਨਾ-ਮਾਤਰ ਚਰਚਾ ਤੋਂ ਬਾਅਦ ਪਾਸ ਹੋ ਗਿਆ ਤੇ 21 ਦਸੰਬਰ ਨੂੰ ਰਾਜ ਸਭਾ ਤੇ ਫ਼ਿਰ ਰਾਸ਼ਟਰਪਤੀ ਦੁਆਰਾ ਸਹੀ ਪਾਉਣ ਤੋਂ ਬਾਅਦ ਇਹ ਬਿਲ ਹੁਣ ਕਨੂੰਨ ਬਣ ਚੁੱਕਾ ਹੈ। ਪਿਛਲੇ ਸਾਲ ਸਤੰਬਰ ਮਹੀਨੇ ਇਸ ਬਿਲ ਦਾ ਖਰੜਾ ਆਮ ਲੋਕਾਂ ਦੀਆਂ ਟਿੱਪਣੀਆਂ ਲਈ ਜਨਤਕ ਕੀਤਾ ਗਿਆ ਸੀ। ਉਸ ਸਮੇਂ ਵੀ ਇਸ ਬਿਲ ਦੀ ਕਾਫ਼ੀ ਆਲੋਚਨਾ ਹੋਈ ਸੀ ਕਿ ਬਿਲ ਨਾਗਰਿਕਾਂ ਦੀ ਨਿੱਜਤਾ ਤੇ ਬੋਲਣ ਦੀ ਅਜ਼ਾਦੀ ’ਤੇ ਹਮਲਾ ਹੈ ਅਤੇ ਹਕੂਮਤ ਦੇ ਨਿਗਰਾਨੀ ਤੰਤਰ ਨੂੰ ਅਥਾਹ ਤਾਕਤਾਂ ਦਿੰਦਾ ਹੈ। ਬਹੁਤ ਸਾਰੇ ਜਮਹੂਰੀ ਤੇ ਸਮਾਜਿਕ ਕਾਰਕੁੰਨਾ, ਪੱਤਰਕਾਰਾਂ-ਬੁੱਧੀਜਵੀਆਂ ਦੁਆਰਾ ਮੋਦੀ ਸਰਕਾਰ ਨੂੰ ਆਪਣੀਆਂ ਟਿੱਪਣੀਆਂ ਵੀ ਭੇਜੀਆਂ ਗਈਆਂ ਸਨ ਜੋ ਕਿ ਕਦੇ ਵੀ ਜਨਤਕ ਨਹੀਂ ਕੀਤੀਆਂ ਗਈਆਂ। ਇਸ ਆਲੋਚਨਾ ਤੋਂ ਬਾਅਦ ਹੁਣ ਇਹ ਬਿਲ ਬਹੁਤ ਚਲਾਕੀ ਨਾਲ਼ ਕੁਝ ਸ਼ਬਦਾਂ ਦੇ ਹੇਰਫ਼ੇਰ ਨਾਲ਼ ਦੁਬਾਰਾ ਲੋਕ ਸਭਾ ਵਿੱਚ ਪੇਸ਼ ਕੀਤਾ ਗਿਆ ਤੇ ਪਾਸ ਹੋ ਗਿਆ ਹੈ।

ਮੋਦੀ ਸਰਕਾਰ ਦਾ ਇਹ ਦਾਅਵਾ ਹੈ ਕਿ ਇਹ ਕਨੂੰਨ ਅੰਗਰੇਜ਼ਾਂ ਦੇ ਸਮੇਂ ਦੇ ਦੂਰਸੰਚਾਰ ਕਨੂੰਨਾਂ ਦੀ ਜਗ੍ਹਾ ਅੱਜ ਦੇ ਸਮੇਂ ਦੀਆਂ ਲੋੜਾਂ ਦੇ ਅਨੁਸਾਰੀ ਬੁਨਿਆਦੀ ਤਬਦੀਲੀਆਂ ਲਿਆਉਣ ਲਈ ਬਣਾਇਆ ਗਿਆ ਹੈ। ਹੁਣ ਤੱਕ ਦੂਰਸੰਚਾਰ ਖੇਤਰ ਪੁਰਾਣੇ 3 ਕਾਨੂੰਨਾਂ (‘ਭਾਰਤੀ ਟੈਲੀਗ੍ਰਾਫ਼ ਕਾਨੂੰਨ -1885’, ‘ਭਾਰਤੀ ਫ਼ਾਇਰਲੈਸ ਟੈਲੀਗ੍ਰਾਫ਼ ਕਾਨੂੰਨ-1933’ ਅਤੇ ‘ਟੈਲੀਗ੍ਰਾਫ਼ ਵਾਇਰਸ (ਗੈਰ-ਕਾਨੂੰਨੀ ਸੁਰੱਖਿਆ) -1950’) ਅਧੀਨ ਚਲਾਇਆ ਜਾਂਦਾ ਸੀ। ਅਕਸਰ ਜਦੋਂ ਜਾਬਰ ਹਾਕਮ ਤਬਦੀਲੀਆਂ ਦੀ ਗੱਲ ਕਰਦੇ ਨੇ ਤਾਂ ਇਸਦਾ ਅਰਥ ਹੁੰਦਾ ਹੈ ਕਿ ਹਕੂਮਤ ਆਪਣੇ ਜਬਰ ਦੇ ਹਥਿਆਰ ਹੋਰ ਤਿੱਖੇ ਕਰਨ ਜਾ ਰਹੀ ਹੈ। ਉਪਰੋਕਤ ਤਬਦੀਲੀਆਂ ਵੀ ਇਸੇ ਦੀ ਗਵਾਹੀ ਭਰਦੀਆਂ ਹਨ ਜਿਸ ਨੂੰ ਅੱਗੇ ਅਸੀਂ ਸਮਝਾਂਗੇ।ਇਹ ਕਨੂੰਨ ਸਰਕਾਰ ਨੂੰ ਇਹ ਤਾਕਤ ਦਿੰਦਾ ਹੈ ਕਿ ਉਹ ਦੂਰਸੰਚਾਰ ਰਾਹੀਂ ਭੇਜੇ ਕਿਸੇ ਵੀ ਸੁਨੇਹੇ ਨੂੰ ਕੰਟਰੋਲ ਕਰ ਸਕੇ। ਮਤਲਬ ਤੁਹਾਡੇ ਦੁਆਰਾ ਆਪਣੇ ਫ਼ੋਨ, ਕੰਪ੍ਰਿਊਟਰ ਆਦਿ ਰਾਹੀਂ ਭੇਜੇ ਗਏ ਕਿਸੇ ਵੀ ਸੁਨੇਹੇ ਨੂੰ ਹੁਣ ਸਰਕਾਰ ਕਨੂੰਨੀ ਤੌਰ ’ਤੇ ਪੜ੍ਹ ਸਕਦੀ ਹੈ, ਉਸਨੂੰ ਰੋਕ ਸਕਦੀ ਹੈ। ਇਸ ਕਨੂੰਨ ਵਿੱਚ ਸੁਨੇਹੇ ਦੀ ਪਰਿਭਾਸ਼ਾ ਏਨੀ ਵਿਸ਼ਾਲ ਹੈ ਕਿ ਇਸ ਵਿੱਚ ਤੁਹਾਡੇ ਦੁਆਰਾ ਦੂਰਸੰਚਾਰ ਮਾਧਿਅਮ ਰਾਹੀਂ ਭੇਜਿਆ ਗਿਆ ਲਿਖਤੀ ਸੁਨੇਹਾ, ਆਡੀਓ ਜਾਂ ਕੋਈ ਧੁਨੀ, ਤਸਵੀਰ, ਵੀਡਿਓ ਆਦਿ ਸਭ ਕੁਝ ਜੋ ਤੁਸੀਂ ਆਪਣੇ ਫ਼ੋਨ, ਕੰਪਿਊਟਰ ਏਥੋਂ ਤੱਕ ਕਿ ਲੈਂਡਲਾਇਨ ਫ਼ੋਨ ਆਦਿ ਦੀਆਂ ਸੇਵਾਵਾਂ ਰਾਹੀਂ ਭੇਜਦੇ ਜਾਂ ਹਾਸਲ ਕਰਦੇ ਹੋ ਉਹ ਵੀ ਸਰਕਾਰ ਦੀ ਨਿਗਰਾਨੀ ਤੇ ਕੰਟਰੋਲ ਵਿੱਚ ਹੋਵੇਗਾ ਜਿਸਨੂੰ ਸਰਕਾਰ ਕਦੀ ਵੀ ਪੜ੍ਹ ਸੁਣ ਸਕਦੀ ਹੈ ਜਾਂ ਬੰਦ ਕਰ ਸਕਦੀ ਹੈ।ਉਪਰੋਕਤ ਕਾਨੂੰਨ ਵਿੱਚ ਓਟੀਟੀ ਸੇਵਾਵਾਂ ਜਿਵੇਂ ਕਿ ਵਟਸਐਪ, ਫ਼ੇਸਬੁੱਕ, ਟਵਿੱਟਰ, ਸਿਗਨਲ, ਟੈਲੀਗ੍ਰਾਮ ਆਦਿ ਐਪ ਜਾਂ ਸੇਵਵਾਂ ਨੂੰ ਸਿੱਧੇ ਤੌਰ ’ਤੇ ਘੇਰੇ ਵਿੱਚ ਨਹੀਂ ਲਿਆ ਗਿਆ ਜਿਵੇਂ ਕਿ 2022 ਦੇ ਇਸਦੇ ਖਰੜੇ ਵਿੱਚ ਲਿਆ ਗਿਆ ਸੀ। ਇਸੇ ਲਈ ਸੂਚਨਾ ਤਕਨੀਕ ਖੇਤਰ ਦੇ ਸਰਮਾਏਦਾਰਾਂ ਦੀ ਜਥੇਬੰਦੀ ‘ਦਾ ਇੰਟਰਨੈਟ ਐਂਡ ਮੋਬਾਇਲ ਐਸੋਸੀਏਸ਼ਨ ਆਫ਼ ਇੰਡੀਆ’ ਤੇ ਕਈ ਮੀਡੀਆ ਅਦਾਰਿਆਂ ਦੁਆਰਾ ਇਸਦਾ ਸਵਾਗਤ ਕੀਤਾ ਜਾ ਰਿਹਾ ਹੈ। ਪਰ ਹਕੀਕਤ ਇਹ ਹੈ ਕਿ ਮੋਦੀ ਹਕੂਮਤ ਨੇ ਬਹੁਤ ਚਲਾਕੀ ਨਾਲ਼ 2022 ਦੇ ਖਰੜੇ ਵਿੱਚ ਸਿਰਫ਼ ਸ਼ਬਦਾਂ ਦਾ ਹੇਰਫ਼ੇਰ ਕੀਤਾ ਹੈ। ਮੌਜੂਦਾ ਕਾਨੂੰਨ ਵਿੱਚ ਭਾਵੇ ਓਟੀਟੀ ਸੇਵਾਵਾਂ ਜਾਂ ਐਪ ਦਾ ਜਿਕਰ ਨਹੀਂ ਕੀਤਾ ਗਿਆ ਪਰ ਇਸ ਕਨੂੰਨ ਵਿੱਚ ਇਹ ਵੀ ਨਹੀਂ ਲਿਖਿਆ ਗਿਆ ਕਿ ਓਟੀਟੀ ਸੇਵਾਵਾਂ ਇਸ ਕਨੂੰਨ ਵਿਚੋਂ ਬਾਹਰ ਨੇ। ਕਿਉਂਕਿ ਇਹ ਕਨੂੰਨ ਪੂਰੇ ਦੂਰਸੰਚਾਰ ਖੇਤਰ ਉੱਪਰ ਲਾਗੂ ਹੁੰਦਾ ਹੈ ਇਸ ਲਈ ਲਾਜਮੀ ਹੈ ਕਿ ਓਟੀਟੀ ਸੇਵਾਵਾਂ ਜਾਂ ਐਪ/ਵੈਬਸਾਈਟ ਆਦਿ ਆਪਣੇ ਆਪ ਇਸ ਦੇ ਘੇਰੇ ਵਿੱਚ ਆ ਜਾਂਦੀਆਂ ਹਨ ਕਿਉਂਕਿ ਇਹ ਸੇਵਾਵਾਂ ਵੀ ਦੂਰਸੰਚਾਰ ਮਾਧਿਅਮ ਜਿਵੇਂ ਕਿ ਇੰਟਰਨੈਟ ਰਾਹੀਂ ਕੰਮ ਕਰਦੀਆਂ ਹਨ।

ਮੋਦੀ ਹਕੂਮਤ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਇਹ ਕਾਨੂੰਨ ਅੰਗਰੇਜ਼ਾਂ ਦੇ ਸਮੇਂ ਦੇ ਕਾਨੂੰਨ, ਜੋ ਬਹੁਤ ਪੁਰਾਣੇ ਸਨ, ਬਦਲੇ ਨਵੇਂ ਸੁਧਾਰਾਂ ਤੇ ਅੱਜ ਦੇ ਸਮੇਂ ਦੀਆਂ ਲੋੜਾਂ ਦੇ ਹਾਣ ਦਾ ਹੈ। ਹਕੀਕਤ ਇਹ ਹੈ ਕਿ ਪੁਰਾਣੇ ਕਾਨੂੰਨ ਉਸ ਸਮੇਂ ਦੀ ਜਾਬਰ ਅੰਗਰੇਜ ਹਕੂਮਤ ਦੀਆਂ ਲੋੜਾਂ ਪੂਰੀਆਂ ਕਰਦੇ ਸਨ ਤੇ ਮੌਜੂਦਾ ਕਨੂੰਨ ਭਾਰਤ ਦੀ ਮੌਜੂਦਾ ਜਾਬਰ ਹਕੂਮਤ, ਜਿਸ ਦੀ ਅਗਵਾਈ ਮੋਦੀ ਸਰਕਾਰ ਕਰ ਰਹੀ, ਦੀਆਂ ਲੋੜਾਂ ਪੂਰੀਆਂ ਕਰਦਾ ਹੈ। ਸਗੋਂ ਇਹ ਕਾਨੂੰਨ ਪੁਰਾਣੇ ਕਾਨੂੰਨਾਂ ਦੇ ਮੁਕਾਬਲੇ ਸੱਤ੍ਹਾ ਤੇ ਇਸਦੇ ਅਦਾਰਿਆਂ ਨੂੰ ਕਿਤੇ ਵੱਧ ਤਾਕਤਾਂ ਦਿੰਦਾ ਹੈ ਤਾਂ ਕਿ ਇਹ ਆਪਣੇ ਵਿਰੁੱਧ ਉੱਠਣ ਵਾਲ਼ੀ ਹਰ ਆਵਾਜ਼ ਨੂੰ ਦਬਾ ਸਕੇ। ਮੌਜੂਦਾ ਕਾਨੂੰਨ ਦੀ ਇੱਕ ਧਾਰਾ ਵਿੱਚ ਇਹ ਕਿਹਾ ਗਿਆ ਹੈ ਕਿ ਯੂਨੀਅਨ ਜਾਂ ਸੂਬਾ ਸਰਕਾਰ ਜਨਤਕ ਐਮਰਜੈਂਸੀ ਜਾਂ ਸੁਰੱਖਿਆ ਦੀ ਹਾਲਤ ਵਿੱਚ ਕਿਸੇ ਵੀ ਦੂਰਸੰਚਾਰ ਸੇਵਾ ਜਾਂ ਨੈੱਟਵਰਕ ਨੂੰ ਵਕਤੀ ਤੌਰ ’ਤੇ ਆਪਣੇ ਕਬਜੇ ਵਿੱਚ ਲੈ ਸਕਦੀ ਹੈ। ਯੂਨੀਅਨ ਜਾਂ ਸੂਬਾ ਸਰਕਾਰ ਦੇ ਅਧਿਕਾਰੀ ਨੂੰ ਇਹ ਖੁੱਲ੍ਹੀ ਤਾਕਤ ਦਿੱਤੀ ਗਈ ਹੈ ਕਿ ਉਹ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਦੁਆਰਾ ਭੇਜੇ ਜਾ ਰਹੇ ਸੁਨੇਹੇ ਦੀ ਜਸੂਸੀ ਕਰ ਸਕੇ ਤੇ ਉਸਨੂੰ ਰੋਕ ਸਕੇ। ਇਹ ਸਰਕਾਰ ਦੇ ਅਧਿਕਾਰੀ ਨੂੰ ਅਥਾਹ ਤਾਕਤ ਦਿੰਦਾ ਹੈ ਕਿ ਉਹ ਹਰ ਇੱਕ ਸੁਨੇਹੇ ਨੂੰ ਕੰਟਰੋਲ ਕਰ ਸਕਣ ਤੇ ਉਸਦੀ ਜਸੂਸੀ ਕਰ ਸਕਣ। ਜਿਸ ਸੁਰੱਖਿਆ ਜਾਂ ਐਮਰਜੈਂਸੀ ਦਾ ਇਸ ਲਈ ਹਵਾਲਾ ਦਿੱਤਾ ਗਿਆ ਹੈ ਉਸ ਨੂੰ ਪ੍ਰੀਭਾਸ਼ਤ ਨਹੀਂ ਕੀਤਾ ਗਿਆ ਕਿ ਅਜਿਹੀ ਕਿਹੜੀ ਹਾਲਤ ਹੈ ਜਿਸ ’ਚ ਸਰਕਾਰ ਅਜਿਹਾ ਕਰੇਗੀ। ਹੁਣ ਤੱਕ ਦਾ ਇਤਿਹਾਸ ਸਾਫ਼ ਦੱਸਦਾ ਹੈ ਕਿ ਸਰਕਾਰਾਂ ਲਈ ਸੁਰੱਖਿਆ ਤੇ ਐਮਰਜੈਂਸੀ ਦਾ ਮਤਲਬ ਹੁੰਦਾ ਹੈ ਆਪਣੇ ਵਿਰੁੱਧ ਉੱਠੀ ਹਰ ਆਵਾਜ਼ ਨੂੰ ਬੰਦ ਕਰਨਾ। ਜਿਸਦੀਆਂ ਤਾਜਾ ਉਦਾਹਰਨਾ ਖੇਤੀ ਕਨੂੰਨਾਂ ਵਿਰੁੱਧ ਚੱਲਿਆ ਘੋਲ਼ ਹੈ ਜਦ ਟਵਿੱਟਰ ਤੋਂ ਕਈ ਖਾਤੇ ਬੰਦ ਕੀਤੇ ਗਏ ਤੇ ਕਈ ਪੋਸਟਾਂ ਹਟਾਈਆਂ ਗਈਆਂ ਸਨ। ਪਰ ਫ਼ਿਰ ਵੀ ਪਹਿਲਾਂ ਟਵਿਟਰ ਵਰਗੇ ਅਦਾਰਿਆਂ ਨੂੰ ਲੋਕਾਂ ਦੁਆਰਾ ਵਿਰੋਧ ਕੀਤੇ ਜਾਣ ’ਤੇ ਮਜਬੂਰੀ ’ਚ ਸਰਕਾਰ ਦੇ ਵਿਰੁੱਧ ਜਾਣਾ ਪਿਆ ਸੀ। ਪਹਿਲਾਂ ਇਹਨਾਂ ਕੰਪਨੀਆਂ ਲਈ ਅਜਿਹਾ ਕਰਨ ਦਾ ਇੱਕ ਕਾਨੂੰਨੀ ਰਾਹ ਸੀ। ਪਰ ਹੁਣ ਸਰਕਾਰ ਨੂੰ ਕਨੂੰਨੀ ਤੌਰ ’ਤੇ ਖੁੱਲ੍ਹਾ ਹੱਥ ਮਿਲ਼ ਗਿਆ ਹੈ ਕਿ ਉਹ ਅਜਿਹਾ ਕਰਨ ਲਈ ਇਹਨਾਂ ਕੰਪਨੀਆਂ ਨੂੰ ਮਜਬੂਰ ਕਰੇ ਜਾਂ ਸਿੱਧਾ ਸੇਵਾਵਾਂ ਹੀ ਬੰਦ ਕਰ ਦੇਵੇ। ਇਸ ਲਈ ਸਾਫ਼ ਹੈ ਕਿ ਇਹ ਕਾਨੂੰਨ ਸਰਕਾਰ ਨੂੰ ਪੂਰੀ ਖੁੱਲ੍ਹ ਦਿੰਦਾ ਹੈ ਕਿ ਉਹ ਜਦੋਂ ਚਾਹੇ ਉਦੋਂ ਅਜਿਹਾ ਕਰ ਸਕਦੀ ਹੈ। ਉਹ ਵੀ ਬਿਨਾਂ ਕਿਸੇ ਪਾਰਦਾਰਸ਼ਤਾ ਤੇ ਜਵਾਬਦੇਹੀ ਦੇ । ਮੌਜੂਦਾ ਕਾਨੂੰਨ ਵਿੱਚ ਪੂਰਾ ਪ੍ਰਬੰਧ ਕੀਤਾ ਗਿਆ ਹੈ ਕਿ ਸਰਕਾਰ ਇੰਟਰਨੈਟ ਰਾਹੀ ਭੇਜੀ ਗਈ ਕਿਸੇ ਵੀ ਸਮੱਗਰੀ ਤੇ ਸੁਨੇਹੇ ਦੀ ਨਿਗਰਾਨੀ ਕਰ ਸਕੇ। ਭਾਰਤ ਸਮੇਤ ਦੁਨੀਆਂ ਭਰ ਦੀਆਂ ਸਰਕਾਰਾਂ ਪਹਿਲਾਂ ਹੀ ਆਪਣੇ ਨਾਗਰਿਕਾਂ ਦੀ ਜਸੂਸੀ ਕਰਦੀਆਂ ਹਨ। ਪਰ ਪਹਿਲਾਂ ਇਹ ਕੰਮ ਟੇਢੀ ਉਂਗਲੀ ਨਾਲ਼ ਕੀਤਾ ਜਾਂਦਾ ਸੀ ਜਿਸ ਲਈ ਸਰਕਾਰ ਨੂੰ ਜਵਾਬਦੇਹ ਹੋਣਾ ਪੈਂਦਾ ਸੀ। ਪੈਗਾਸਸ ਰਾਹੀਂ ਪੱਤਰਕਾਰਾਂ, ਸਮਾਜਿਕ ਕਾਰਕੁੰਨਾ ਤੇ ਸਿਆਸੀ ਵਿਰੋਧੀਆਂ ਦੀ ਜਸੂਸੀ ਦਾ ਮਾਮਲਾ ਸਭ ਨੂੰ ਯਾਦ ਹੀ ਹੋਵੇਗਾ। ਇਸ ਤੋਂ ਇਲਾਵਾ ਇੰਟਰਨੈਟ ਕੰਪਨੀਆਂ ਦੀ ਮਿਲ਼ੀਭੁਗਤ ਨਾਲ਼ ਵੀ ਨਾਗਰਿਕਾਂ ਦੀ ਗੈਰਕਨੂੰਨੀ ਜਸੂਸੀ ਕੀਤੀ ਜਾਂਦੀ ਰਹੀ ਹੈ। ਪਰ ਐਡਵਰਡ ਸਨੌਡਨ ਦੁਆਰਾ ਅਜਿਹੀ ਜਸੂਸੀ ਦੇ ਖੁਲਾਸੇ ਤੋਂ ਬਾਅਦ ਤੇ ਇੰਟਰਨੈਟ ਉੱਪਰ ਨਿੱਜਤਾ ਦੇ ਹੱਕ ਸਬੰਧੀ ਆਈ ਜਾਗਰੂਕਤਾ ਕਾਰਨ ਵਰਤੋਂਕਾਰਾਂ ਦੁਆਰਾ ਇੰਟਰਨੈਟ ਦੀ ਵਰਤੋਂ ਲਈ ‘ਇੰਨਕਰਿਪਟਡ’ ਸੇਵਾਵਾਂ ਦਾ ਇਸਤੇਮਾਲ ਕਰਨ ਦਾ ਰੁਝਾਨ ਵਧਿਆ ਹੈ। ‘ਇਨਕਰਿਪਸ਼ਨ’ ਦਾ ਅਰਥ ਹੈ ਕਿ ਇੱਕ ਸਰੋਤ ਤੋਂ ਦੂਜੇ ਸਰੋਤ ਤੱਕ ਭੇਜੀ ਜਾਂਦੀ ਜਾਣਕਾਰੀ ਜਾਂ ਸੁਨੇਹਾ ਸਿਰਫ਼ ਉਹ ਹੀ ਪੜ੍ਹ ਸਕਦਾ ਹੈ ਜਿਸਨੂੰ ਭੇਜਿਆ ਗਿਆ ਹੈ, ਜੇਕਰ ਰਾਹ ਵਿੱਚ ਕੋਈ ਪੜ੍ਹਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਪੜ੍ਹ ਨਹੀਂ ਸਕਦਾ ਕਿਉਂਕਿ ਇਹ ‘ਇਨਕ੍ਰਿਪਿਟਡ’ ਯਾਨੀ ਗੁਪਤ ਭਾਸ਼ਾ ’ਚ ਹੁੰਦਾ ਹੈ। ਇਸੇ ਕਾਰਨ ਹੀ ਅਜਿਹੀਆਂ ਸੇਵਾਵਾਂ ਪ੍ਰਦਾਨ ਕਰਨ ਵਾਲ਼ੀਆਂ ਕੰਪਨੀਆਂ (ਜਿਵੇਂ ਕਿ ਵਟਸਐਪ ਆਦਿ) ਨੂੰ ਵੀ ਭਾਵੇ ਮਜਬੂਰੀ ’ਚ ਹੀ ‘ਇੰਨਕਰਿਪਸ਼ਨ’ ਦੀ ਸੇਵਾ ਮੁਹੱਈਆ ਕਰਵਾਉਣੀ ਪੈ ਰਹੀ ਹੈ, ਇਹ ਗੱਲ ਵੱਖਰੀ ਹੈ ਕਿ ਅਜਿਹੀਆਂ ਕੰਪਨੀਆਂ ਦੁਆਰਾ ਸਰਕਾਰ ਲਈ ਚੋਰ ਮੋਰੀਆਂ ਵੀ ਰੱਖੀਆਂ ਜਾਂਦੀਆਂ ਹਨ। ਪਰ ‘ਸਿਗਨਲ’, ‘ਪ੍ਰੋਟੋਨ’, ‘ਟੌਰ ਪ੍ਰਜੈਕਟ’ ਅਦਿ ਜਿਹੇ ਕੁਝ ਗੈਰ-ਮੁਨਾਫ਼ਾ ਜਾਂ ‘ਓਪਨ ਸੋਰਸ’ ਅਦਾਰੇ ਵੀ ਹਨ ਜਿਹਨਾਂ ਦੀ ਹੋਂਦ ਹੀ ਵਰਤੋਂਕਾਰਾਂ ਦੀ ਨਿੱਜਤਾ ਨੂੰ ਸੁਰੱਖਿਅਤ ਰੱਖਣ ’ਤੇ ਟਿਕੀ ਹੋਈ ਹੈ। ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਇਹ 100% ਹੀ ਨਿੱਜਤਾ ਤੇ ਸੁਰੱਖਿਆ ਦੀ ਗਰੰਟੀ ਦਿੰਦੇ ਹਨ ਪਰ ਫ਼ਿਰ ਵੀ ਇਹਨਾਂ ਦੀ ਤਕਨੀਕ ਪਾਰਦਰਸ਼ੀ (‘ਓਪਨਸੋਰਸ’) ਹੋਣ ਕਾਰਨ ਇਸਦੀ ਸੰਭਾਵਨਾ ਨਹੀਂ ਹੈ ਕਿ ਇਹ ਕਿਸੇ ਲਈ ਚੋਰ ਮੋਰੀ ਰੱਖਣ। ‘ਓਪਨਸੋਰਸ’ ਦਾ ਮਤਲਬ ਹੈ ਕਿ ਕੋਈ ਵੀ ਇਹ ਦੇਖ ਸਕਦਾ ਹੈ ਕਿ ਇਹ ਤਕਨੀਕੀ ਤੌਰ ’ਤੇ ਕਿਵੇਂ ਕੰਮ ਕਰਦੀ ਹੈ ਭਾਵ ਇਸਦਾ ਕੋਡ ਜਨਤਕ ਹੁੰਦਾ ਹੈ। ਇਹ ‘ਇੰਨਕ੍ਰਿਪਿਸ਼ਨ’ ਜਾਂ ਨਿੱਜਤਾ ਦੀ ਸੁਰੱਖਿਆ ਜਿੱਥੇ ਇੱਕ ਪਾਸੇ ਨਾਗਰਿਕਾਂ ਦਾ ਜਮਹੂਰੀ ਹੱਕ ਹੈ ਓਥੇ ਇਹ ਹੱਕ ਹਕੂਮਤੀ ਜਬਰ ਦੇ ਰਾਹ ਦੀ ਰੁਕਾਵਟ ਵੀ ਹੈ ਤੇ ਇਸ ਰੁਕਾਵਟੇ ਨੂੰ ਉਲੰਘਣ ਲਈ ਭਾਰਤ ਸਰਕਾਰ ਵੀ ਗੈਰ-ਕਨੂੰਨੀ ਤਰੀਕੇ ਜਿਵੇਂ ਪੇਗਾਸਸ ਰਾਹੀਂ ਫ਼ੋਨ ਹੀ ਹੈਕ ਕਰਨਾ ਆਦਿ ਦਾ ਰਾਹ ਅਪਣਾਉਂਦੀ ਰਹੀ ਹੈ। ਪਰ ਹੁਣ ਨਵੇਂ ਕਾਨੂੰਨ ਰਾਹੀਂ ਇਹ ਪ੍ਰਬੰਧ ਕੀਤਾ ਗਿਆ ਹੈ ਕਿ ਸਰਕਾਰ ਇਹਨਾਂ ਕੰਪਨੀਆਂ ਨੂੰ ਕਨੂੰਨੀ ਤੌਰ ’ਤੇ ਮਜਬੂਰ ਕਰ ਸਕੇ ਕਿ ਉਹ ਨਾਗਰਿਕਾਂ ਦੀ ਇੰਟਰਨੈਟ ਰਾਹੀਂ ਨਿਗਰਾਨੀ ਕਰ ਸਕੇ ਕਿ ਕੌਣ ਕਿਸਨੂੰ ਕੀ ਭੇਜ ਰਿਹਾ ਹੈ। ਇਸ ਲਈ ਸਰਕਾਰ ਨੇ ‘ਲਸੰਸੀ ਪ੍ਰਬੰਧ’ ਕਾਇਮ ਕੀਤਾ ਹੈ।

# ਕੀ 2024 ਦੌਰਾਨ ਦੇਸ਼ ਤੇ ਰਾਜਨੀਤੀ ਬਦਲੇਗੀ ?



**ਅਭੈ ਦੂਬੇ**
ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ 'ਚ ਪ੍ਰੋਫ਼ੈਸਰ ਅਤੇ ਭਾਰਤੀ ਭਾਸ਼ਾਵਾਂ 'ਚ ਅਭਿਲੇਖਾਗਰੀ ਖੋਜ ਪ੍ਰੋਗਰਾਮ ਦੇ ਨਿਰਦੇਸ਼ਕ ਹਨ।



ਆਖ਼ਰਕਾਰ 2023 ਗੁਜ਼ਰ ਹੀ ਗਿਆ। ਦਰਅਸਲ, ਇਹ ਸਾਲ ਬਹੁਤ ਲੰਬਾ ਜਾਪ ਰਿਹਾ ਸੀ। ਇਸ 'ਚ ਘਟਨਾਵਾਂ ਦੀ ਰਫ਼ਤਾਰ ਇੰਨੀ ਤੇਜ਼ ਸੀ ਕਿ ਇਨ੍ਹਾਂ ਬਾਰਾਂ ਮਹੀਨਿਆਂ 'ਚ ਪੂਰੇ ਦੇਸ਼, ਸਮਾਜ ਅਤੇ ਉਸ ਦੀ ਜ਼ਿੰਦਗੀ ਇੱਕ ਬਹੁਤ ਵੱਡੇ ਬਦਲਾਅ ਦੀ ਕਗਾਰ 'ਤੇ ਪਹੁੰਚਦੀ ਹੋਈ ਦਿਖਾਈ ਦਿੱਤੀ। ਇਸੇ ਸਾਲ ਦੇਸ਼ ਨੂੰ ਇੱਕ ਨਵੀਂ ਫ਼ੌਜਦਾਰੀ ਸੰਹਿਤਾ ਮਿਲੀ। ਲੋਕਾਂ ਨੂੰ ਅਜੇ ਇਸ ਗੱਲ ਦਾ ਅਹਿਸਾਸ ਹੀ ਨਹੀਂ ਹੈ ਕਿ ਸੰਸਦ ਵੱਲੋਂ ਪਾਸ ਨਵੀਂ ਅਪਰਾਧ ਸੰਹਿਤਾ ਦਾ ਉਨ੍ਹਾਂ ਦੀ ਜ਼ਿੰਦਗੀ 'ਤੇ ਕਿੰਨਾ ਡੂੰਘਾ ਅਸਰ ਪੈਣ ਵਾਲਾ ਹੈ।

ਕਾਨੂੰਨ ਦੇ ਕਈ ਜਾਣਕਾਰਾਂ ਨੂੰ ਲੱਗ ਰਿਹਾ ਹੈ ਕਿ ਅੱਜ ਵਕੀਲਾਂ ਦੀਆਂ ਅਲਮਾਰੀਆਂ 'ਚ ਸਜੀਆਂ ਮੋਟੀਆਂ-ਮੋਟੀਆਂ ਕਿਤਾਬਾਂ ਜ਼ਿਆਦਾਤਰ ਬੇਕਾਰ ਹੋ ਗਈਆਂ ਹਨ। ਇਨ੍ਹਾਂ ਕਿਤਾਬਾਂ 'ਚ ਵੱਡੀਆਂ ਅਦਾਲਤਾਂ ਦੇ ਫ਼ੈਸਲਿਆਂ ਨੂੰ ਸੰਕਲਿਤ ਕੀਤਾ ਜਾਂਦਾ ਰਿਹਾ ਹੈ। ਇਹ ਫ਼ੈਸਲੇ ਨਜ਼ੀਰ ਬਣ ਜਾਂਦੇ ਹਨ, ਜਿਨ੍ਹਾਂ ਦੇ ਆਧਾਰ 'ਤੇ ਵਕੀਲਾਂ ਨੂੰ ਦੂਜੇ ਮੁਕੱਦਮਿਆਂ ਨੂੰ ਲੜਨ ਅਤੇ ਜੱਜਾਂ ਨੂੰ ਫ਼ੈਸਲੇ ਦੇਣ 'ਚ ਮਦਦ ਮਿਲਦੀ ਹੈ, ਪਰ ਹੁਣ ਤਾਂ ਕਾਨੂੰਨ ਹੀ ਕੁਝ ਦਾ ਕੁਝ ਹੋ ਗਿਆ ਹੈ। ਪਿਛਲੀਆਂ ਨਜ਼ੀਰਾਂ ਸ਼ਾਇਦ ਹੁਣ ਬੇਕਾਰ ਹੋ ਗਈਆਂ ਹਨ। ਹੁਣ ਨਵੇਂ ਕਾਨੂੰਨ ਮੁਤਾਬਿਕ ਦਿੱਤੇ ਜਾਣ ਵਾਲੇ ਫ਼ੈਸਲੇ ਜਦੋਂ ਜਮ੍ਹਾਂ ਹੋਣਗੇ ਤਾਂ ਫ਼ਿਰ ਤੋਂ ਨਵੀਆਂ ਮੋਟੀਆਂ-ਮੋਟੀਆਂ ਕਿਤਾਬਾਂ ਅਲਮਾਰੀਆਂ 'ਚ ਸਜਣਗੀਆਂ।

ਇਸੇ ਸਾਲ ਦੇਸ਼ ਦੇ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਆਪਣੀ ਏਕਤਾ ਕਰਨ ਲਈ ਇੱਕ ਕੌਮੀ ਮੋਰਚਾ ਬਣਾਇਆ। ਇਸ ਦਾ ਨਾਂਅ 'ਇੰਡੀਆ' ਰੱਖਿਆ ਗਿਆ। ਇਸ ਤੋਂ ਭਾਜਪਾ ਹਲਕਿਆਂ ਵਿੱਚ ਕੁਝ ਬੇਚੈਨੀ ਪੈਦਾ ਹੋਈ। ਕੁਝ ਦਿਨ ਤਾਂ ਮੋਦੀ ਅਤੇ ਉਨ੍ਹਾਂ ਦੇ ਰਣਨੀਤੀਕਾਰਾਂ ਨੂੰ ਸਮਝ ਵਿੱਚ ਹੀ ਨਹੀਂ ਆਇਆ ਕਿ ਇਸ ਘਟਨਾਕ੍ਰਮ ਦਾ ਮੁਕਾਬਲਾ ਕਿਵੇਂ ਕੀਤਾ ਜਾਵੇ। ਆਖ਼ਰ ਵਿੱਚ ਉਹ ਉਸ ਨੂੰ 'ਘਮੰਡੀਆ' ਕਹਿ ਕੇ ਅਪਮਾਨ ਕਰਨ ਲੱਗੇ। ਜੋ ਵੀ ਹੋਵੇ, ਮੋਦੀ ਨੂੰ ਅਜੇ ਤੱਕ ਲੱਗ ਰਿਹਾ ਹੈ ਕਿ ਕਿਤੇ ਚੋਣ ਨਤੀਜੇ ਮਿਲੀਜੁਲੀ ਸਰਕਾਰ ਦੀ ਸਥਿਤੀ ਨਾ ਪੈਦਾ ਕਰ ਦੇਣ। ਇਸ ਲਈ ਉਨ੍ਹਾਂ ਨੇ ਸਾਲ ਦੇ ਆਖ਼ਰੀ ਮਹੀਨਿਆਂ 'ਚ ਖ਼ੁਦ ਨੂੰ ਭਰੋਸਾ ਦੇਣ ਲਈ ਬਿਆਨ ਦਿੱਤਾ ਹੈ ਕਿ ਦੇਸ਼ ਵਿਚ ਮਿਲੀਜੁਲੀ ਸਰਕਾਰ ਨਾ ਬਣਨ ਦੇ ਪ੍ਰਤੀ ਇੱਕ ਆਮ ਸਹਿਮਤੀ ਬਣ ਚੁੱਕੀ ਹੈ। ਦਰਅਸਲ, 'ਇੰਡੀਆ' ਗੱਠਜੋੜ ਦਾ ਬਣਨਾ ਪਿਛਲੇ ਦਸ ਸਾਲਾਂ 'ਚ ਹੋਈ ਇੱਕ ਬੇਹੱਦ ਅਹਿਮ ਘਟਨਾ ਹੈ। ਇਸ ਨਾਲ ਰਾਜਨੀਤੀ ਦਾ ਮੌਜੂਦਾ ਢਾਂਚਾ ਬਦਲ ਸਕਦਾ ਹੈ।

2014 'ਚ ਕਾਂਗਰਸ ਸੱਤਾਧਾਰੀ ਪਾਰਟੀ ਸੀ ਅਤੇ ਭਾਜਪਾ ਵਿਰੋਧੀ ਧਿਰ ਵਿੱਚ ਰਹਿ ਕੇ ਮੋਦੀ ਦੀ ਅਗਵਾਈ ਵਿੱਚ ਉਸ ਨੂੰ ਚੁਣੌਤੀ ਦੇ ਰਹੀ ਸੀ। ਵਿਰੋਧੀ ਧਿਰ ਦੀ ਕਿਸੇ ਏਕਤਾ ਦੀ ਗੁੰਜਾਇਸ਼ ਹੀ ਨਹੀਂ ਸੀ। 2019 'ਚ ਜਦੋਂ ਕਾਂਗਰਸ ਨੇ ਦੇਖਿਆ ਕਿ ਉਸ ਨੇ ਕਰਨਾਟਕ, ਛੱਤੀਸਗੜ੍ਹ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਭਾਜਪਾ ਨੂੰ ਸਰਕਾਰ ਬਣਾਉਣ ਤੋਂ ਰੋਕ ਦਿੱਤਾ ਹੈ ਤਾਂ ਉਸ ਨੂੰ ਲੱਗਾ ਕਿ ਉਹ ਇਕੱਲਿਆਂ ਹੀ ਮੋਦੀ ਨੂੰ ਹਰਾ ਸਕਦੀ ਹੈ। ਇਸੇ ਭੁਲੇਖੇ ਕਾਰਨ ਵਿਰੋਧੀ ਏਕਤਾ ਦੀ ਕੋਸ਼ਿਸ਼ ਹੀ ਨਹੀਂ ਕੀਤੀ ਗਈ। ਹਾਲਾਂਕਿ 'ਇੰਡੀਆ' ਗੱਠਜੋੜ ਸੀਟਾਂ ਦਾ ਤਾਲਮੇਲ ਕਰਨ ਵਿੱਚ ਕਾਫ਼ੀ ਦੇਰ ਕਰ ਰਿਹਾ ਹੈ, ਫ਼ਿਰ ਵੀ ਜੇਕਰ ਜਨਵਰੀ ਦੇ ਅੰਤ ਤੱਕ ਉਸ ਨੇ ਕੁਝ ਤਾਲਮੇਲ ਕਰ ਲਿਆ ਤਾਂ ਉਹ ਭਾਜਪਾ ਅਤੇ ਮੋਦੀ ਦੀਆਂ ਯੋਜਨਾਵਾਂ ਨੂੰ ਕੁਝ ਹੱਦ ਤਕ ਪ੍ਰੇਸ਼ਾਨ ਕਰ ਸਕਦਾ ਹੈ।

ਸਾਲ ਦੀ ਤੀਸਰੀ ਵੱਡੀ ਘਟਨਾ ਅਯੁੱਧਿਆ ਉਤਸਵ ਦੀਆਂ ਤਿਆਰੀਆਂ ਅਤੇ ਉਸ ਦਾ ਪ੍ਰਚਾਰ ਹੈ। 22 ਜਨਵਰੀ ਨੂੰ ਪ੍ਰਧਾਨ ਮੰਤਰੀ ਰਾਮਲੱਲਾ ਦੇ ਮੰਦਰ 'ਚ ਮੂਰਤੀ ਸਥਾਪਨਾ ਕਰਨਗੇ। ਇੰਨੀਆਂ ਜ਼ਬਰਦਸਤ ਤਿਆਰੀਆਂ ਅਤੇ ਪ੍ਰਚਾਰ ਦੇਸ਼ ਵਿੱਚ ਸ਼ਾਇਦ ਹੀ ਕਿਸੇ ਸਮਾਰੋਹ ਦਾ ਹੋਇਆ ਹੋਵੇ। ਸਾਡਾ ਸਿਆਸੀ ਪ੍ਰਭਾਵ ਪਹਿਲਾਂ ਹੀ ਹਿੰਦੂਤਵ ਵੱਲ ਨਿਸਚਿਤ ਤੌਰ 'ਤੇ ਝੁਕਿਆ ਹੋਇਆ ਹੈ। ਅਯੁੱਧਿਆ ਉਤਸਵ ਨੇ ਇਸ ਪ੍ਰਭਾਵ ਨੂੰ ਸਿਖ਼ਰਾਂ 'ਤੇ ਪਹੁੰਚਾ ਦਿੱਤਾ ਹੈ। ਭਾਜਪਾ ਨੂੰ ਲਗਦਾ ਹੈ ਕਿ ਉਸ ਨੂੰ ਚੋਣਾਂ ਤੋਂ ਠੀਕ ਪਹਿਲਾਂ ਹੋਣ ਵਾਲੇ ਇਸ ਸਮਾਰੋਹ ਦਾ ਲਾਭ ਵੋਟਾਂ 'ਚ ਵਾਧੇ ਦੇ ਰੂਪ 'ਚ ਮਿਲੇਗਾ। ਦਾਅਵਾ ਕੀਤਾ ਜਾ ਰਿਹਾ ਹੈ ਕਿ ਭਗਵਾਨ ਰਾਮ ਤ੍ਰੇਤਾਯੁੱਗ 'ਚ ਹੋਏ ਸਨ। ਇਸ ਲਈ ਅਯੁੱਧਿਆ 'ਚ ਸੱਚਮੁੱਚ ਤ੍ਰੇਤਾਯੁੱਗ ਨੂੰ ਉਤਾਰ ਦਿੱਤਾ ਜਾਵੇਗਾ। ਉੱਥੇ ਦਿਨ-ਰਾਤ ਅਤੇ ਸਾਲ 'ਚ 265 ਦਿਨ ਰਾਮਲੀਲ੍ਹਾ ਹੁੰਦੀ ਰਹੇਗੀ। ਉਹ ਧਾਰਮਿਕ ਸੈਰ-ਸਪਾਟੇ ਦਾ ਦੁਨੀਆ 'ਚ ਸਭ ਤੋਂ ਵੱਡਾ ਕੇਂਦਰ ਬਣਨ ਜਾ ਰਿਹਾ ਹੈ। ਭਾਵ, ਬਾਕੀ ਦੇਸ਼ ਕਲਯੁੱਗ 'ਚ ਰਹੇਗਾ ਅਤੇ ਅਸੀਂ ਚਾਹਵਾਂਗੇ ਤਾਂ ਤ੍ਰੇਤਾਯੁੱਗ ਅਤੇ ਕਲਯੁੱਗ ਵਿਚਾਲੇ ਜਹਾਜ਼, ਰੇਲ, ਕਾਰ ਆਦਿ ਨਾਲ ਆ-ਜਾ ਸਕਦੇ ਹਾਂ।

ਫ਼ਿਲਹਾਲ, ਸ਼ੰਕਰਾਚਾਰੀਆ ਅਤੇ ਵੈਸ਼ਨਵ ਸਨਾਤਨੀ ਪਰੰਪਰਾ ਦੇ ਜਾਣਕਾਰਾਂ ਦਾ ਕਹਿਣਾ ਹੈ ਕਿ ਕਿਸੇ ਅਧੂਰੇ ਮੰਦਰ 'ਚ ਮੂਰਤੀ ਸਥਾਪਨਾ ਨਹੀਂ ਕੀਤੀ ਜਾ ਸਕਦੀ। ਅਜੇ ਇਸ ਮੰਦਰ ਦਾ ਸਿਰਫ਼ 'ਗਰਾਊਂਡ ਫ਼ਲੋਰ' (ਹੇਠਲੀ ਇਮਾਰਤ) ਹੀ ਬਣੀ ਹੈ। ਦੂਜਾ ਇਤਰਾਜ਼ ਇਹ ਕੀਤਾ ਜਾ ਰਿਹਾ ਹੈ ਕਿ ਜੇਕਰ ਕੋਈ ਵਿਅਕਤੀ ਵਿਆਹਿਆ ਹੋਇਆ ਹੈ ਤਾਂ ਉਹ ਆਪਣੀ ਪਤਨੀ ਦੇ ਬਿਨਾਂ ਮੂਰਤੀ ਸਥਾਪਨਾ ਦੇ ਕਰਮਕਾਂਡ 'ਚ ਭਾਗ ਨਹੀਂ ਲੈ ਸਕਦਾ। ਅਸਲ 'ਚ ਪੁਜਾਰੀਵਾਦ ਦੇ ਇਨ੍ਹਾਂ ਮਾਹਿਰਾਂ ਨੇ ਇਸ ਹਕੀਕਤ ਨੂੰ ਨਜ਼ਰਅੰਦਾਜ਼ ਕਰ ਦਿੱਤਾ ਹੈ ਕਿ ਅਯੁੱਧਿਆ ਉਤਸਵ ਆਪਣੇ ਕਿਰਦਾਰ 'ਚ ਕੋਈ ਧਾਰਮਿਕ ਜਾਂ ਅਧਿਆਤਮਿਕ ਘਟਨਾਕ੍ਰਮ ਨਹੀਂ ਹੈ। ਇਹ ਤਾਂ ਇੱਕ ਸਿਆਸੀ ਪ੍ਰਾਜੈਕਟ ਦੀ ਅਹਿਮ ਮੰਜ਼ਿਲ ਹੈ। ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਇਹ ਪ੍ਰਾਜੈਕਟ 1925 'ਚ ਸ਼ੁਰੂ ਹੋਇਆ ਸੀ। ਸਾਲ ਭਰ ਬਾਅਦ ਇਹ ਸੌ ਸਾਲ ਪੁਰਾਣਾ ਹੋ ਜਾਵੇਗਾ।

ਵਿਰੋਧੀ ਧਿਰ ਦੀ ਏਕਤਾ ਦੀਆਂ ਸੰਭਾਵਨਾਵਾਂ ਨੂੰ ਕਮਜ਼ੋਰ ਕਰਨ ਲਈ ਸਰਕਾਰੀ ਪਾਰਟੀ ਨੇ ਮੀਡੀਆ ਦੀ ਮਦਦ ਨਾਲ ਇਕ ਮਨੋਵਿਗਿਆਨਕ ਯੁੱਧ ਵੀ ਛੇੜਿਆ ਹੋਇਆ ਹੈ। ਇਸ ਅਨੋਖੇ ਯੁੱਧ ਦਾ ਨਮੂਨਾ ਵੀ ਇਸੇ ਸਾਲ ਦੇਖਣ ਨੂੰ ਮਿਲਿਆ। ਇਸ ਰਣਨੀਤੀ ਨੂੰ ਪ੍ਰਵਾਨ ਉਸ ਸਮੇਂ ਚੜ੍ਹਾਇਆ ਗਿਆ, ਜਦੋਂ ਨਿਤਿਸ਼ ਕੁਮਾਰ ਨੇ ਵਿਧਾਨ ਸਭਾ 'ਚ ਔਰਤਾਂ ਸੰਬੰਧੀ ਇੱਕ ਅਜਿਹਾ ਬਿਆਨ ਦਿੱਤਾ, ਜਿਸ ਦੀ ਉਨ੍ਹਾਂ ਤੋਂ ਉਮੀਦ ਨਹੀਂ ਸੀ। ਇਸ ਦੇ ਤੁਰੰਤ ਬਾਅਦ ਇੱਕ ਦੋਹਰਾ ਹਮਲਾ ਸ਼ੁਰੂ ਹੋ ਗਿਆ। ਇੱਕ ਪਾਸੇ ਤਾਂ ਵਾਰ-ਵਾਰ ਇਹ ਕਿਹਾ ਗਿਆ ਕਿ ਮੁੱਖ ਮੰਤਰੀ ਦਾ ਦਿਮਾਗ਼ੀ ਸੰਤੁਲਨ ਵਿਗੜ ਗਿਆ ਹੈ ਅਤੇ ਉਨ੍ਹਾਂ ਦੀ ਸਿਹਤ ਲਾਲੂ ਯਾਦਵ ਦਾ ਪਰਿਵਾਰ ਇੱਕ ਖ਼ੁਫ਼ੀਆ ਦਵਾਈ ਦੇ ਕੇ ਖ਼ਰਾਬ ਕਰ ਰਿਹਾ ਹੈ ਤਾਂ ਕਿ ਤੇਜਸਵੀ ਯਾਦਵ ਨੂੰ ਜਲਦ ਤੋਂ ਜਲਦ ਮੁੱਖ ਮੰਤਰੀ ਦੀ ਕੁਰਸੀ 'ਤੇ ਬਿਠਾਇਆ ਜਾ ਸਕੇ। ਦੂਜੇ ਪਾਸੇ ਇਹ ਕਿਹਾ ਗਿਆ ਕਿ ਨਿਤਿਸ਼ 'ਇੰਡੀਆ' ਗੱਠਜੋੜ 'ਚ ਖ਼ੁਦ ਨੂੰ ਨਜ਼ਅੰਦਾਜ਼ ਕੀਤੇ ਜਾਣ ਤੋਂ ਨਾਰਾਜ਼ ਹਨ ਅਤੇ ਇਸ ਲਈ ਉਹ ਇਕ ਵਾਰ ਫ਼ਿਰ ਪਲਟੀ ਮਾਰ ਕੇ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) 'ਚ ਜਾਣ ਵਾਲੇ ਹਨ। ਪਹਿਲੀ ਨਜ਼ਰ 'ਚ ਹੀ ਇਹ ਦੋਵੇਂ ਗੱਲਾਂ ਵਿਰੋਧਾਭਾਸੀ ਲੱਗ ਸਕਦੀਆਂ ਹਨ। ਜੇਕਰ ਨਿਤਿਸ਼ ਨੂੰ ਦਿਮਾਗ਼ੀ ਤੌਰ 'ਤੇ ਕਮਜ਼ੋਰ ਕਰ ਦਿੱਤਾ ਗਿਆ ਹੈ ਤਾਂ ਫ਼ਿਰ ਉਹ ਪਲਟੀ ਮਾਰਨ ਵਰਗੀ ਯੋਜਨਾਬੱਧ ਕਾਰਵਾਈ ਨੂੰ ਕਿਵੇਂ ਅੰਜਾਮ ਦੇ ਸਕਦੇ ਹਨ। ਜੋ ਵੀ ਹੋਵੇ, ਮਨੋਵਿਗਿਆਨਕ ਯੁੱਧ ਦਾ ਇਹ ਹੱਥਕੰਡਾ ਅਧਿਐਨ ਦੇ ਕਾਬਿਲ ਹੈ। ਮਨੋਵਿਗਿਆਨਕ ਯੁੱਧ ਦਾ ਇੱਕ ਦੂਜਾ ਘਟਨਾਕ੍ਰਮ ਵੀ ਕਾਬਿਲੇ ਗ਼ੌਰ ਹੈ। ਇੱਕ ਬਿਰਤਾਂਤ ਇਹ ਚਲਾਇਆ ਜਾ ਰਿਹਾ ਹੈ ਕਿ ਕਾਂਗਰਸ ਦੋ ਧੜਿਆਂ 'ਚ ਵੰਡੀ ਗਈ ਹੈ। ਇੱਕ ਧੜਾ ਰਾਹੁਲ ਗਾਂਧੀ ਦਾ ਹੈ ਅਤੇ ਦੂਜਾ ਪ੍ਰਿਅੰਕਾ ਗਾਂਧੀ ਵਾਡਰਾ ਦਾ। ਦੋਵਾਂ 'ਚ ਜੰਗ ਛਿੜੀ ਹੋਈ ਹੈ। ਛੋਟੀਆਂ-ਮੋਟੀਆਂ ਘਟਨਾਵਾਂ ਦਾ ਜੋੜ-ਤੋੜ ਕਰ ਕੇ ਇਸ ਧੜੇਬਾਜ਼ੀ ਦਾ ਖਾਕਾ ਤਿਆਰ ਕੀਤਾ ਜਾ ਰਿਹਾ ਹੈ। ਖ਼ਾਸ ਗੱਲ ਇਹ ਹੈ ਕਿ ਵਿਰੋਧੀ ਧਿਰ ਦੀ ਏਕਤਾ ਦੇ ਕਈ ਤਰਫ਼ਦਾਰ ਵੀ ਇਸ ਬਿਰਤਾਂਤ 'ਚ ਫ਼ਸਦੇ ਦਿਖਾਈ ਦੇ ਰਹੇ ਹਨ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਮਨੋਵਿਗਿਆਨਕ ਯੁੱਧ ਕਿੰਨਾ ਪ੍ਰਭਾਵੀ ਹੈ। ਸਾਲ ਦੇ ਆਖ਼ਰੀ ਦਿਨਾਂ ਤੋਂ ਇਹ ਸਵਾਲ ਹਵਾ ਵਿੱਚ ਲਟਕਿਆ ਹੋਇਆ ਹੈ ਕਿ, ਕੀ ਵਿਰੋਧੀ ਧਿਰ ਇਸ ਵਾਰ ਆਪਣੀ ਏਕਤਾ ਦਾ ਸੂਚਕਅੰਕ ਇੱਕ ਹੱਦ ਤੱਕ ਦਿਖਾ ਸਕੇਗੀ? ਵਿਰੋਧੀ ਧਿਰ ਜਾਣਦੀ ਹੈ ਕਿ ਕਰਨਾਟਕ, ਪੱਛਮੀ ਬੰਗਾਲ, ਬਿਹਾਰ ਅਤੇ ਮਹਾਰਾਸ਼ਟਰ ਦੀਆਂ ਕੁੱਲ ਮਿਲਾ ਕੇ 158 ਸੀਟਾਂ 'ਤੇ ਐਨ.ਡੀ.ਏ. ਨੂੰ ਆਪਣੀ ਜਿੱਤ 'ਤੇ ਬਹੁਤਾ ਯਕੀਨ ਨਹੀਂ ਹੈ। ਜੇਕਰ ਵਿਰੋਧੀ ਧਿਰ ਪ੍ਰਭਾਵੀ ਰਣਨੀਤੀ ਬਣਾ ਕੇ ਇਨ੍ਹਾਂ ਚਾਰਾਂ ਰਾਜਾਂ 'ਚ ਭਾਜਪਾ ਨੂੰ ਹੋਰ ਘਟਾ ਸਕੇ ਤਾਂ ਉਹ 2024 ਨੂੰ 2019 ਬਣਨ ਤੋਂ ਰੋਕ ਸਕਦੀ ਹੈ, ਪਰ ਕੀ ਉਹ ਅਜਿਹਾ ਕਰ ਸਕੇਗੀ? ਇਹ ਹੁਣ ਵੇਖਣਾ ਹੋਵੇਗਾ।

# ਬੇਰੁਜ਼ਗਾਰੀ ਤੋਂ ਵੀ ਵੱਡੀ ਸਮੱਸਿਆ ਅਰਧ-ਬੇਰੁਜ਼ਗਾਰੀ



**ਡਾ. ਸ. ਸ. ਛੀਨਾ**

ਆਮਦਨ ਦੀ ਨਾ-ਬਰਾਬਰੀ, ਬੇਰੁਜ਼ਗਾਰੀ ਅਤੇ ਗ਼ਰੀਬੀ ਇਹ ਤਿੰਨੇ ਹੀ ਤੱਤ ਇੱਕ ਦੂਜੇ ਨਾਲ ਜੁੜੇ ਹੋਏ ਹਨ। ਜਿੱਥੇ ਵੀ ਆਮਦਨ ਦੀ ਨਾ-ਬਰਾਬਰੀ ਹੈ ਉਸ ਦੇਸ਼ ਵਿੱਚ ਬੇਰੁਜ਼ਗਾਰੀ, ਸ਼ੋਸ਼ਣ, ਸਮਾਜਿਕ ਬੁਰਾਈਆਂ ਜਿਵੇਂ ਬੱਚਿਆਂ ਦੀ ਕਿਰਤ ਆਦਿ ਸਭ ਕੁਝ ਆਪਣੇ ਆਪ ਆ ਜਾਂਦਾ ਹੈ। ਜਿੱਥੇ ਆਮਦਨ ਬਰਾਬਰ ਹੈ ਜਿਵੇਂ ਦੁਨੀਆਂ ਦੇ ਵਿਕਸਤ ਦੇਸ਼ਾਂ ਵਿੱਚ, ਜਿਨ੍ਹਾਂ ਵਿੱਚ ਕੈਨੇਡਾ, ਅਮਰੀਕਾ, ਆਸਟਰੇਲੀਆ ਅਤੇ ਯੂਰਪ ਦੇ ਦੇਸ਼ ਆਉਂਦੇ ਹਨ, ਉਨ੍ਹਾਂ ਵਿੱਚ ਕਈ ਮੰਤਰੀਆਂ ਕੋਲ ਵੀ ਡਰਾਈਵਰ ਇਸ ਕਰਕੇ ਨਹੀਂ ਕਿਉਂਕਿ ਉਨ੍ਹਾਂ ਦੀਆਂ ਤਨਖਾਹਾਂ ਅਤੇ ਮੰਤਰੀਆਂ ਦੀਆਂ ਤਨਖਾਹਾਂ ਵਿੱਚ ਵੀ ਫ਼ਰਕ ਨਹੀਂ। ਇਸ ਤਰ੍ਹਾਂ ਹੀ ਘਰਾਂ ਵਿੱਚ ਨੌਕਰ ਨਹੀਂ ਅਤੇ ਕਿਤੇ ਵੀ ਬੱਚਿਆਂ ਦੀ ਕਿਰਤ ਵਰਗੀ ਬੁਰਾਈ ਨਹੀਂ। ਭਾਰਤ ਵਿੱਚ ਸੁਤੰਤਰਤਾ ਤੋਂ ਬਾਅਦ ਬੇਰੁਜ਼ਗਾਰੀ ਦੀ ਸਮੱਸਿਆ ਸਭ ਤੋਂ ਵੱਡੀ ਸਮੱਸਿਆ ਰਹੀ ਹੈ। ਇਹੋ ਵਜ੍ਹਾ ਹੈ ਕਿ ਹਰ ਚੋਣ ਦੇ ਸਮੇਂ ਵੱਖ-ਵੱਖ ਪਾਰਟੀਆਂ ਵੱਲੋਂ ਰੁਜ਼ਗਾਰ ਵਧਾਉਣ ਦੇ ਵੱਡੇ-ਵੱਡੇ ਵਾਅਦੇ ਕੀਤੇ ਜਾਂਦੇ ਹਨ।

ਸਾਲ 1950 ਵਿੱਚ ਜਦੋਂ ਯੋਜਨਾਵਾਂ ਅਪਣਾਈਆਂ ਗਈਆਂ ਉਸ ਵਕਤ ਭਾਵੇਂ ਖੇਤੀ ਨੂੰ ਪਹਿਲੀ ਤਰਜੀਹ ਦਿੱਤੀ ਗਈ ਸੀ, ਪਰ ਰੁਜ਼ਗਾਰ ਵਧਾਉਣ ਲਈ ਖੇਤੀ ਉਦਯੋਗਾਂ ਅਤੇ ਸੇਵਾਵਾਂ ਦੇ ਖੇਤਰ ਵਿੱਚ ਖ਼ਾਸ ਧਿਆਨ ਦਿੱਤਾ ਗਿਆ ਸੀ। ਹਰ ਯੋਜਨਾ ਦੇ ਖ਼ਤਮ ਹੋਣ ਦੇ ਸਮੇਂ, ਯੋਜਨਾ ਦੇ ਸ਼ੁਰੂ ਹੋਣ ਦੇ ਸਮੇਂ ਨਾਲੋਂ ਬੇਰੁਜ਼ਗਾਰਾਂ ਦੀ ਗਿਣਤੀ ਵਧ ਜਾਂਦੀ ਸੀ। ਇਨ੍ਹਾਂ ਪ੍ਰਤੱਖ ਤੌਰ 'ਤੇ ਬੇਰੁਜ਼ਗਾਰਾਂ ਨਾਲੋਂ ਵੀ ਵੱਡੀ ਸਮੱਸਿਆ ਭਾਰਤ ਵਿੱਚ ਅਰਧ ਬੇਰੁਜ਼ਗਾਰੀ ਦੀ ਹੈ ਜਿਹੜੀ ਭਾਵੇਂ ਪ੍ਰਤੱਖ ਤੌਰ 'ਤੇ ਨਜ਼ਰ ਨਹੀਂ ਆਉਂਦੀ, ਪਰ ਉਹ ਖੁਸ਼ਹਾਲੀ ਵਿੱਚ ਸਭ ਤੋਂ ਵੱਡੀ ਰੁਕਾਵਟ ਹੈ।

ਭਾਰਤ ਖੇਤੀ ਪ੍ਰਧਾਨ ਦੇਸ਼ ਹੈ ਅਤੇ ਅਜੇ ਵੀ ਪ੍ਰਤੱਖ ਜਾਂ ਅਪ੍ਰਤੱਖ ਤੌਰ 'ਤੇ ਦੇਸ਼ ਦੀ 60 ਫ਼ੀਸਦੀ ਵਸੋਂ ਖੇਤੀ 'ਤੇ ਨਿਰਭਰ ਕਰਦੀ ਹੈ, ਪਰ ਭਾਰਤ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਖੇਤੀ ਦਾ ਹਿੱਸਾ ਸਿਰਫ਼ 14 ਫ਼ੀਸਦੀ ਹੈ ਜਾਂ 60 ਫ਼ੀਸਦੀ ਵਸੋਂ ਦੇ ਹਿੱਸੇ 14 ਫ਼ੀਸਦੀ ਆਮਦਨ ਆਉਂਦੀ ਹੈ ਜਦੋਂ ਕਿ ਬਾਕੀ 40 ਫ਼ੀਸਦੀ ਦੇ ਹਿੱਸੇ ਬਾਕੀ ਦੀ 86 ਫ਼ੀਸਦੀ ਆਮਦਨ ਆਉਂਦੀ ਹੈ ਜਿਹੜੀ ਇਸ ਗੱਲ ਨੂੰ ਸਪੱਸ਼ਟ ਕਰਦੀ ਹੈ ਕਿ ਖੇਤੀ ਵਿੱਚ ਵੱਡੀ ਪੱਧਰ 'ਤੇ ਅਰਧ ਬੇਰੁਜ਼ਗਾਰੀ ਹੈ। ਇਹ ਅਰਧ ਬੇਰੁਜ਼ਗਾਰੀ ਸੁਤੰਤਰਤਾ ਦੇ ਸਮੇਂ ਤੋਂ ਬਾਅਦ ਇਸ ਕਰਕੇ ਵਧੀ ਹੈ ਕਿਉਂਕਿ ਖੇਤੀ 'ਤੇ ਨਿਰਭਰ ਵਸੋਂ ਘਟਣ ਦੇ ਬਜਾਏ ਵਧਦੀ ਗਈ ਹੈ ਜਿਸ ਨੇ ਜੋਤ ਦਾ ਆਕਾਰ ਘੱਟ ਕਰ ਦਿੱਤਾ ਹੈ। ਇਸ ਵਕਤ 90 ਫ਼ੀਸਦੀ ਜੋਤਾਂ 5 ਏਕੜ ਤੋਂ ਘੱਟ ਹਨ ਜਿਨ੍ਹਾਂ ਕੋਲ ਲੋੜੀਂਦਾ ਕੰਮ ਨਹੀਂ, ਜੇ ਕੰਮ ਨਹੀਂ ਤਾਂ ਉਤਪਾਦਨ ਨਹੀਂ ਅਤੇ ਨਾਲ ਹੀ ਆਮਦਨ ਨਹੀਂ। ਭਾਵੇਂ ਸਾਰੇ ਹੀ ਖੇਤੀ ਪ੍ਰਧਾਨ ਦੇਸ਼ਾਂ ਵਿੱਚ ਅਰਧ ਬੇਰੁਜ਼ਗਾਰੀ ਤਾਂ ਹੈ, ਪਰ ਭਾਰਤ ਵਿੱਚ ਦੁਨੀਆ ਦੀ ਸਭ ਤੋਂ ਜ਼ਿਆਦਾ ਵਸੋਂ ਹੋਣ ਕਰਕੇ ਅਤੇ ਜ਼ਿਆਦਾਤਰ ਖੇਤੀ 'ਤੇ ਨਿਰਭਰ ਰਹਿਣ ਕਰਕੇ ਇਹ ਭਾਰ ਜ਼ਿਆਦਾ ਹੈ।

ਇੱਕ ਰਿਪੋਰਟ ਅਨੁਸਾਰ 1940 ਵਿੱਚ ਦੇਸ਼ ਦੀ ਉੱਪਰ ਦੀ ਆਮਦਨ ਵਾਲੀ 10 ਫ਼ੀਸਦੀ ਵਸੋਂ ਦੇ ਹਿੱਸੇ ਦੇਸ਼ ਦੀ 50 ਫ਼ੀਸਦੀ ਆਮਦਨ ਆਉਂਦੀ ਸੀ। ਸੁਤੰਤਰਤਾ ਤੋਂ ਬਾਅਦ ਸਮਾਜਵਾਦੀ ਰੁਚੀਆਂ ਵਾਲੀਆਂ ਨੀਤੀਆਂ ਅਪਣਾਉਣ ਕਰਕੇ 1980 ਵਿੱਚ ਉੱਪਰ ਦੀ 10 ਫ਼ੀਸਦੀ ਵਸੋਂ ਕੋਲ ਕੁੱਲ ਆਮਦਨ ਵਿੱਚੋਂ 30 ਫ਼ੀਸਦੀ ਆਮਦਨ ਸੀ ਜਾਂ ਆਮਦਨ ਦੀ ਵੰਡ ਗ਼ਰੀਬ ਵਰਗ ਵਾਲੀ ਹੋਈ ਸੀ। ਇਸ ਹੀ ਸਮੇਂ ਵਿੱਚ ਹੇਠਾਂ ਦੀ ਆਮਦਨ ਵਾਲੀ 50 ਫ਼ੀਸਦੀ ਵਸੋਂ ਦੇ ਹਿੱਸੇ 1940 ਵਿੱਚ 20 ਫ਼ੀਸਦੀ ਆਮਦਨ ਸੀ ਜਿਹੜੀ 1980 ?ਵਿੱਚ ਵਧ ਕੇ 30 ਫ਼ੀਸਦੀ ਹੋ ਗਈ। ਇਹ ਇੱਕ ਚੰਗਾ ਰੁਝਾਨ ਸੀ ਜੇ ਇਹ ਇਸ ਤਰ੍ਹਾਂ ਹੀ ਚੱਲਦੀ ਰਹਿੰਦੀ ਤਾਂ ਇਸ ਨੇ ਖੁਸ਼ਹਾਲੀ ਅਤੇ ਰੁਜ਼ਗਾਰ ਵਿੱਚ ਵਾਧਾ ਕਰਨਾ ਸੀ, ਪਰ 1991 ਤੋਂ ਜਦੋਂ ਦੁਨੀਆਂ ਭਰ ਦੇ ਮਗਰ ਲੱਗਦਿਆਂ ਭਾਰਤ ਵਿੱਚ ਵੀ ਉਦਾਰਵਾਦੀ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਅਪਣਾਈਆਂ ਗਈਆਂ ਤਾਂ ਆਮਦਨ ਨਾ-ਬਰਾਬਰੀ ਲਗਾਤਾਰ ਵਧਦੀ ਗਈ ਜਿਸ ਨੇ ਵਿਕਾਸ ਅਤੇ ਖ਼ਾਸ ਕਰਕੇ ਉਦਯੋਗਿਕ ਵਿਕਾਸ 'ਤੇ ਬਹੁਤ ਮਾੜੇ ਪ੍ਰਭਾਵ ਪਾਏ।

ਅਰਧ ਬੇਰੁਜ਼ਗਾਰੀ ਹੀ ਕਿਰਤੀਆਂ ਦੇ ਸ਼ੋਸ਼ਣ ਦਾ ਸਭ ਤੋਂ ਵੱਡਾ ਕਾਰਨ ਹੈ। ਇੱਥੇ ਇਹ ਵਰਨਣਯੋਗ ਹੈ ਕਿ ਪਿੰਡਾਂ ਵਿੱਚ ਖੇਤੀ ਤੋਂ ਸਿਵਾ ਹੋਰ ਪੇਸ਼ਿਆਂ ਦੇ ਨਾ ਵਧਣ ਕਰਕੇ ਪੇਂਡੂ ਕਿਰਤੀਆਂ ਨੂੰ ?ਸ਼ਹਿਰ ਵਿੱਚ ਜਾ ਕੇ ਕੰਮ ਕਰਨਾ ਪੈਂਦਾ ਹੈ। ਜੇ ਉਹ ਪਿੰਡ ਹੀ ਕਿਤੇ ਕੰਮ ਕਰਦੇ ਹਨ ਤਾਂ ਉਨ੍ਹਾਂ ਨੂੰ ਘੱਟ ਉਜਰਤ ਪ੍ਰਵਾਨ ਕਰਨੀ ਪੈਂਦੀ ਹੈ। ਸ਼ਹਿਰ ਵਿੱਚ ਵੀ ਉਨ੍ਹਾਂ ਨੂੰ ਘੱਟ ਤਨਖਾਹਾਂ ਅਤੇ ਵੱਧ ਕੰਮ ਵਰਗੇ ਸ਼ੋਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ। 1991 ਤੋਂ ਬਾਅਦ ਉਦਾਰੀਕਰਨ ਦੀਆਂ ਨੀਤੀਆਂ ਕਰਕੇ ਲਗਾਤਾਰ ਕਿਰਤੀ ਰੱਖਣ ਦੀ ਬਜਾਏ ਉਦਮੀ ਠੇਕੇ 'ਤੇ ਕੰਮ ਕਰਾਉਣ ਨੂੰ ਤਰਜੀਹ ਦਿੰਦੇ ਹਨ ਜਾਂ ਘੱਟ ਤਨਖਾਹ ਨੂੰ ?ਪ੍ਰਵਾਨ ਕਰਣ ਲਈ ਮਜਬੂਰ ਕਰਦੇ ਹਨ। ਕਿਰਤੀ ਆਪਣੀ ਅਰਧ ਬੇਰੁਜ਼ਗਾਰੀ ਨੂੰ ਕੁਝ ਘਟਾਉਣ ਲਈ ਉੱਦਮੀ ਦੀਆਂ ਸ਼ਰਤਾਂ ਮੰਨਣ ਲਈ ਤਿਆਰ ਹੋ ਜਾਂਦਾ ਹੈ। ਭਾਵੇਂ ਕਿ ਇਹ ਰਿਪੋਰਟ ਸਾਹਮਣੇ ਆਈ ਹੈ ਕਿ 15 ਸਾਲਾਂ ਤੋਂ ਵੱਧ ਉਹ ਕਿਰਤੀ ਜਿਹੜੇ ਕੰਮ ਕਰਨ ਨੂੰ ਤਿਆਰ ਹਨ ਉਹ 2022-23 ਵਿੱਚ ਵਸੋਂ ਦਾ 56 ਫ਼ੀਸਦੀ ਹੋ ਗਏ ਹਨ ਜਿਹੜੇ 2021-22 ਵਿੱਚ 52.9 ਫ਼ੀਸਦੀ ਸਨ। ਇਸ ਵਿੱਚ ਠੇਕੇ ਦੇ ਕਿਰਤੀਆਂ ਅਤੇ ਕੱਚੇ ਕਿਰਤੀਆਂ ਜਾਂ ਦਿਹਾੜੀਦਾਰ ਕਿਰਤੀਆਂ ਦਾ ਵੇਰਵਾ ਨਹੀਂ ਦਿੱਤਾ ਗਿਆ ਜਿਨ੍ਹਾਂ ਤੋਂ ਉਨ੍ਹਾਂ ਦੇ ਪੂਰਨ ਰੁਜ਼ਗਾਰ ਅਤੇ ਅਰਧ ਬੇਰੁਜ਼ਗਾਰੀ ਬਾਰੇ ਜਾਣਕਾਰੀ ਮਿਲਦੀ ਹੈ।

ਦੁਨੀਆਂ ਦੇ ਕਿਸੇ ਵੀ ਵਿਕਸਤ ਦੇਸ਼ ਵਿੱਚ ਬੱਚਿਆਂ ਦੀ ਕਿਰਤ ਹੈ ਹੀ ਨਹੀਂ ਕਿਉਂਕਿ ਉੱਥੇ ਆਮਦਨ ਦੀ ਬਰਾਬਰੀ ਪੈਦਾ ਕੀਤੀ ਗਈ ਹੈ, ਪਰ ਭਾਰਤ ਵਿੱਚ ਜਿਹੜੀ ਬੱਚਿਆਂ ਦੀ ਗਿਣਤੀ ਆਜ਼ਾਦੀ ਦੇ ਸਮੇਂ ਇੱਕ ਕਰੋੜ ਸੀ, ਉਹ ਹੁਣ ਵਧ ਕੇ 3 ਕਰੋੜ ਤੋਂ ਜ਼ਿਆਦਾ ਬੱਚੇ ਕੰਮ ਕਰਨ ਲਈ ਮਜਬੂਰ ਹਨ। ?ਉਨ੍ਹਾਂ ਦੇ ਕਿਰਤ ਕਰਨ ਦਾ ਕਾਰਨ ਜਿੱਥੇ ਬੇਰੁਜ਼ਗਾਰੀ ਹੈ ਉੱਥੇ ਅਰਧ ਬੇਰੁਜ਼ਗਾਰੀ ਜ਼ਿਆਦਾ ਹੈ ਕਿਉਂਕਿ ਬਹੁਤ ਸਾਰੇ ਬੱਚੇ ਜਿਹੜੇ ਕਿਰਤ ਕਰ ਰਹੇ ਹਨ, ਉਹ ਪਿੰਡਾਂ ਨਾਲ ਸਬੰਧਿਤ ਹਨ। ਉਹ ਘਰਾਂ, ਢਾਬਿਆਂ, ਦੁਕਾਨਾਂ ਅਤੇ ਫ਼ੈਕਟਰੀਆਂ ਆਦਿ ਵਿੱਚ ਜਾ ਕੇ ਆਪਣੀ ਸਮਰੱਥਾ ਤੋਂ ਕਿਤੇ ਵੱਧ ਕੰਮ ਕਰਦੇ ਹਨ ਅਤੇ ਆਪਣੀ ਕਮਾਈ ਤੋਂ ?ਕਿਤੇ ਘੱਟ ਉਨ੍ਹਾਂ ਨੂੰ ਉਜਰਤ ਦਿੱਤੀ ਜਾਂਦੀ ਹੈ ਜਿਹੜੀ ਬਾਲਗਾਂ ਦੀ ਅਰਧ ਬੇਰੁਜ਼ਗਾਰੀ ਦਾ ਸਿੱਟਾ ਹੈ। ਇਸ ਲਈ ਨੀਤੀ ਅਯੋਗ ਨੂੰ ?ਅਰਧ ਬੇਰੁਜ਼ਗਾਰੀ ਨਾਲ ਜੁੜੇ ਹਰ ਪੱਖ ਨੂੰ ?ਪਹਿਚਾਨਣਾ ਚਾਹੀਦਾ ਹੈ ?ਅਤੇ ਉਸ ਦਾ ਹੱਲ ਕਰਨਾ ਚਾਹੀਦਾ ਹੈ।

# ਸੰਸਾਰ ਦੇ ਜੰਗੀ ਮਾਹੌਲ ਨੂੰ ਖ਼ਤਮ ਕਰਨ ਦੀ ਲੋੜ

ਮਾਨਵ

ਸੰਸਾਰ ਦੇ ਹਾਕਮ ਹਲਕਿਆਂ ਦੀ ਸਭ ਤੋਂ ਪ੍ਰਸਿੱਧ ਮੈਗਜ਼ੀਨ 'ਦਿ ਇਕੋਨੌਮਿਸਟ' ਵਿੱਚ ਛਪਿਆ ਤਾਜ਼ਾ ਲੇਖ ਇਨ੍ਹਾਂ ਸ਼ਬਦਾਂ ਨਾਲ ਚੱਲ ਰਹੀਆਂ ਜੰਗਾਂ ਤੇ ਸਾਮਰਾਜੀ ਤਾਕਤਾਂ ਦਰਮਿਆਨ ਵਧ ਰਹੇ ਜੰਗੀ ਤਣਾਅ ਨੂੰ ਬਿਆਨਦਾ ਹੈ। ਬਹੁਤਾ ਸਮਾਂ ਨਹੀਂ ਹੋਇਆ ਜਦੋਂ ਅਜਿਹੇ ਮੈਗਜ਼ੀਨ ਸਰਮਾਏਦਾਰਾ ਪ੍ਰਬੰਧ ਨੂੰ ਸਾਰੀਆਂ ਸਮੱਸਿਆਵਾਂ ਦਾ ਹੱਲ ਦੱਸਦੇ, ਇਸੇ ਪ੍ਰਬੰਧ ਨੂੰ ਇੱਕੋ-ਇੱਕ ਬਦਲ ਵਜੋਂ ਸੁਝਾਇਆ ਕਰਦੇ ਸਨ! ਅਜੋਕਾ ਸਾਮਰਾਜੀ ਪ੍ਰਬੰਧ ਮਨੁੱਖਤਾ ਨੂੰ ਜੰਗ ਦਰ ਜੰਗ ਨਵੀਆਂ ਨਿਵਾਣਾਂ ਵੱਲ ਧੱਕ ਰਿਹਾ ਹੈ। ਫਲਸਤੀਨ ਉੱਪਰ ਢਾਹੇ ਜਾ ਰਹੇ ਜ਼ੁਲਮ ਮੱਧ-ਪੂਰਬ ਵਿੱਚ ਨਵੀਂ ਜੰਗ ਦਾ ਮਾਹੌਲ ਸਿਰਜ ਰਹੇ ਹਨ, ਦੂਜੀ ਸੰਸਾਰ ਜੰਗ ਤੋਂ ਬਾਅਦ ਯੂਰੋਪੀਅਨ ਖਿੱਤੇ ਦੀ ਸਭ ਤੋਂ ਲੰਮੀ, ਯੂਕਰੇਨ ਜੰਗ ਅਜੇ ਚੱਲ ਰਹੀ ਹੈ, ਅਫ਼ਰੀਕਾ ਦਾ ਸਾਹੇਲ ਇਲਾਕਾ ਸਾਮਰਾਜੀ ਖਹਿ ਦਾ ਇਲਾਕਾ ਬਣਿਆ ਹੋਇਆ ਹੈ ਤੇ ਅਫ਼ਰੀਕੀ ਮੁਲਕਾਂ ਮਾਲੀ, ਸੁਡਾਨ, ਇਥੋਪੀਆ ਆਦਿ ਵਿੱਚ ਘਰੇਲੂ ਜੰਗ ਲੱਗੀ ਹੋਈ ਹੈ; ਨੇੜ ਗੁਆਂਢ ਮਿਆਂਮਾਰ ਵਿੱਚ ਵੀ ਜਾਬਰ ਫ਼ੌਜੀ ਹਕੂਮਤ ਖਿਲਾਫ਼ ਵੱਖ ਵੱਖ ਸਮੂਹਾਂ ਦੀ ਜੰਗ ਚੱਲ ਰਹੀ ਹੈ। ਪ੍ਰਸ਼ਾਂਤ ਮਹਾਂਸਾਗਰ ਦੇ ਖਿੱਤੇ ਵਿੱਚ ਵੀ ਦਿਨੋ-ਦਿਨ ਸਾਮਰਾਜੀ ਅਮਰੀਕਾ ਤੇ ਚੀਨ ਦਰਮਿਆਨ ਤਾਇਵਾਨ ਦੇ ਮਸਲੇ ਉੱਤੇ ਸਿੱਧੀ ਜੰਗ ਦਾ ਮਾਹੌਲ ਭੜਕਦਾ ਦਿਸ ਰਿਹਾ ਹੈ। ਕਹਿਣ ਦਾ ਭਾਵ, ਅੱਜ ਦਾ ਇਹ ਸਰਮਾਏਦਾਰਾ-ਸਾਮਰਾਜੀ ਪ੍ਰਬੰਧ ਦੁਨੀਆ ਨੂੰ ਨਿੱਤ ਨਵੀਆਂ ਤੇ ਵਧੇਰੇ ਮਾਰੂ ਜੰਗਾਂ ਵੱਲ ਧੱਕ ਰਿਹਾ ਹੈ ਜਿਸ ਵਿੱਚ ਲੱਖਾਂ ਹੀ ਬੇਦੋਸ਼ੇ ਲੋਕ ਅਣਆਈ ਮੌਤ ਮਾਰੇ ਜਾ ਰਹੇ ਹਨ, ਕਿੰਨੇ ਹੀ ਬੱਚੇ ਯਤੀਮ ਕੀਤੇ ਜਾ ਰਹੇ ਹਨ। ਕਈ ਵਿਸ਼ਲੇਸ਼ਕ ਅਜੋਕੀ ਹਾਲਤ ਨੂੰ 1960-70ਵਿਆਂ ਦੀ ਸੰਸਾਰ ਹਾਲਤ ਨਾਲ਼ ਮੇਚਦੇ ਹਨ ਜਦੋਂ ਅਰਬ-ਇਜ਼ਰਾਈਲ ਜੰਗ, 1958 ਵਿੱਚ ਲਬਿਨਾਨ ਤੇ ਤਾਇਵਾਨ ਦਾ ਸੰਕਟ, 60ਵਿਆਂ ਵਿੱਚ ਵੀਅਤਨਾਮ ਦੀ ਜੰਗ ਅਤੇ 70ਵਿਆਂ ਵਿੱਚ ਸ਼ੁਰੂ ਹੋਈ ਅਫ਼ਗਾਨਿਸਤਾਨ ਦੀ ਜੰਗ ਵਰਗੀਆਂ ਵੱਡੀਆਂ ਘਟਨਾਵਾਂ ਬਹੁਤ ਤੇਜ਼ੀ ਨਾਲ ਕੁਝ ਹੀ ਸਾਲਾਂ ਵਿੱਚ ਵਾਪਰੀਆਂ ਸਨ ਪਰ ਉਦੋਂ ਦੀ ਅਤੇ ਅੱਜ ਦੀ ਹਾਲਤ ਵਿੱਚ ਬੁਨਿਆਦੀ ਫ਼ਰਕ ਇਹ ਹੈ ਕਿ ਹੁਣ ਪਹਿਲਾਂ ਵਾਂਗ ਅਮਰੀਕੀ ਅਗਵਾਈ ਵਿੱਚ ਪੱਛਮੀ ਸਾਮਰਾਜੀਆਂ ਲਈ ਮਨਮਰਜੀ ਨਾਲ ਕਿਸੇ ਮੁਲਕ ਉੱਤੇ ਹਮਲਾ ਕਰਨਾ ਇੰਨਾ ਸੌਖਾ ਨਹੀਂ ਰਿਹਾ। ਵੀਅਤਨਾਮ ਵਿਚ ਅਮਰੀਕੀ ਸਾਮਰਾਜ ਨੂੰ ਮਿਲੀ ਹਾਰ, ਅਫ਼ਗਾਨਿਸਤਾਨ ਵਿੱਚ ਪਹਿਲਾਂ ਸਮਾਜਿਕ-ਸਾਮਰਾਜੀ ਸੋਵੀਅਤ ਯੂਨੀਅਨ (ਸੋਵੀਅਤ ਯੂਨੀਅਨ ਵਿੱਚ ਸਮਾਜਵਾਦ ਨੂੰ ਪਿਛਲਮੋੜਾ 1956 ਵਿੱਚ ਖਰੁਸ਼ਚੇਵ ਦੇ ਆਉਣ ਤੋਂ ਹੀ ਲੱਗ ਗਿਆ ਸੀ, ਉਸ ਤੋਂ ਬਾਅਦ ਉੱਥੇ ਸਿਰਫ਼ ਨਾਂ ਦਾ ਹੀ ਸਮਾਜਵਾਦ ਬਚਿਆ ਸੀ ਜਿਵੇਂ ਅੱਜ ਕੱਲ੍ਹ ਚੀਨ ਵਿਚ ਹੈ) ਤੇ ਮਗਰੋਂ ਸਾਮਰਾਜੀ ਅਮਰੀਕਾ ਦੀ ਹਾਰ ਨੇ ਸਾਬਤ ਕਰ ਦਿੱਤਾ ਹੈ ਕਿ ਸਾਮਰਾਜੀਏ ਅਜਿੱਤ ਨਹੀਂ ਹਨ; ਕਿ ਇਹ ਹੁਣ ਸਦੀ ਪਹਿਲਾਂ ਦਾ ਜ਼ਮਾਨਾ ਨਹੀਂ ਰਿਹਾ ਜਦੋਂ ਸਾਮਰਾਜੀਏ ਮਨਮਰਜ਼ੀ ਨਾਲ ਕਿਸੇ ਮੁਲਕ 'ਤੇ ਕਬਜ਼ਾ ਕਰ ਲੈਂਦੇ ਸਨ। ਬਸਤੀਆਂ ਅੰਦਰ ਚੱਲੀਆਂ ਸਾਮਰਾਜ ਵਿਰੋਧੀ ਲਹਿਰਾਂ ਨੇ ਲੋਕਾਂ ਦੀ ਚੇਤਨਾ ਇੰਨੀ ਕੁ ਵਿਕਸਤ ਕਰ ਦਿੱਤੀ ਹੈ ਕਿ ਉਹ ਹੁਣ ਬਹੁਤਾ ਚਿਰ ਕਿਸੇ ਵਿਦੇਸ਼ੀ ਤਾਕਤ ਦਾ ਕਬਜ਼ਾ ਸਹਿਣ ਨੂੰ ਰਾਜ਼ੀ ਨਹੀਂ।



ਨਾਲ ਹੀ ਚੀਨ-ਰੂਸ ਦੇ ਰੂਪ ਵਿੱਚ ਉੱਭਰੇ ਦੂਜੇ ਸਾਮਰਾਜੀ ਧੜੇ ਦੀ ਸਥਿਤੀ 60-70ਵਿਆਂ ਦੇ ਸੋਵੀਅਤ ਯੂਨੀਅਨ ਨਾਲੋਂ ਕਿਤੇ ਬਿਹਤਰ ਹੈ। ਇਸ ਨੇ ਜਿੱਥੇ ਪੱਛਮੀ ਸਾਮਰਾਜੀਆਂ ਦੀ ਇੱਕ ਛਤਰ ਦਬਦਬੇ ਵਾਲੀ ਹਾਲਤ ਪੁਗਾ ਦਿੱਤੀ ਹੈ ਉਥੇ ਸੰਸਾਰ ਪੱਧਰ ਉੱਤੇ ਗਲਬੇ ਲਈ ਸਾਮਰਾਜੀ ਖਿੱਚੋਤਾਣ ਵੀ ਤੇਜ਼ ਕਰ ਦਿੱਤੀ ਹੈ।

ਜਦੋਂ 1991 ਵਿੱਚ ਸੋਵੀਅਤ ਯੂਨੀਅਨ ਖਿੰਡਿਆ ਤਾਂ ਇਸ ਨਵੀਂ ਹਾਲਤ ਵਿੱਚ ਹੋਰ ਹਮਲਾਵਰ ਹੋਏ ਅਮਰੀਕਾ ਦੀ ਨੀਤੀ ਦੀ ਨਿਸ਼ਾਨਦੇਹੀ ਕਰਦਾ ਗੁਪਤ ਦਸਤਾਵੇਜ਼ 'ਵੋਲਫ਼ੋਵਿਟਜ ਮੱਤ' ਨਸ਼ਰ ਹੋਇਆ ਜਿਹੜਾ ਅਮਰੀਕਾ ਦੇ ਸੁਰੱਖਿਆ ਵਿਭਾਗ ਨੇ ਜਾਰੀ ਕੀਤਾ ਸੀ। ਪ੍ਰੈੱਸ ਵਿੱਚ ਨਸ਼ਰ ਹੋਣ ਮਗਰੋਂ ਭਾਵੇਂ ਅਮਰੀਕੀ ਹਕੂਮਤ ਨੂੰ ਇਸ ਦੀ ਸੁਰ ਕੁਝ ਹਲਕੀ ਕਰਨੀ ਪਈ ਪਰ ਹਕੀਕਤ ਇਹ ਸੀ ਕਿ ਅਗਲੇ ਦੋ ਦਹਾਕਿਆਂ ਤੱਕ ਦੀ ਅਮਰੀਕੀ ਸਾਮਰਾਜ ਦੀ ਵਿਸਥਾਰਵਾਦੀ ਨੀਤੀ ਇਸ ਵਿੱਚ ਜ਼ਾਹਿਰ ਕਰ ਦਿੱਤੀ ਗਈ ਸੀ। ਇਸੇ ਨੀਤੀ ਤਹਿਤ ਸੰਸਾਰ ਗਲਬੇ ਲਈ 1991 ਤੋਂ ਬਾਅਦ ਅਮਰੀਕਾ ਨੇ ਸੰਸਾਰ ਭਰ ਵਿੱਚ ਨਵੀਆਂ ਜੰਗਾਂ ਨੂੰ ਅੰਜਾਮ ਦਿੱਤਾ। ਅਮਰੀਕਾ ਨੇ 1991 ਵਿੱਚ ਇਰਾਕ, 1999 ਵਿੱਚ ਯੂਗੋਸਲਾਵੀਆ, 2001 ਵਿੱਚ ਅਫ਼ਗਾਨਿਸਤਾਨ, 2003 ਵਿੱਚ ਇਰਾਕ, 2011 ਵਿੱਚ ਲੀਬੀਆ ਤੇ ਸੀਰੀਆ ਆਦਿ 'ਤੇ ਭਾਰੀ ਹਮਲੇ ਕਰ ਕੇ ਸੰਸਾਰ ਭਰ ਦੀਆਂ ਹਕੂਮਤਾਂ ਵਿੱਚ ਇਹ ਖ਼ੌਫ਼ ਪਾਉਣ ਦੀ ਕੋਸ਼ਿਸ਼ ਕੀਤੀ ਕਿ ਅਮਰੀਕਾ ਹੀ ਹੁਣ ਪੂਰੀ ਦੁਨੀਆ ਦਾ ਚੌਧਰੀ ਹੈ ਤੇ ਜਿਹੜੀ ਵੀ ਹਕੂਮਤ ਉਸ ਦੇ ਕਹਿਣੇ ਮੁਤਾਬਕ ਨਹੀਂ ਚੱਲੇਗੀ, ਉਸ ਦਾ ਹਸ਼ਰ ਇਨ੍ਹਾਂ ਮੁਲਕਾਂ ਵਰਗਾ ਹੀ ਹੋਵੇਗਾ। ਉਂਝ, ਇਰਾਕ ਤੇ ਅਫ਼ਗਾਨਿਸਤਾਨ ਵਿੱਚ ਅਮਰੀਕਾ ਨੂੰ ਲੱਗੀ ਪਛਾੜ ਨੇ ਇਸ ਦੇ ਇੱਕ ਛਤਰ ਦਬਦਬੇ ਦੀ ਮਿੱਥ ਉਡਾ ਦਿੱਤੀ। ਉਧਰ ਰੂਸ ਦੇ ਸੰਭਲਣ ਅਤੇ ਚੀਨ ਦੇ ਉਭਾਰ ਨੇ ਪੱਛਮੀ ਸਾਮਰਾਜ ਵਿਰੋਧੀ ਨਵੇਂ ਸਾਮਰਾਜੀ ਗੱਠਜੋੜ ਨੂੰ ਜਨਮ ਦਿੱਤਾ। ਇਸ ਗੱਠਜੋੜ ਦੀ ਸਭ ਤੋਂ ਨੁਮਾਇੰਦਾ ਮਿਸਾਲ ਸੀ 2009 ਵਿੱਚ ਬਰਿਕਸ ਗੱਠਜੋੜ ਦਾ ਬਣਨਾ ਜਿਸ ਵਿੱਚ ਭਾਰਤ, ਬ੍ਰਾਜ਼ੀਲ ਜਿਹੇ ਨਵੇਂ ਉੱਭਰ ਰਹੇ ਅਰਥਚਾਰਿਆਂ ਨੇ ਵੀ ਬਦਲੇ ਹਾਲਾਤ ਤਹਿਤ ਆਪਣੇ ਹਿੱਤ ਸੁਰੱਖਿਅਤ ਰੱਖਣ ਲਈ ਸ਼ਾਮਲ ਹੋਣਾ ਵਾਜਬਿ ਸਮਝਿਆ। ਚੀਨ, ਰੂਸ ਦੀ ਅਗਵਾਈ ਵਾਲਾ ਇਹ ਗੱਠਜੋੜ ਅੱਜ ਪੱਛਮੀ ਸਾਮਰਾਜੀਆਂ ਦੇ ਮੁਕਾਬਲੇ ਦੂਜੇ ਲੋਟੂ ਧੜੇ ਦੇ ਹਿੱਤ ਪੂਰਨ ਵਾਲਾ ਵੱਡਾ ਮੰਚ ਬਣ ਚੁੱਕਾ ਹੈ।

ਜਨਵਰੀ 2016 ਵਿੱਚ ਅਮਰੀਕਾ ਦੀ ਕਾਂਗਰਸ ਅੱਗੇ ਆਪਣੇ ਆਖਿਰੀ ਸਾਲਾਨਾ ਭਾਸ਼ਣ ਵਿੱਚ ਵੇਲੇ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਜ਼ੋਰ ਦੇ ਕੇ ਕਿਹਾ ਸੀ, ਹਰ ਅਹਿਮ ਕੌਮਾਂਤਰੀ ਮਸਲੇ ਉੱਤੇ ਦੁਨੀਆ ਭਰ ਦੇ ਲੋਕ ਅਗਵਾਈ ਲਈ ਪੇਈਚਿੰਗ ਜਾਂ ਮਾਸਕੋ ਵੱਲ ਨਹੀਂ ਸਗੋਂ ਸਾਡੇ ਵੱਲ ਤੱਕਦੇ ਨੇ। ਉਸ ਵੇਲੇ ਦਿੱਤਾ ਇਹ ਬਿਆਨ ਅੱਜ ਸੱਤਾਂ ਸਾਲਾਂ ਬਾਅਦ ਹੀ ਹਕੀਕਤ ਤੋਂ ਕਿੰਨਾ ਨਿੱਖੜ ਗਿਆ ਲਗਦਾ ਹੈ। ਯੂਕਰੇਨ ਅਤੇ ਹੁਣ ਫ਼ਲਸਤੀਨ ਦੇ ਮਸਲੇ ਨੇ ਅਮਰੀਕਾ ਅਤੇ ਇਸ ਦੇ ਪੱਛਮੀ ਜੋਟੀਦਾਰਾਂ ਦੀ ਭੜਕਾਊ ਕੂਟਨੀਤੀ ਨੂੰ ਦੁਨੀਆ ਸਾਹਮਣੇ ਨੰਗਾ ਕਰ ਦਿੱਤਾ ਹੈ। ਫ਼ਰਵਰੀ ਵਿੱਚ 'ਵਿਦੇਸ਼ੀ ਸਬੰਧਾਂ ਬਾਰੇ ਯੂਰੋਪੀਅਨ ਕੌਂਸਲ ਦੇ ਸਰਵੇਖਣ ਮੁਤਾਬਕ ਦੋ-ਤਿਹਾਈ ਤੋਂ ਵੱਧ ਚੀਨੀ, ਰੂਸੀ ਤੇ ਤੁਰਕੀ ਅਤੇ ਭਾਰਤ ਦੇ ਅੱਧਿਓਂ ਵੱਧ ਲੋਕ ਪੱਛਮੀ ਸਾਮਰਾਜ ਦੇ ਇੱਕ ਛਤਰ ਦਾਬੇ ਵਾਲਾ ਸਮਾਂ ਪੁੱਗ ਗਿਆ ਸਮਝਦੇ ਹਨ ਤੇ ਭਵਿੱਖ ਵਿਚ ਚੀਨ ਦੇ ਦਬਦਬੇ ਵਾਲਾ ਨਵਾਂ ਦੌਰ ਬਣਦਾ ਦੇਖ ਰਹੇ ਹਨ।

ਯੂਕਰੇਨ ਜੰਗ ਤੋਂ ਬਾਅਦ ਚੀਨ ਅਤੇ ਰੂਸ ਦੀ ਭਾਈਵਾਲੀ ਹੋਰ ਪੱਕੀ ਹੋਈ ਹੈ। ਫ਼ਲਸਤੀਨ ਮਸਲੇ ਉੱਤੇ ਰੂਸ ਹਮਾਸ ਦੇ ਹੋਰ ਨੇੜੇ ਆ ਚੁੱਕਾ ਹੈ; ਚੀਨ ਨੇ ਇਸ ਮਸਲੇ ਨੂੰ ਖਿੱਤੇ ਵਿੱਚ ਅਮਰੀਕੀ ਨੀਤੀ ਦੇ ਅਸਫ਼ਲ ਹੋਣ ਵਜੋਂ ਪੇਸ਼ ਕਰਦਿਆਂ ਇਸ ਦੀ ਆਲੋਚਨਾ ਕੀਤੀ ਹੈ। ਚੀਨ ਤੇ ਰੂਸ ਨੇ ਪੱਛਮੀ ਪ੍ਰਸ਼ਾਂਤ ਮਹਾਂਸਾਗਰ ਵਿੱਚ ਚਾਰ ਸਾਲਾਂ ਅੰਦਰ ਹੀ ਛੇ ਫ਼ੌਜੀ ਮਸ਼ਕਾਂ ਕੀਤੀਆਂ ਹਨ। ਫ਼ਿਰ ਅਗਸਤ ਮਹੀਨੇ ਹੀ ਦੋਹਾਂ ਦੀਆਂ ਸਮੁੰਦਰੀ ਫ਼ੌਜਾਂ ਨੇ ਸਾਂਝੀ ਮਸ਼ਕ ਕੀਤੀ। ਬਦਲੇ ਹਾਲਾਤ ਨੇ ਨਾ ਸਿਰਫ਼ ਦੋਹਾਂ ਸਾਮਰਾਜੀ ਧੜਿਆਂ ਦੀ ਆਪਸੀ ਟੱਕਰ ਤੇਜ਼ ਕੀਤੀ ਹੈ ਸਗੋਂ ਇਸ ਟਕਰਾਅ ਵਿਚ ਨਵੇਂ ਖਿਡਾਰੀ ਵੀ ਸ਼ਾਮਿਲ ਹੋ ਰਹੇ ਹਨ। ਇਰਾਨ ਤੇ ਉੱਤਰੀ ਕੋਰੀਆ ਨੇ ਰੂਸ ਕੋਲ਼ੋਂ ਫ਼ੌਜੀ ਤਕਨੀਕ ਦੀ ਸਾਂਝ ਬਦਲੇ ਉਸ ਨੂੰ ਯੂਕਰੇਨ ਜੰਗ ਵਿੱਚ ਮਦਦ ਤਹਿਤ ਹਥਿਆਰਾਂ ਦੀ ਲਗਾਤਾਰ ਪੂਰਤੀ ਕੀਤੀ ਹੈ। ਦੂਜੇ ਪਾਸੇ ਆਸਟਰੇਲੀਆ, ਨਿਊਜੀਲੈਂਡ, ਜਪਾਨ ਤੇ ਦੱਖਣੀ ਕੋਰੀਆ ਦੇ ਆਗੂਆਂ ਨੇ ਯੂਰੋਪ ਵਿੱਚ ਹੋਈਆਂ ਪਿਛਲੀਆਂ ਦੋਹਾਂ ਨਾਟੋ ਬੈਠਕਾਂ ਵਿੱਚ ਸ਼ਿਰਕਤ ਕੀਤੀ। ਪੱਛਮੀ ਮੁਲਕਾਂ ਤੋਂ ਬਿਨਾਂ ਇਸ ਸਾਲ ਯੂਕਰੇਨ ਨੂੰ ਦੱਖਣੀ ਕੋਰੀਆ ਨੇ ਵੱਡੀ ਪੱਧਰ ਉੱਤੇ ਅਸਲ੍ਹੇ ਦੀ ਖੇਪ ਭੇਜੀ। ਮੱਧ-ਪੂਰਬ ਤੇ ਕੇਂਦਰੀ ਏਜੰਸੀਆਂ ਦੇ ਖਿੱਤੇ ਵਿੱਚ ਚੱਲਦੀ ਦੋ ਸਾਮਰਾਜੀ ਧੜਿਆਂ ਦੀ ਟੱਕਰ ਵਿੱਚ ਤੁਰਕੀ ਨੇ ਵੀ ਆਪਣੇ ਹੱਥ ਧੋਂਦੇ ਹੋਏ ਖੁਦ ਨੂੰ ਖਿੱਤੇ ਅੰਦਰ ਹਥਿਆਰਾਂ ਦੇ ਵੱਡੇ ਪੂਰਤੀਕਾਰ ਵਜੋਂ ਸਥਾਪਿਤ ਕੀਤਾ ਹੈ ਜਿਸ ਦਾ ਅਸਰ ਲੀਬੀਆ, ਸੀਰੀਆ ਤੇ ਅਜਰਬਾਈਜਾਨ ਦੀਆਂ ਜੰਗਾਂ ਉੱਪਰ ਵੀ ਪਿਆ। ਕਹਿਣ ਦਾ ਭਾਵ, ਸਾਮਰਾਜੀਆਂ ਦੀ ਟੱਕਰ ਨਾ ਸਿਰਫ਼ ਹੋਰਾਂ ਇਲਾਕਿਆਂ ਵੱਲ ਵਧ ਰਹੀ ਹੈ ਸਗੋਂ ਨਵੇਂ ਲੋਟੂ ਖਿਡਾਰੀ ਵੀ ਇਸ ਵਿਚ ਸ਼ਾਮਿਲ ਹੋ ਰਹੇ ਨੇ। ਨਿਸ਼ਚੇ ਹੀ ਇਹ ਅਜੋਕੇ ਸਾਮਰਾਜੀ ਪ੍ਰਬੰਧ ਦੇ ਹੋਰ ਖੂੰਖਾਰ, ਹੋਰ ਪਰਜੀਵੀ, ਹੋਰ ਮਨੁੱਖਤਾ ਵਿਰੋਧੀ ਹੁੰਦੇ ਜਾਣ ਦੀ ਨਿਸ਼ਾਨੀ ਹੈ।

ਇਸ ਸਾਮਰਾਜੀ ਖਿੱਚੋਤਾਣ ਨੂੰ ਨਵੇਂ ਹਾਲਾਤ ਨੇ ਵੀ ਜ਼ਰਬ ਦਿੱਤੀ ਹੈ। ਮੌਸਮੀ ਤਬਦੀਲੀ ਦੀ ਚਰਚਾ ਮਗਰੋਂ ਊਰਜਾ ਦੇ 'ਹਰੇ ਸਰੋਤਾਂ' ਦੀ ਗੱਲ ਤੁਰ ਪਈ ਹੈ ਪਰ ਹਕੀਕਤ ਵਿੱਚ ਅਜੋਕੇ ਸਰਮਾਏਦਾਰਾ ਸਾਮਰਾਜੀ ਪ੍ਰਬੰਧ ਹੇਠ ਵਾਤਾਵਰਨ ਨੂੰ ਠੱਲ੍ਹ ਪਾਉਣ ਦੀਆਂ ਇਨ੍ਹਾਂ ਨਵੀਆਂ ਫ਼ਿਕਰਾਂ ਨੇ ਇੱਕ ਹੋਰ ਮੁਕਾਬਲੇਬਾਜ਼ੀ ਨੂੰ ਜਨਮ ਦਿੱਤਾ ਹੈ ਜਿਸ ਤਹਿਤ ਪੌਣ ਚੱਕੀਆਂ, ਬਿਜਲਈ ਵਾਹਨਾਂ ਆਦਿ ਲਈ ਕੱਚੇ ਮਾਲ ਵਜੋਂ ਲੋੜੀਂਦੇ ਤੱਤਾਂ ਦੀ ਖੋਹ-ਖਿੰਝ ਹੋਰ ਤੇਜ਼ ਹੋ ਗਈ ਹੈ।

(**ਬਾਕੀ ਸਫ਼ਾ 31 'ਤੇ**)

# ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਰਾਹੀ ਧੋਖਾਧੜੀ ਦਾ ਖ਼ਤਰਾ



ਰਣਜੀਤ ਸਿੰਘ ਕੁਕੀ

ਭਾਰਤ ਦੀਆਂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ 'ਤੇ ਹਮਲੇ ਦਾ ਖਤਰਾ ਹੈ। ਮਿਸ਼ੀਗਨ ਯੂਨੀਵਰਸਿਟੀ ਦੇ ਕੰਪਿਊਟਰ ਵਿਗਿਆਨੀ ਨਾਲ ਜੁੜੇ ਇੱਕ ਸਹਿਯੋਗੀ ਅਧਿਐਨ ਦੇ ਅਨੁਸਾਰ, ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਵਿੱਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਨਾਲ ਅਸਾਨੀ ਨਾਲ ਧੋਖਾਧੜੀ ਕੀਤੀ ਜਾ ਸਕਦੀ ਹੈ। ਸੱਤ ਮਹੀਨਿਆਂ ਦੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਕਾਗਜ਼ ਰਹਿਤ ਮਸ਼ੀਨਾਂ ਤੱਕ ਥੋੜ੍ਹੀ ਜਿਹੀ ਪਹੁੰਚ ਅਪਰਾਧੀਆਂ ਨੂੰ ਚੋਣ ਨਤੀਜਿਆਂ ਨੂੰ ਬਦਲਣ ਦੀ ਆਗਿਆ ਦੇ ਸਕਦੀ ਹੈ।

ਇੱਕ ਪ੍ਰਦਰਸ਼ਨ ਵੀਡੀਓ ਵਿੱਚ, ਖੋਜਕਰਤਾ ਇੱਕ ਅਸਲ ਭਾਰਤੀ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ ਦੇ ਵਿਰੁੱਧ ਦੋ ਹਮਲੇ ਦਿਖਾਉਂਦੇ ਹਨ। ਇੱਕ ਹਮਲੇ ਵਿੱਚ ਇੱਕ ਛੋਟੇ ਜਿਹੇ ਹਿੱਸੇ ਨੂੰ ਇੱਕੋ ਜਿਹੀ ਦਿੱਖ ਵਾਲੇ ਹਿੱਸੇ ਨਾਲ ਬਦਲਣਾ ਸ਼ਾਮਲ ਹੁੰਦਾ ਹੈ ਜਿਸ ਰਾਹੀ ਉਮੀਦਵਾਰ ਦੀ ਵੋਟਾਂ ਦੀ ਪ੍ਰਤੀਸ਼ਤ ਚੋਰੀ ਕੀਤੀ ਜਾ ਸਕਦੀ ਹੈ। ਇੱਕ ਹੋਰ ਹਮਲਾ ਚੋਣ ਅਤੇ ਜਨਤਕ ਗਿਣਤੀ ਸੈਸ਼ਨ ਦੇ ਵਿਚਕਾਰ ਮਸ਼ੀਨ ਵਿੱਚ ਸਟੋਰ ਕੀਤੀਆਂ ਵੋਟਾਂ ਨੂੰ ਬਦਲਣ ਲਈ ਇੱਕ ਜੇਬ-ਆਕਾਰ ਦੇ ਯੰਤਰ ਦੀ ਵਰਤੋਂ ਕਰਦਾ ਹੈ, ਜੋ ਕਿ ਭਾਰਤ ਵਿੱਚ ਵੀ ਹੋ ਸਕਦਾ ਹੈ। ਚੋਣ ਨਤੀਜਿਆਂ ਵਿੱਚ ਹੇਰਾਫ਼ੇਰੀ ਕਰਨ ਲਈ ਇਸ ਸਿਸਟਮ ਦੇ ਲਗਭਗ ਹਰ ਹਿੱਸੇ 'ਤੇ ਹਮਲਾ ਕੀਤਾ ਜਾ ਸਕਦਾ ਹੈ, ਕੰਪਿਊਟਰ ਸਾਇੰਸ ਅਤੇ ਇੰਜਨੀਅਰਿੰਗ ਦੇ ਸਹਾਇਕ ਪ੍ਰੋਫ਼ੈਸਰ ਜੇ. ਐਲੇਕਸ ਹੈਲਡਰਮੈਨ ਨੇ ਕਿਹਾ। ਉਸ ਨੇ ਆਪਣੇ ਵਿਦਿਆਰਥੀਆਂ ਨਾਲ, ਸਿਸਟਮ ਦੀ ਸੁਰੱਖਿਆ ਨੂੰ ਪਰਖਣ ਲਈ ਹਮਲਿਆਂ ਨੂੰ ਵਿਕਸਤ ਕਰਨ ਵਿੱਚ ਮਦਦ ਕੀਤੀ। ਇਹ ਇੱਕ ਵਾਰ ਫ਼ਿਰ ਸਾਬਤ ਕਰਦਾ ਹੈ ਕਿ ਵੋਟਿੰਗ ਪ੍ਰਣਾਲੀਆਂ ਦੀ ਕਾਗਜ਼ ਰਹਿਤ ਸ਼੍ਰੇਣੀ ਵਿੱਚ ਅੰਦਰੂਨੀ ਸੁਰੱਖਿਆ ਦੀਆਂ ਸਮੱਸਿਆਵਾਂ ਹਨ। ਇਸ ਤਰ੍ਹਾਂ ਦੀਆਂ ਪ੍ਰਣਾਲੀਆਂ ਨੂੰ ਚੋਣਾਂ ਵਿੱਚ ਜ਼ਿੰਮੇਵਾਰੀ ਨਾਲ ਵਰਤੇ ਜਾਣ ਦੀ ਕਲਪਨਾ ਕਰਨਾ ਮੁਸ਼ਕਿਲ ਹੈ।



ਖੋਜਕਰਤਾਵਾਂ ਦਾ ਕਹਿਣਾ ਹੈ ਕਿ ਇਹ ਖੋਜ ਨਤੀਜੇ ਭਾਰਤ ਦੇ ਚੋਣ ਕਮਿਸ਼ਨ, ਦੇਸ਼ ਦੀ ਸਰਵਉੱਚ ਚੋਣ ਅਥਾਰਟੀ ਦੁਆਰਾ ਕੀਤੇ ਗਏ ਦਾਅਵਿਆਂ ਦੇ ਉਲਟ ਹਨ। ਕਮਿਸ਼ਨ, ਜੋ ਇਹ ਮੰਨਦਾ ਹੈ ਕਿ ਦੁਨੀਆਂ ਭਰ ਦੀਆਂ ਹੋਰ ਇਲੈਕਟ੍ਰਾਨਿਕ ਵੋਟਿੰਗ ਪ੍ਰਣਾਲੀਆਂ ਵਿੱਚ ਪਾਈਆਂ ਗਈਆਂ ਕਮਜ਼ੋਰੀਆਂ ਭਾਰਤ ਦੀਆਂ ਮਸ਼ੀਨਾਂ 'ਤੇ ਲਾਗੂ ਨਹੀਂ ਹੁੰਦੀਆਂ ਹਨ, ਅਤੇ ਭਾਰਤੀ ਮਸ਼ੀਨਾਂ ਨੂੰ ਉਨ੍ਹਾਂ ਨੇ ਪੂਰੀ ਤਰ੍ਹਾਂ ਨਾਲ ਛੇੜਛਾੜ-ਰਹਿਤ ਦੱਸਿਆ ਹੈ। ਭਾਰਤ ਦੀ ਲਗਭਗ ਪੂਰੀ ਆਬਾਦੀ ਵੋਟ ਪਾਉਣ ਲਈ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਦੀ ਵਰਤੋਂ ਕਰਦੀ ਹੈ। ਇੱਥੇ ਵਰਤੋਂ ਵਿੱਚ ਆਉਣ ਵਾਲੀਆਂ ਲਗਭਗ 1.4 ਮਿਲੀਅਨ ਮਸ਼ੀਨਾਂ ਡਾਇਰੈਕਟ ਰਿਕਾਰਡਿੰਗ ਇਲੈਕਟ੍ਰਾਨਿਕ ਕਿਸਮ ਦੀਆਂ ਹਨ। ਅੰਦਰੂਨੀ ਮੈਮੋਰੀ ਵਿੱਚ ਵੋਟਾਂ ਰਿਕਾਰਡ ਕਰਦੇ ਹਨ ਅਤੇ ਬਾਅਦ ਵਿੱਚ ਨਿਰੀਖਣ ਜਾਂ ਮੁੜ ਗਿਣਤੀ ਲਈ ਕੋਈ ਕਾਗਜ਼ੀ ਰਿਕਾਰਡ ਨਹੀਂ ਦਿੰਦੇ ਹਨ। ਖੋਜਕਰਤਾਵਾਂ ਦਾ ਕਹਿਣਾ ਹੈ ਕਿ ਡੀਆਰਈ ਦੇ ਨਾਲ, ਵੋਟਿੰਗ ਮਸ਼ੀਨਾਂ ਦੇ ਹਾਰਡਵੇਅਰ ਅਤੇ ਸੌਫ਼ਟਵੇਅਰ ਵਿੱਚ ਪੂਰਾ ਭਰੋਸਾ ਰੱਖਿਆ ਜਾਂਦਾ ਹੈ।

ਕਾਗਜ਼ ਰਹਿਤ ਇਲੈਕਟ੍ਰਾਨਿਕ ਵੋਟਿੰਗ ਪ੍ਰਣਾਲੀ ਦੀ ਵਿਸ਼ਵ ਪੱਧਰ 'ਤੇ ਆਲੋਚਨਾ ਕੀਤੀ ਗਈ ਹੈ ਅਤੇ ਬਹੁਤ ਸਾਰੇ ਦੇਸ਼ ਅਤੇ ਅਮਰੀਕਾ ਦੇ ਰਾਜ ਅਜਿਹੀਆਂ ਪ੍ਰਣਾਲੀਆਂ ਨੂੰ ਛੱਡ ਰਹੇ ਹਨ।

ਅਜਿਹੀਆਂ ਮਸ਼ੀਨਾਂ ਪਹਿਲਾਂ ਹੀ ਆਇਰਲੈਂਡ, ਨੀਦਰਲੈਂਡ, ਜਰਮਨੀ, ਫ਼ਲੋਰੀਡਾ ਅਤੇ ਹੋਰ ਕਈ ਥਾਵਾਂ 'ਤੇ ਇਹ ਛੱਡ ਦਿੱਤੀਆਂ ਗਈਆਂ ਹਨ। ਭਾਰਤ ਨੂੰ ਇਸ ਦੀ ਪਾਲਣਾ ਕਰਨੀ ਚਾਹੀਦੀ ਹੈ, ਨੀਦਰਲੈਂਡ ਦੇ ਇੱਕ ਸੁਰੱਖਿਆ ਖੋਜਕਰਤਾ ਰੌਪ ਗੋਂਗਗ੍ਰਿਜਪ ਨੇ ਕਿਹਾ ਜਿਸਨੇ ਇਸ ਅਧਿਐਨ ਵਿੱਚ ਹਿੱਸਾ ਲਿਆ।

ਚੋਣ ਅਧਿਕਾਰੀ ਕੀ ਕਹਿੰਦੇ ਹਨ ਇਸ ਬਾਰੇ ਕੋਈ ਗੱਲ ਨਹੀਂ, ਇਹ ਖੋਜ ਇੱਕ ਵਾਰ ਫ਼ਿਰ ਦਰਸਾਉਂਦੀ ਹੈ ਕਿ ਲੰਬੇ ਸਮੇਂ ਤੋਂ ਚੱਲੀ ਆ ਰਹੀ ਵਿਗਿਆਨਕ ਸਹਿਮਤੀ ਸੱਚ ਹੈ: ਡੀ. ਆਰ. ਈ. ਵੋਟਿੰਗ ਮਸ਼ੀਨਾਂ ਬੁਨਿਆਦੀ ਤੌਰ 'ਤੇ ਕਮਜ਼ੋਰ ਹਨ। ਚੋਣਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਪਾਰਦਰਸ਼ਤਾ ਲਈ, ਤੁਹਾਡੇ ਕੋਲ ਕਾਗਜ਼ਾਂ 'ਤੇ ਵੋਟਾਂ ਹੋਣੀਆਂ ਜ਼ਰੂਰੀ ਹਨ। ਕੰਪਿਊਟਰਾਂ ਨੂੰ ਇਮਾਨਦਾਰੀ ਨਾਲ ਵੋਟਾਂ ਦੀ ਗਿਣਤੀ ਕਰਨ ਲਈ ਪ੍ਰੋਗ੍ਰਾਮ ਕੀਤਾ ਜਾ ਸਕਦਾ ਹੈ, ਪਰ ਕਿਉਂਕਿ ਕੋਈ ਵੀ ਉਨ੍ਹਾਂ ਨੂੰ ਨਹੀਂ ਦੇਖ ਸਕਦਾ, ਉਹ ਬੇਈਮਾਨੀ ਨਾਲ ਗਿਣਤੀ ਕਰਨ ਲਈ ਆਸਾਨੀ ਨਾਲ ਪ੍ਰੋਗਰਾਮ ਕੀਤੇ ਜਾ ਸਕਦੇ ਹਨ। ਖੋਜਕਰਤਾਵਾਂ ਨੇ ਇਹ ਵੀ ਨੋਟ ਕੀਤਾ ਕਿ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਵਿੱਚ ਵੋਟ-ਗਣਨਾ ਕਰਨ ਵਾਲੇ ਸੌਫ਼ਟਵੇਅਰ ਨੂੰ ਅਖੌਤੀ ਮਾਸਕ ਪ੍ਰੋਗਰਾਮਡ ਮਾਈਕ੍ਰੋ ਕੰਟਰੋਲਰ ਵਿੱਚ ਪ੍ਰੋਗ੍ਰਾਮ ਕੀਤਾ ਗਿਆ ਹੈ, ਜੋ ਕਿ ਸੌਫ਼ਟਵੇਅਰ ਨੂੰ ਪੜ੍ਹਨ ਅਤੇ ਤਸਦੀਕ ਕਰਨ ਦੀ ਇਜਾਜ਼ਤ ਨਹੀਂ ਦਿੰਦੇ ਹਨ। ਖੋਜਕਰਤਾਵਾਂ ਦਾ ਕਹਿਣਾ ਹੈ ਕਿ ਕਿਉਂਕਿ ਇਹ ਚਿਪਸ ਸੰਯੁਕਤ ਰਾਜ ਅਤੇ ਜਾਪਾਨ ਵਿੱਚ ਬਣੀਆਂ ਹਨ, ਭਾਰਤ ਵਿੱਚ ਕੋਈ ਵੀ ਯਕੀਨੀ ਤੌਰ 'ਤੇ ਨਹੀਂ ਜਾਣਦਾ ਹੈ ਕਿ ਇਨ੍ਹਾਂ ਮਸ਼ੀਨਾਂ ਵਿੱਚ ਕਿਹੜਾ ਸਾਫ਼ਟਵੇਅਰ ਹੈ ਜਾਂ ਕੀ ਇਹ ਵੋਟਾਂ ਦੀ ਸਹੀ ਗਿਣਤੀ ਕਰਦਾ ਹੈ।

ਅਧਿਐਨ ਦਾ ਆਯੋਜਨ ਕਰਨ ਵਾਲੇ ਕੰਪਿਊਟਰ ਇੰਜਨੀਅਰ ਹਰੀ ਪ੍ਰਸਾਦ ਨੇ ਕਿਹਾ, ਜਿੱਥੇ ਵੀ ਮੈਂ ਦੇਖਿਆ ਉੱਥੇ ਸੁਰੱਖਿਆ ਸਮੱਸਿਆਵਾਂ ਸਨ। ਭਾਰਤ ਇੱਕ ਪਾਰਦਰਸ਼ੀ ਚੋਣ ਪ੍ਰਕਿਰਿਆ ਦਾ ਹੱਕਦਾਰ ਹੈ, ਜਿਸ ਨੂੰ ਇਹ ਮਸ਼ੀਨਾਂ ਸਿਰਫ਼ ਪ੍ਰਦਾਨ ਨਹੀਂ ਕਰ ਸਕਦੀਆਂ। ਇਹ ਅਧਿਐਨ ਹੈਦਰਾਬਾਦ ਵਿੱਚ, ਸੰਯੁਕਤ ਰਾਜ ਵਿੱਚ ਮਿਸ਼ੀਗਨ ਯੂਨੀਵਰਸਿਟੀ ਅਤੇ ਨੀਦਰਲੈਂਡਜ਼ ਵਿੱਚ ਇੱਕ ਗੈਰ-ਲਾਭਕਾਰੀ ਸੰਸਥਾ ਦੁਆਰਾ ਸਾਂਝੇ ਰੂਪ ਵਿੱਚ ਕੀਤਾ ਗਿਆ ਸੀ ਜੋ ਇਲੈਕਟ੍ਰਾਨਿਕ ਵੋਟਿੰਗ ਨਾਲ ਸਬੰਧਿਤ ਮੁੱਦਿਆਂ ਦੀ ਖੋਜ ਵਿੱਚ ਮਾਹਰ ਹੈ।

# ਪੰਜਾਬ ਦੀ ਝਾਕੀ ਨੂੰ ਬਾਹਰ ਰੱਖਣ ਦਾ ਮਾਮਲਾ ਤੇ ਪੰਜਾਬੀਆਂ ਦੀਆਂ ਦੇਸ਼ ਲਈ 80 ਫ਼ੀਸਦੀ ਕੁਰਬਾਨੀਆਂ

ਕਮਲਜੀਤ ਸਿੰਘ ਬਨਵੈਤ




ਗਣਤੰਤਰ ਦਿਵਸ ਮੌਕੇ ਹੋਣ ਵਾਲੇ ਜਸ਼ਨਾਂ ਵਿੱਚੋਂ ਪੰਜਾਬ ਦੀ ਝਾਕੀ ਨੂੰ ਬਾਹਰ ਰੱਖਣ ਦੇ ਮਾਮਲੇ ਨੂੰ ਲੈ ਕੇ ਸਿਆਸੀ ਪਾਰਟੀਆਂ ਆਪਸ ਵਿੱਚ ਗੁਥਮ ਗੁੱਥਾ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਭਾਜਪਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਸੁਨੀਲ ਜਾਖੜ ਵੱਲੋਂ ਇੱਕ ਦੂਜੇ ਉੱਤੇ ਸੁੱਟੇ ਜਾ ਰਹੇ ਚਿੱਕੜ ਨੂੰ ਦੇਖ ਕੇ ਇੰਝ ਲੱਗਣ ਲੱਗਾ ਹੈ ਕਿ ਜਿਵੇਂ ਵਿੱਦਿਅਕ ਅਦਾਰਿਆਂ ਦੇ ਯੂਥ ਫ਼ੈਸਟੀਵਲ ਵੇਲੇ ਨਤੀਜੇ ਨੂੰ ਲੈ ਕੇ ਪ੍ਰਤੀਯੋਗੀ ਇੱਕ ਦੂਜੇ ਉੱਤੇ ਇਲਜ਼ਾਮ ਲਾਉਣ ਲੱਗਦੇ ਹਨ। ਆਮ ਕਰਕੇ ਯੂਥ ਫ਼ੈਸਟੀਵਲਾਂ ਵਿੱਚ ਸਭ ਤੋਂ ਵੱਧ ਰੌਲਾ-ਰੱਪਾ ਭੰਗੜੇ ਅਤੇ ਗਿੱਧੇ ਦੇ ਨਤੀਜਾ ਨੂੰ ਲੈ ਕੇ ਪੈਂਦਾ ਹੈ। ਉਦੋਂ ਖਰੀ ਗੱਲ ਇਹ ਹੁੰਦੀ ਹੈ ਕਿ ਪ੍ਰਤੀਯੋਗੀ ਆਪਣੀ ਪ੍ਰਤਿਭਾ ਦੇ ਸਹਾਰੇ ਰਿਜ਼ਲਟ ਉਹਨਾਂ ਦੇ ਹੱਕ ਵਿੱਚ ਰਹਿਣ ਦਾ ਦਾਅਵਾ ਕਰਦੇ ਹਨ ਪਰ ਦੂਜੀ ਪਾਰਟੀ ਉੱਤੇ ਚਿੱਕੜ ਨਹੀਂ ਸੁੱਟਿਆ ਜਾਂਦਾ। ਹਾਂ, ਬੜੀ ਵਾਰ ਜੱਜਮੈਂਟ ਦੇਣ ਵਾਲੇ ਵੀ ਦੂਸ਼ਣਬਾਜ਼ੀ ਵਿੱਚ ਘਿਰ ਜਾਂਦੇ ਹਨ। ਗਣਤੰਤਰ ਦਿਵਸ ਮੌਕੇ ਪੰਜਾਬ ਨੂੰ ਬਾਹਰ ਰੱਖਣ ਨੂੰ ਲੈ ਕੇ ਸਿਆਸੀ ਪਾਰਟੀਆਂ ਇੱਕ ਦੂਜੇ ਨੂੰ ਨੀਵਾਂ ਦਿਖਾਉਣ ਉੱਤੇ ਉੱਤਰ ਆਈਆਂ ਹਨ। ਪਰ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਪੰਜਾਬ ਨੂੰ ਗਣਤੰਤਰ ਦਿਵਸ ਦੇ ਜਸ਼ਨਾਂ ਵਿੱਚੋਂ ਬਾਹਰ ਰੱਖਿਆ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੇਂਦਰ ਉੱਤੇ ਇਲਜ਼ਾਮ ਲਾਏ ਜਾਣ ਤੋਂ ਬਾਅਦ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਆਪਸ ਵਿੱਚ ਹੀ ਸਿੰਗ ਫ਼ਸਾ ਲਏ ਹਨ।

ਸਰਕਾਰੀ ਅੰਕੜਿਆਂ ਤੋਂ ਮਿਲੀ ਜਾਣਕਾਰੀ ਅਨੁਸਾਰ ਪਿਛਲੇ 17 ਸਾਲਾਂ ਦੌਰਾਨ ਪੰਜਾਬ ਨੂੰ ਨੌਂ ਵਾਰ ਗਣਤੰਤਰ ਦਿਵਸ ਮੌਕੇ ਆਪਣੀ ਝਾਕੀ ਦਿਖਾਉਣ ਦਾ ਮੌਕਾ ਨਹੀਂ ਮਿਲਿਆ ਸੀ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੁੰਦਿਆਂ ਤਾਂ ਪੰਜਾਬ ਨੂੰ ਲਗਾਤਾਰ ਬਾਹਰ ਰੱਖਿਆ ਗਿਆ ਸੀ। ਸਾਲ 2007 ਦੌਰਾਨ ਵੀ ਪੰਜਾਬ ਨੂੰ ਮੌਕਾ ਨਹੀਂ ਸੀ ਮਿਲ ਸਕਿਆ। ਉਸ ਤੋਂ ਅਗਲੇ ਸਾਲ ਪੰਜਾਬ ਜਸ਼ਨਾਂ ਵਿੱਚ ਭਾਗ ਲੈ ਸਕਿਆ ਸੀ। ਉਸ ਤੋਂ ਬਾਅਦ ਲਗਾਤਾਰ ਦੋ ਸਾਲ 2009 ਅਤੇ 2010 ਨੂੰ ਪੰਜਾਬ ਨੂੰ ਗਣਤੰਤਰ ਦਿਵਸ ਜਸ਼ਨਾਂ ਤੋਂ ਬਾਹਰ ਰੱਖਿਆ ਗਿਆ। ਸਾਲ 2011 ਅਤੇ 2012 ਵਿੱਚ ਪੰਜਾਬ ਨੂੰ ਮੁੜ ਤੋਂ ਮੌਕਾ ਦਿੱਤਾ ਗਿਆ ਸੀ। 2013 ਤੋਂ ਲੈ ਕੇ 2016 ਤਕ ਲਗਾਤਾਰ ਪੰਜਾਬ ਨੂੰ ਗਣਤੰਤਰ ਦਿਵਸ ਮੌਕੇ ਝਾਕੀ ਦਿਖਾਉਣ ਦਾ ਮੌਕਾ ਨਹੀਂ ਸੀ ਦਿੱਤਾ ਗਿਆ। ਉਸ ਤੋਂ ਬਾਅਦ 2017 ਤੋਂ ਲੈ ਕੇ 2022 ਤੱਕ ਪੰਜਾਬ ਗਣਤੰਤਰ ਦਿਵਸ ਜਸ਼ਨਾਂ ਦਾ ਹਿੱਸਾ ਬਣਦਾ ਰਿਹਾ ਹੈ। 2023 ਵਿੱਚ ਵੀ ਪੰਜਾਬ ਨੂੰ ਗਣਤੰਤਰ ਦਿਵਸ਼ ਮੌਕੇ ਝਾਕੀ ਪੇਸ਼ ਕਰਨ ਤੋਂ ਨਾਂਹ ਹੋ ਗਈ ਸੀ। ਉਦੋਂ ਵੀ ਕੇਂਦਰ ਸਰਕਾਰ ਉੱਤੇ ਅਜਿਹੇ ਦੋਸ਼ ਲੱਗੇ ਸਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੇਂਦਰ ਦੇ ਇਸ ਫ਼ੈਸਲੇ ਨੂੰ ਕੌਮੀ ਤਰਾਨੇ ਵਿੱਚੋਂ ਪੰਜਾਬ ਸ਼ਬਦ ਕੱਢਣ ਦੀ ਦਿਸ਼ਾ ਵੱਲ ਪੇਸ਼ ਕਦਮੀ ਕਰਾਰ ਦਿੱਤਾ ਹੈ। ਉਨ੍ਹਾਂ ਨੇ ਇੱਥੋਂ ਤਕ ਕਹਿ ਦਿੱਤਾ ਕਿ ਪੰਜਾਬ ਦੇ ਸਵੈਮਾਣ ਨੂੰ ਸੱਟ ਮਾਰਨ ਲਈ ਪੰਜਾਬੀਆਂ ਵੱਲੋਂ ਸੁਤੰਤਰਤਾ ਸੰਗਰਾਮ ਵਿੱਚ ਦਿੱਤੇ ਲਾ ਮਿਸਾਲ ਬਲੀਦਾਨ ਦਾ ਨਿਰਾਦਰ ਕੀਤਾ ਗਿਆ ਹੈ। ਉਨ੍ਹਾਂ ਨੇ ਨਾਲ ਹੀ ਇਹ ਦਾਅਵਾ ਕੀਤਾ ਕਿ ਉਹ ਪਿੰਡ ਪਿੰਡ ਤੱਕ ਕੇਂਦਰੀ ਵਤੀਰੇ ਦੀ ਗੱਲ ਲੈ ਕੇ ਜਾਣਗੇ ਅਤੇ ਪੰਜਾਬ ਵੱਲੋਂ ਤਿਆਰ ਕੀਤੀਆਂ ਝਾਕੀਆਂ ਨੂੰ ਗੁਣਤੰਤਰ ਦਿਵਸ ਮੌਕੇ ਪੰਜਾਬ ਵਿੱਚ ਹੋਣ ਵਾਲੇ ਸਮਾਗਮਾਂ ਦੌਰਾਨ ਲੋਕਾਂ ਨੂੰ ਦਿਖਾਇਆ ਜਾਵੇਗਾ।

ਦੂਜੇ ਬੰਨੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਇੱਕ ਪ੍ਰੈੱਸ ਕਾਨਫ਼ਰੰਸ ਕਰਕੇ ਪੰਜਾਬ ਸਰਕਾਰ ਦੀ ਅੰਦਰਲਾ ਪੋਲ ਖੋਲ੍ਹਣ ਦਾ ਦਾਅਵਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਵੱਲੋਂ ਜਿਹੜੀਆਂ ਝਾਕੀਆਂ ਤਿਆਰ ਕੀਤੀਆਂ ਗਈਆਂ ਸਨ, ਉਨ੍ਹਾਂ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀਆਂ ਫ਼ੋਟੋਆਂ ਲਾਈਆਂ ਗਈਆਂ ਸਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਝਾਕੀਆਂ ਪੰਜਾਬ ਦੇ ਸੱਭਿਆਚਾਰ ਅਤੇ ਸੈਰ ਸਪਾਟਾ ਵਿਭਾਗ ਵੱਲੋਂ ਤਿਆਰ ਕੀਤੀਆਂ ਗਈਆਂ ਸਨ ਅਤੇ ਇਹ ਕੇਂਦਰ ਸਰਕਾਰ ਵੱਲੋਂ ਜੱਜਾਂ ਦੀ ਬਣਾਈ ਇੱਕ ਕਮੇਟੀ ਦੇ ਮਿਆਰ 'ਤੇ ਖਰੀਆਂ ਨਹੀਂ ਉੱਤਰੀਆਂ ਹਨ। ਉਹਨਾਂ ਦਾ ਕਹਿਣਾ ਸੀ ਕਿ ਭਗਵੰਤ ਸਿੰਘ ਮਾਨ ਜਿਹੜੇ ਅਸੈਂਬਲੀ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਉੱਤੇ ਮਾੜੀ ਭਾਸ਼ਾ ਬੋਲਣ ਦਾ ਦੋਸ਼ ਲਾਉਂਦੇ ਰਹੇ ਹਨ, ਦੇਸ਼ ਦੇ ਪ੍ਰਧਾਨ ਮੰਤਰੀ ਬਾਰੇ ਗੱਲ ਕਰਦਿਆਂ ਮਰਿਆਦਾ ਭੁੱਲ ਹਏ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇ ਲੋੜ ਪਈ ਤਾਂ ਉਹ ਪੰਜਾਬ ਸਰਕਾਰ ਦੇ ਕਾਰਨਾਮਿਆਂ ਦੀਆਂ ਝਲਕੀਆਂ ਗਣਤੰਤਰ ਦਿਵਸ ਮੌਕੇ ਹੋਣ ਵਾਲੇ ਸਮਾਗਮਾਂ ਵਿੱਚ ਪੇਸ਼ ਕਰਨਗੇ।

ਵੱਖ ਵੱਖ ਸਰੋਤਾਂ ਤੋਂ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਵੱਲੋਂ ਗਣਤੰਤਰ ਦਿਵਸ ਮੌਕੇ ਦਿਖਾਈਆਂ ਜਾਣ ਵਾਲੀਆਂ ਝਾਕੀਆਂ ਦੀ ਚੋਣ ਲਈ ਇੱਕ ਕਮੇਟੀ ਬਣਾਈ ਜਾਂਦੀ ਹੈ, ਜਿਸ ਵਿੱਚ ਭਾਰਤੀ ਫ਼ੌਜ ਸਮੇਤ ਵੱਖ-ਵੱਖ ਖੇਤਰ ਦੀਆਂ ਸ਼ਖਸੀਅਤਾਂ ਸ਼ਾਮਿਲ ਕੀਤੀਆਂ ਜਾਂਦੀਆਂ ਹਨ। ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਵੱਲੋਂ ਨਿਯਮਾਂ ਅਨੁਸਾਰ ਪੰਜਾਬ ਨੂੰ ਪੱਤਰ ਲਿਖ ਕੇ ਝਾਕੀਆਂ ਭੇਜਣ ਲਈ ਕਿਹਾ ਗਿਆ ਸੀ। ਕੇਂਦਰ ਦਾ ਪਹਿਲਾ ਪੱਤਰ 4 ਅਗਸਤ 2023 ਨੂੰ ਪੰਜਾਬ ਸਰਕਾਰ ਨੂੰ ਪ੍ਰਾਪਤ ਹੋ ਗਿਆ ਸੀ। ਕੇਂਦਰੀ ਟੀਮ ਵੱਲੋਂ ਝਾਕੀਆਂ ਵਿੱਚ ਕੁਝ ਖਾਮੀਆਂ ਦੱਸ ਕੇ ਇਸ ਵਿੱਚ ਸੋਧ ਕਰਨ ਦੀ ਹਦਾਇਤ ਕੀਤੀ ਗਈ ਸੀ। ਪੰਜਾਬ ਸਰਕਾਰ ਵੱਲੋਂ ਸੋਧੀਆਂ ਝਾਕੀਆਂ 22 ਦਸੰਬਰ ਨੂੰ ਬਦਲ ਕੇ ਭੇਜ ਦਿੱਤੀਆਂ ਗਈਆਂ ਅਤੇ ਉਸ ਤੋਂ ਚਾਰ ਦਿਨ ਬਾਅਦ ਕੇਂਦਰ ਸਰਕਾਰ ਦਾ ਝਾਕੀਆਂ ਨੂੰ ਬਾਹਰ ਰੱਖਣ ਦਾ ਸੁਨੇਹਾ ਦਿੰਦਾ ਪੱਤਰ ਪੰਜਾਬ ਸਰਕਾਰ ਦੇ ਦਰ ਆ ਪੁੱਜਾ।

ਭਗਵੰਤ ਮਾਨ ਨੇ ਜੇ ਲੰਘੇ ਦਿਨੀਂ ਇੱਕ ਪ੍ਰੈੱਸ ਕਾਨਫ਼ਰੰਸ ਕਰਕੇ ਦੇਸ਼ ਦੇ ਪ੍ਰਧਾਨ ਮੰਤਰੀ ਉੱਤੇ ਤੋੜਾ ਝਾੜਿਆ ਸੀ ਤਾਂ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਵੀ ਘੱਟ ਨਹੀਂ ਕੀਤੀ। ਕਿਹਾ ਜਾ ਸਕਦਾ ਸੀ ਕਿ ਦੋਨਾਂ ਦਾ ਆਪਣੀ ਜ਼ਬਾਨ ਉੱਤੇ ਕੰਟਰੋਲ ਨਹੀਂ ਸੀ ਅਤੇ ਇੱਕ ਦੂਜੇ ਨੂੰ ਨੀਵਾਂ ਦਿਖਾਉਣ ਲਈ ਪੂਰੀ ਵਾਹ ਲਾਈ। ਪੰਜਾਬ ਅਤੇ ਪੰਜਾਬੀ ਅਡੋਲ ਹਨ। ਪੰਜਾਬ ਕੇਂਦਰ ਵੱਲੋਂ ਪ੍ਰਤੀਨਿਧਤਾ ਦੇਣ ਦਾ ਮੁਥਾਜ ਨਹੀਂ ਹੈ, ਨਾ ਹੀ ਆਜ਼ਾਦੀ ਪ੍ਰਾਪਤ ਕਰਨ ਲਈ ਪੰਜਾਬੀਆਂ ਵੱਲੋਂ ਦਿੱਤੀ 80 ਫ਼ੀਸਦੀ ਕੁਰਬਾਨੀ ਨੂੰ ਕੋਈ ਝੁਠਲਾ ਸਕੇਗਾ। ਪੰਜਾਬ ਪੂਰੇ ਮੁਲਕ ਲਈ ਢਾਲ਼ ਬਣ ਕੇ ਖੜ੍ਹਦਾ ਰਿਹਾ। ਪੰਜਾਬ ਦੇ ਕਿਸਾਨ ਨੂੰ ਪੂਰੇ ਮੁਲਕ ਦਾ ਢਿੱਡ ਭਰਨ ਕਰਕੇ ਅੰਨਦਾਤਾ ਕਿਹਾ ਜਾਣ ਲੱਗਾ ਹੈ। ਪੰਜਾਬ ਅਤੇ ਪੰਜਾਬੀਆਂ ਦੀ ਸ਼ਾਨ ਵੱਖਰੀ ਹੈ। ਵਧੀਆ ਗੱਲ ਹੈ ਜੇ ਸਿਆਸਤਦਾਨ ਆਪਣੇ ਕਿਰਦਾਰ ਦੇ ਸਿਰ 'ਤੇ ਦਮਗਜ਼ੇ ਮਾਰਨ ਜੋਗੇ ਹੋ ਜਾਣ। ਭੇਡਾਂ ਵਿੱਚ ਖੜ੍ਹਾ ਸ਼ੇਰ ਦੂਰੋਂ ਹੀ ਪਛਾਣਿਆ ਜਾਂਦਾ ਹੈ।

# ਪੰਜਾਬ ਨੂੰ ਮੰਝਧਾਰ 'ਚੋਂ ਕੌਣ ਕੱਢੇ?



ਡੇਜ਼ੀ ਵਾਲੀਆ
98159-96661

ਸਿਆਸੀ ਪਾਰਟੀਆਂ ਦੀਆਂ ਗ਼ਲਤ ਨੀਤੀਆਂ ਕਾਰਨ ਪੰਜਾਬ ਅੱਜ ਇੱਕ ਲਾਵਾਰਸ ਹਾਲਤ ਵਿੱਚ ਪੁੱਜ ਗਿਆ ਜਾਪਦਾ ਹੈ। ਹਰ ਦਲ ਆਪਣੀ ਜ਼ਮੀਨ ਦੁਬਾਰਾ ਤਲਾਸ਼ਣ ਦੀ ਦੌੜ ਵਿੱਚ ਹੈ। ਕਿਸੇ ਵੇਲੇ ਅਕਾਲੀ ਦਲ ਨੇ ਖ਼ੁਦ ਨੂੰ ਪੰਜਾਬ ਦੀ ਖੇਤਰੀ ਪਾਰਟੀ ਅਤੇ ਕੌਮੀ ਪਾਰਟੀ ਦੇ ਰੂਪ ਵਿੱਚ ਉਭਾਰਿਆ ਸੀ। ਅਕਾਲੀ ਦਲ ਦਾ ਜਨਮ ਭ੍ਰਿਸ਼ਟਾਚਾਰੀ ਮਹੰਤਾਂ ਨੂੰ ਗੁਰਧਾਮਾਂ ਵਿਚੋਂ ਕੱਢਣ ਲਈ ਹੋਈ ਸੀ। 'ਚਾਬੀਆਂ ਦਾ ਮੋਰਚਾ' ਜਿੱਤਣ 'ਤੇ ਮਹਾਤਮਾ ਗਾਂਧੀ ਨੇ ਅਕਾਲੀਆਂ ਨੂੰ ਮੁਬਾਰਕਬਾਦ ਦਿੰਦਿਆਂ ਲਿਖਿਆ ਸੀ ਕਿ ਆਜ਼ਾਦੀ ਦੀ ਪਹਿਲੀ ਜੰਗ ਜਿੱਤੀ ਗਈ।

ਲੰਬਾ ਸਮਾਂ ਅਕਾਲੀ ਦਲ ਸਿੱਖ ਪੰਥ ਦੀ ਨੁਮਾਇੰਦਗੀ ਕਰਨ ਵਾਲੀ ਪ੍ਰਮੁੱਖ ਸਿਆਸੀ ਤੇ ਧਾਰਮਿਕ ਜਮਾਤ ਰਹੀ। ਸਾਨੂੰ ਯਾਦ ਹੈ ਕਿ ਜਦ ਕਿਸੇ ਵੀ ਦਲ ਦੇ ਨੁਮਾਇੰਦੇ ਵੋਟ ਮੰਗਣ ਲਈ ਆਉਂਦੇ ਸਨ ਤਾਂ ਸਾਡੇ ਮਾਂ-ਬਾਪ ਸਭ ਨੂੰ ਹਾਂ ਕਰਦੇ ਸਨ ਤੇ ਚੰਦਾ ਵੀ ਦਿੰਦੇ ਸਨ ਪਰ ਜਦ ਵੋਟ ਪਾਉਣ ਦਾ ਸਮਾਂ ਆਉਂਦਾ ਸੀ ਤਾਂ ਉਹ ਸਿਰਫ਼ ਤੱਕੜੀ ਨੂੰ ਹੀ ਵੋਟ ਦਿੰਦੇ ਸਨ ਕਿ ਇਹ ਸਾਡੀ ਕੌਮੀ ਪਾਰਟੀ ਹੈ। ਪਰ ਅੱਜ ਅਕਾਲੀ ਦਲ ਵੀ ਕਈ ਕਾਰਨਾਂ ਕਰਕੇ ਹਾਸ਼ੀਏ ਉੱਤੇ ਪਹੁੰਚ ਗਿਆ ਹੈ। ਕਾਂਗਰਸ ਵੀ ਬੁਰੀ ਤਰ੍ਹਾਂ ਖ਼ਤਮ ਹੋਣ ਦੇ ਕਿਨਾਰੇ ਉੱਤੇ ਖੜ੍ਹੀ ਹੈ। ਉਨ੍ਹਾਂ ਦੇ ਆਪਸੀ ਝਗੜੇ ਹੀ ਖ਼ਤਮ ਨਹੀਂ ਹੋ ਰਹੇ। ਭਾਰਤੀ ਜਨਤਾ ਪਾਰਟੀ ਪਹਿਲਾਂ ਹੀ ਕਦੇ ਆਪਣੀ ਪੰਜਾਬ ਵਿਚ ਇਕੱਲਿਆਂ ਜਗ੍ਹਾ ਨਹੀਂ ਬਣਾ ਪਾਈ।

ਇਨ੍ਹਾਂ ਦਲਾਂ ਦੀ ਨਾਕਾਮੀ ਅਤੇ ਆਪਸੀ ਝਗੜਿਆਂ ਦੀ ਬਦੌਲਤ ਆਮ ਆਦਮੀ ਪਾਰਟੀ ਨੂੰ ਲੋਕਾਂ ਨੇ ਮੌਕਾ ਦੇ ਦਿੱਤਾ। ਨਵੇਂ ਹਾਕਮਾਂ ਦੇ ਆਉਣ ਦੇ ਬਾਵਜੂਦ ਪੰਜਾਬ ਦੇ ਸਿਰ 'ਤੇ ਕਰਜ਼ੇ ਦੀ ਪੰਡ ਹਲਕੀ ਹੋਣ ਦੀ ਬਜਾਏ ਹੋਰ ਬੋਝਲ ਹੋ ਰਹੀ ਜਾਪਦੀ ਹੈ। ਇਸ ਵੇਲੇ ਕੋਈ ਵੀ ਰਾਜਨੀਤਕ ਦਲ ਜਾਂ ਉਸ ਦਾ ਮੋਢੀ ਇਸ ਤਰ੍ਹਾਂ ਦਾ ਨਹੀਂ ਜਾਪਦਾ ਜੋ ਪੰਜਾਬ ਦੇ ਮਸਲਿਆਂ ਬਾਰੇ ਸੋਚੇ। ਸਾਰੇ ਦਲਾਂ ਨੂੰ ਆਪੋ-ਧਾਪੀ ਪਈ ਹੋਈ ਹੈ, ਹਰ ਕੋਈ ਆਪਣੀ ਜ਼ਮੀਨ ਤਲਾਸ਼ ਰਿਹਾ ਹੈ।

ਵਿਰੋਧੀ ਧਿਰਾਂ ਵੀ ਆਪਣਾ ਕੰਮ ਠੀਕ ਤਰ੍ਹਾਂ ਨਾਲ ਨਹੀਂ ਕਰ ਪਾ ਰਹੀਆਂ ਕਿਉਂਕਿ ਉਨ੍ਹਾਂ ਦੇ ਵਿਧਾਇਕ ਕਿਸੇ ਨਾ ਕਿਸੇ ਦੋਸ਼ ਦੇ ਸ਼ਿਕਾਰ ਹਨ। ਕਈ ਈਡੀ ਤੋਂ ਡਰੇ ਹੋਏ ਹਨ। ਚੁੱਪ ਰਹਿਣਾ ਸਭ ਦੀ ਮਜਬੂਰੀ ਹੋ ਗਈ ਹੈ। ਨਾ ਹੀ ਮੌਜੂਦਾ ਸਰਕਾਰ ਖ਼ਿਲਾਫ਼ ਬੋਲ ਸਕਦੇ ਹਨ, ਨਾ ਹੀ ਕੇਂਦਰ ਦੀਆਂ ਨੀਤੀਆਂ ਦੇ ਵਿਰੋਧ ਵਿਚ। ਪਿਛਲੇ ਦਿਨਾਂ ਤੋਂ ਕੇਂਦਰੀ ਗ੍ਰਹਿ ਮੰਤਰੀ ਦੇ ਬਿਆਨ ਤੋਂ ਕੌਮ ਅਤੇ ਪੰਜਾਬੀ ਲੋਕ ਪਰੇਸ਼ਾਨ ਹਨ। ਬੇਅਦਬੀ ਦਾ ਮਸਲਾ, ਰੇਤ ਮਾਫ਼ੀਆ ਦਾ ਖ਼ਾਤਮਾ, ਨਸ਼ਿਆਂ ਦਾ ਖ਼ਾਤਮਾ, ਕਿਸਾਨੀ ਮਾਮਲੇ, ਪਾਣੀ ਦੇ ਮਾਮਲੇ ਅਤੇ ਰਿਸ਼ਵਤਖੋਰੀ ਦਾ ਖ਼ਾਤਮਾ ਆਦਿ ਕੋਈ ਵੀ ਮਸਲਾ ਹੱਲ ਨਹੀਂ ਕੀਤਾ, ਸਭ ਉੱਥੇ ਹੀ ਖੜ੍ਹੇ ਹਨ। ਇਹੀ ਨਹੀਂ, 1000 ਰੁਪਏ ਹਰ ਮਹੀਨੇ ਪ੍ਰਤੀ ਔਰਤ ਨੂੰ ਦੇਣ ਦਾ ਲਾਲਚ ਦਿੱਤਾ ਹੋਇਆ ਹੈ।



ਮੁਫ਼ਤ ਬੱਸ ਯਾਤਰਾ, ਮੁਫ਼ਤ ਬਿਜਲੀ ਆਦਿ ਵਿੱਚ ਉਲਝਾ ਕੇ ਰੱਖਿਆ ਹੋਇਆ ਹੈ। ਅਸਲੀ ਮੁੱਦਿਆਂ ਉੱਤੇ ਕੋਈ ਗੱਲਬਾਤ ਤੱਕ ਨਹੀਂ ਹੋ ਰਹੀ। ਕਿਸੇ ਵੀ ਸ਼ਹਿਰ ਨੂੰ ਇਹ ਗੰਦ ਤੋਂ ਰਹਿਤ ਨਹੀਂ ਕਰਵਾ ਸਕੇ। ਹਰ ਸ਼ਹਿਰ ਦਾ ਬੁਰਾ ਹਾਲ ਹੈ। ਅਧਿਆਪਕ ਤੇ ਕਿਸਾਨ ਵਿਚਾਰੇ ਧਰਨਿਆਂ ਉੱਤੇ ਬੈਠਣ ਲਈ ਮਜਬੂਰ ਰਹਿੰਦੇ ਹਨ। ਬਸ ਸ਼ਰਾਬ ਦੇ ਠੇਕਿਆਂ ਤੋਂ ਟੈਕਸ ਦੀ ਪ੍ਰਾਪਤੀ ਲਈ ਠੇਕਿਆਂ 'ਤੇ ਜ਼ਰੂਰ ਜ਼ੋਰ ਦਿੱਤਾ ਹੈ। ਅੱਜ ਤੱਕ ਜਿਸ ਵੀ ਦਲ ਦੀ ਸਰਕਾਰ ਆਈ ਜਾਂ ਮੌਜੂਦਾ ਸਰਕਾਰ ਨੇ ਸੈਰ-ਸਪਾਟਾ ਉਦਯੋਗ ਵੱਲ ਕੋਈ ਧਿਆਨ ਨਹੀਂ ਦਿੱਤਾ। ਇਹ ਤਾਂ ਪੰਜਾਬ ਗੁਰੂਆਂ ਦੀ ਧਰਤੀ ਹੈ ਜਿਸ ਕਰਕੇ ਸ਼ਰਧਾਲੂਆ ਦਾ ਆਉਣਾ-ਜਾਣਾ ਹੈ। ਬਸ, ਉਹੀ ਇਸ ਉਦਯੋਗ ਨੂੰ ਬਚਾ ਕੇ ਬੈਠਾ ਹੈ। ਜੇ ਉਸ ਹੈਰੀਟੇਜ ਨੂੰ ਸੰਭਾਲਿਆ ਹੁੰਦਾ ਤਾਂ ਉਹ ਵੀ ਬਾਹਰੋਂ ਲੋਕਾਂ ਨੂੰ ਸੈਰ-ਸਪਾਟੇ ਵਾਸਤੇ ਆਕਰਸ਼ਿਤ ਕਰਦਾ ਜਿਵੇਂ ਕਿ ਰਾਜਸਥਾਨ ਸਰਕਾਰ ਦੀ ਕੁੱਲ ਆਮਦਨ 'ਚ ਸਭ ਤੋਂ ਵੱਡਾ ਹਿੱਸਾ ਸੈਰ-ਸਪਾਟਾ ਉਦਯੋਗ ਤੋਂ ਹੈ। ਨਾ ਹੀ ਸਾਲਾਂ ਤੋਂ ਕੋਈ ਵੱਡਾ ਉਦਯੋਗ ਹੀ ਆਇਆ ਹੈ। ਕਿਸੇ ਵੇਲੇ ਗੋਬਿੰਦਗੜ੍ਹ ਲੋਹੇ ਦੇ ਕਾਰੋਬਾਰ ਕਰਕੇ ਪੂਰੇ ਦੇਸ਼ 'ਚ ਮਸ਼ਹੂਰ ਸੀ ਪਰ ਅੱਜ ਉੱਥੋਂ ਦੇ ਕਾਰੋਬਾਰੀ ਵੀ ਖ਼ੁਸ਼ ਨਹੀਂ ਹਨ। ਹਰ ਚੀਜ਼ ਢਹਿੰਦੀ ਕਲਾ 'ਚ ਹੀ ਹੈ। ਪੰਜਾਬ ਜੋ ਹਮੇਸ਼ਾ ਅਗਾਂਹਵਧੂ ਸੀ, ਅੱਜ ਗ਼ਲਤ ਨੀਤੀਆਂ ਕਾਰਨ ਪੱਛੜ ਗਿਆ ਹੈ। ਅੱਜ ਪੰਜਾਬ 'ਤੇ 'ਉੜਤਾ ਪੰਜਾਬ' ਵਰਗੀਆਂ ਫ਼ਿਲਮਾਂ ਬਣਾਈਆਂ ਜਾ ਰਹੀਆਂ ਹਨ। ਪੰਜਾਬ ਨਸ਼ਿਆਂ ਵਿੱਚ ਡੁੱਬ ਗਿਆ ਹੈ। ਇਹ ਇੱਕ ਖੇਤੀ ਪ੍ਰਧਾਨ ਸੂਬਾ ਹੈ, ਪਰ ਇੱਥੋਂ ਦੇ ਕਿਸਾਨ ਹੀ ਸਭ ਤੋਂ ਜ਼ਿਆਦਾ ਆਤਮ ਹੱਤਿਆ ਕਰਨ ਲਈ ਮਜਬੂਰ ਹਨ। ਮਹਾਰਾਜਾ ਰਣਜੀਤ ਸਿੰਘ ਦੇ ਵਕਤ ਦੇ ਖ਼ੁਸ਼ਹਾਲ ਪੰਜਾਬ ਦਾ ਇਤਿਹਾਸ ਕੌਣ ਨਹੀਂ ਜਾਣਦਾ। ਪੰਜਾਬ ਬਹੁਤ ਖ਼ੁਸ਼ਹਾਲ, ਵਿਸ਼ਾਲ, ਹਰਿਆ-ਭਰਿਆ, ਦੌਲਤਮੰਦ, ਬਹਾਦਰੀ ਦੀ ਮਿਸਾਲ ਅਤੇ ਹਰ ਧਰਮ ਦੀ ਬਰਾਬਰੀ ਆਦਿ ਲਈ ਮਕਬੂਲ ਸੀ। ਪੰਜਾਬ ਦੇ ਬਲੀਦਾਨਾਂ ਦਾ ਸੁਨਹਿਰੀ ਇਤਿਹਾਸ ਵੀ ਸਭ ਨੂੰ ਯਾਦ ਹੈ। ਸਰਕਾਰਾਂ ਨੇ ਤਾਂ ਮਿਹਨਤਪ੍ਰਸਤ ਪੰਜਾਬੀਆਂ ਨੂੰ ਮੁਫ਼ਤ ਦੀਆਂ ਚੀਜ਼ਾਂ ਦੇ ਕੇ ਮੁਫ਼ਤਖੋਰ ਬਣਾਉਣ ਦਾ ਬੀਅ ਬੀਜ ਦਿੱਤਾ ਹੈ। ਮਮਤਾ ਬੈਨਰਜੀ ਆਪਣੇ ਸੂਬੇ 'ਚ ਭਾਰਤੀ ਜਨਤਾ ਪਾਰਟੀ ਦੇ ਪੈਰ ਨਹੀਂ ਲੱਗਣ ਦੇ ਰਹੀ। ਉਸ ਨੇ ਆਪਣੇ ਸੂਬੇ ਵਿੱਚ ਆਪਣੀ ਭਾਸ਼ਾ ਤੇ ਆਪਣੇ ਸੂਬੇ ਦੇ ਮਸਲਿਆਂ ਨੂੰ ਹੀ ਸਾਂਭ ਕੇ ਆਪਣਾ ਹਥਿਆਰ ਬਣਾਇਆ ਹੈ। ਪੰਜਾਬ ਵਿੱਚ ਤਾਂ ਆਪਣੀ ਮਾਂ-ਬੋਲੀ ਪੰਜਾਬੀ ਭਾਸ਼ਾ ਨੂੰ ਵੀ ਠੀਕ ਢੰਗ ਨਾਲ ਕੋਈ ਨਹੀਂ ਸੰਭਾਲ ਪਾ ਰਿਹਾ। ਹੈ ਕੋਈ ਬੇਦਾਗ਼ ਲੀਡਰ ਜੋ ਏਨਾ ਸਮਰੱਥ ਹੋਵੇ ਕਿ ਅੱਜ ਦਾ ਸ਼ੇਰ-ਏ-ਪੰਜਾਬ ਦਾ ਖ਼ਿਤਾਬ ਪਾ ਸਕੇ। ਮਹਾਰਾਜਾ ਰਣਜੀਤ ਸਿੰਘ ਦੇ ਵਕਤ ਦੇ ਖ਼ੁਸ਼ਹਾਲ ਪੰਜਾਬ ਵਾਂਗ ਮੌਜੂਦਾ ਪੰਜਾਬ ਬਣਾ ਸਕੇ। ਪੰਜਾਬ ਵਿੱਚ ਅਜਿਹੀ ਲੀਡਰਸ਼ਿਪ ਨੂੰ ਉਭਾਰਨ ਦੀ ਜ਼ਰੂਰਤ ਹੈ ਜੋ ਪੰਜਾਬ ਦੇ ਹਰ ਨੌਜਵਾਨ ਨੂੰ ਰੁਜ਼ਗਾਰ ਦੇ ਸਕੇ, ਖ਼ੁਸ਼ਹਾਲ ਪੰਜਾਬ ਬਣਾ ਸਕੇ, ਕਿਸਾਨਾਂ ਨੂੰ ਆਤਮ-ਹੱਤਿਆ ਕਰਨ ਦੀ ਮਜਬੂਰੀ ਤੋਂ ਮੁਕਤ ਕਰ ਸਕੇ, ਖੁੱਲ੍ਹਾ ਸਰਹੱਦੀ ਵਪਾਰ ਕਰਵਾ ਸਕੇ, ਹਰ ਧਰਮ ਨੂੰ ਮਹਿਫ਼ੂਜ਼ ਹੋਣ ਦਾ ਅਹਿਸਾਸ ਕਰਵਾ ਸਕੇ ਤੇ ਪੰਜਾਬੀ ਭਾਸ਼ਾ ਨੂੰ ਸਭ ਤੋਂ ਉੱਪਰਲਾ ਦਰਜਾ ਦਿਵਾ ਸਕੇ।

ਪੰਜਾਬ ਆਪਣੇ ਨਵੇਂ ਨਿਡਰ ਦਲ ਦੀ ਉਡੀਕ ਵਿੱਚ ਹੈ। ਪਤਾ ਨਹੀਂ ਇਸ ਉਡੀਕ ਨੂੰ ਕੌਣ ਖਤਮ ਕਰੇਗਾ?



# ਪਰਵਾਸ ਦਾ ਸੱਤਵਾਂ ਦਰਿਆ

## ਸੱਤ ਸਮੁੰਦਰ ਪਾਰ ਜਾਣ ਵਾਲਿਓ ਪਹਿਲਾਂ ਆਪਣੇ ਪੰਜਾਬ ਨੂੰ ਤਾਂ ਸਾਂਭ ਲਓ

### ਸਿਆਲ ਰੁੱਤ 'ਚ ਪਰਵਾਸੀ ਪੰਜਾਬੀਆਂ ਦਾ ਵਤਨ ਗੇੜਾ








ਪੰਜ ਦਰਿਆਵਾਂ ਦੀ ਧਰਤੀ ਪੰਜਾਬ 'ਤੇ ਨਸ਼ਿਆਂ ਦੇ ਛੇਵੇਂ ਦਰਿਆ ਤੋਂ ਬਾਅਦ ਪਰਵਾਸ ਦਾ ਸੱਤਵਾਂ ਦਰਿਆ ਭਰ ਜੋਬਨ 'ਤੇ ਵਹਿ ਰਿਹਾ ਹੈ। ਹਾਲਾਤ ਤਾਂ ਇਹ ਬਣ ਗਏ ਹਨ ਕਿ ਪੰਜਾਬ ਵਿੱਚ ਜਦੋਂ ਬੱਚਾ ਅਜੇ ਆਪਣੀ ਮਾਂ ਦੇ ਪੇਟ ਵਿੱਚ ਹੀ ਹੁੰਦਾ ਹੈ ਤਾਂ ਉਸ ਬੱਚੇ ਦਾ ਪਿਤਾ ਉਦੋਂ ਤੋਂ ਹੀ ਆਪਣੇ ਬੱਚੇ ਨੂੰ ਵਿਦੇਸ਼ ਭੇਜਣ ਲਈ ਦੁਨੀਆਂ ਦਾ ਨਕਸ਼ਾ ਵੇਖਣ ਲੱਗ ਜਾਂਦਾ ਹੈ। ਪੰਜਾਬ ਵਿੱਚ ਹੁਣ ਬੱਚਿਆਂ ਦਾ ਪਾਲਣ ਪੋਸ਼ਣ ਹੀ ਇਸ ਢੰਗ ਨਾਲ ਕੀਤਾ ਜਾਂਦਾ ਹੈ ਕਿ ਉਹਨਾਂ ਦਾ ਬੱਚਾ ਦਸਵੀਂ ਪਾਸ ਕਰਨ ਤੋਂ ਬਾਅਦ ਆਈਲੈਟਸ ਕਰਕੇ ਜਾਂ ਕਿਸੇ ਹੋਰ ਤਰੀਕੇ ਸੱਤ ਸਮੁੰਦਰ ਪਾਰ ਕਰਕੇ ਵਿਦੇਸ਼ ਜਾ ਸਕੇ।

ਇਤਿਹਾਸ ਗਵਾਹ ਹੈ ਕਿ ਸਭ ਤੋਂ ਪਹਿਲਾਂ ਪੰਜਾਬ ਦੇ ਦੋਆਬਾ ਇਲਾਕੇ ਦੇ ਲੋਕਾਂ ਨੇ ਵਿਦੇਸ਼ ਜਾਣਾ ਸ਼ੁਰੂ ਕੀਤਾ, ਕਿਉਂਕਿ ਦੋਆਬੇ ਵਿੱਚ ਜ਼ਮੀਨਾਂ ਦੀ ਘਾਟ ਸੀ, ਇਸ ਕਰਕੇ ਆਪਣੇ ਪਰਿਵਾਰ ਦੇ ਸੁਪਨੇ ਪੂਰੇ ਕਰਨ ਲਈ ਦੋਆਬੇ ਦੇ ਗੱਭਰੂ ਵਿਦੇਸ਼ ਜਾਣ ਲੱਗੇ ਸਨ। ਉਸ ਤੋਂ ਬਾਅਦ ਮਾਝਾ ਅਤੇ ਮਾਲਵਾ ਇਲਾਕੇ ਦੇ ਨੌਜਵਾਨ ਵੀ ਵਿਦੇਸ਼ ਜਾਣ ਲੱਗੇ। ਦੋਆਬੇ ਅਤੇ ਮਾਝੇ ਦੇ ਲੋਕ ਵਧੇਰੇ ਕਰਕੇ ਯੂਰਪੀਅਨ ਦੇਸ਼ਾਂ ਵਿੱਚ ਜਾਂਦੇ ਸਨ। ਉਦੋਂ ਇਹ ਲੋਕ 10-15 ਸਾਲਾਂ ਬਾਅਦ ਵਿਦੇਸ਼ਾਂ ਵਿਚੋਂ ਪੈਸਾ ਕਮਾ ਕੇ ਵਾਪਸ ਪੰਜਾਬ ਪਰਤ ਆਉਂਦੇ ਸਨ। ਵਿਦੇਸ਼ ਜਾਣ ਦੇ ਬਾਵਜੂਦ ਇਹਨਾਂ ਲੋਕਾਂ ਦੇ ਦਿਲਾਂ ਅੰਦਰ ਪੰਜਾਬ ਵਸਦਾ ਰਹਿੰਦਾ ਸੀ ਅਤੇ ਇਹ ਲੋਕ ਵਿਦੇਸ਼ ਵਿੱਚ ਰਹਿੰਦਿਆਂ ਪੰਜਾਬ ਲਈ ਮੋਹ ਰਖਦੇ ਸਨ ਅਤੇ ਵਲੈਤ ਵਿੱਚ ਕਮਾਈ ਕਰਕੇ ਵਾਪਸ ਪੰਜਾਬ ਆ ਕੇ ਸੁੱਖ ਚੈਨ ਨਾਲ ਰਹਿੰਦੇ ਸਨ। ਮਾਲਵਾ ਇਲਾਕੇ ਦੇ ਲੋਕ ਵਧੇਰੇ ਕਰਕੇ ਅਰਬ ਦੇਸ਼ਾਂ ਵਿੱਚ ਜਾਣ ਲੱਗੇ ਸਨ ਅਤੇ ਮਲਵਈ ਵੀ ਪਹਿਲਾਂ ਪਹਿਲ ਅਰਬ ਦੇਸ਼ਾਂ ਵਿੱਚੋਂ ਕਮਾਈ ਕਰਕੇ ਪੰਜਾਬ ਵਾਪਸ ਮੁੜ ਆਉਂਦੇ ਸਨ।



ਹੁਣ ਸਮਾਂ ਇਹ ਆ ਗਿਆ ਹੈ ਕਿ ਪੰਜਾਬ ਦਾ ਹਰ ਨੌਜਵਾਨ ਵਿਦੇਸ਼ ਜਾਣ ਲਈ ਕਾਹਲਾ ਪਿਆ ਹੋਇਆ ਹੈ। ਅੱਜ ਪੰਜਾਬ ਦੇ ਹਰ ਪਿੰਡ, ਸ਼ਹਿਰ ਤੇ ਕਸਬੇ ਵਿੱਚ ਵੱਡੀ ਗਿਣਤੀ ਲੋਕਾਂ ਦੇ ਪਰਿਵਾਰਾਂ ਵਿਚੋਂ ਇੱਕ ਪਰਿਵਾਰਕ ਮੈਂਬਰ ਵਿਦੇਸ਼ ਵਿੱਚ ਗਿਆ ਹੋਇਆ ਹੈ। ਕਈ ਪੰਜਾਬੀਆਂ ਦੇ ਪੂਰੇ ਪਰਿਵਾਰ ਹੀ ਵਿਦੇਸ਼ ਵਿੱਚ ਰਹਿੰਦੇ ਹਨ ਅਤੇ ਪੰਜਾਬ ਵਿੱਚ ਉਹਨਾਂ ਵੱਲੋਂ ਵਲੈਤ ਦੀ ਕਮਾਈ ਨਾਲ ਬਣਾਏ ਗਏ ਆਲੀਸ਼ਾਨ ਘਰ ਸੁੰਨੇ ਪਏ ਹਨ। ਸਿਆਲ ਰੁੱਤ ਵਿੱਚ ਜ਼ਰੂਰ ਇਹਨਾਂ ਆਲੀਸ਼ਾਨ ਮਹੱਲਾਂ ਵਰਗੇ ਘਰਾਂ ਵਿੱਚ ਰੌਣਕ ਦਿਖਾਈ ਦਿੰਦੀ ਹੈ ਕਿਉਂ ਕਿ ਹਰ ਸਾਲ ਨਵਾਂ ਸਾਲ ਸ਼ੁਰੂ ਹੁੰਦੇ ਹੀ ਜਨਵਰੀ ਅਤੇ ਫ਼ਰਵਰੀ ਮਹੀਨਿਆਂ ਦੌਰਾਨ ਦੁਨੀਆਂ ਦੇ ਵੱਖ- ਵੱਖ ਮੁਲਕਾਂ ਵਿੱਚ ਰਹਿੰਦੇ ਪਰਵਾਸੀ ਪੰਜਾਬੀ ਪੰਜਾਬ ਆਉਂਦੇ ਹਨ। ਪਰਵਾਸੀ ਪੰਜਾਬੀ ਪੰਜਾਬ ਵਿੱਚ ਆ ਕੇ ਆਪਣੇ ਬੱਚਿਆਂ ਦੇ ਵਿਆਹ ਆਦਿ ਵੀ ਕਰਦੇ ਹਨ ਅਤੇ ਖੇਡ ਮੇਲਿਆਂ ਵਿੱਚ ਵੀ ਆਪਣਾ ਯੋਗਦਾਨ ਪਾਉਂਦੇ ਹਨ। ਪੰਜਾਬ ਦੇ ਕਈ ਇਲਾਕਿਆਂ ਵਿੱਚ ਤਾਂ ਸਿਆਲ ਰੁੱਤ ਵਿੱਚ ਹੁੰਦੇ ਖੇਡ ਮੇਲੇ ਪਰਵਾਸੀ ਪੰਜਾਬੀਆਂ ਵੱਲੋਂ ਦਿਤੇ ਗਏ ਸਹਿਯੋਗ ਨਾਲ ਹੀ ਹੁੰਦੇ ਹਨ। ਇਸ ਕਰਕੇ ਹਰ ਵਾਰੀ ਸਿਆਲ ਰੁੱਤ ਸ਼ੁਰੂ ਹੁੰਦੇ ਹੀ ਪਰਵਾਸੀ ਪੰਜਾਬੀਆਂ ਦੀ ਪੰਜਾਬ ਵਿੱਚ ਉਡੀਕ ਸ਼ੁਰੂ ਹੋ ਜਾਂਦੀ ਹੈ।



ਇਹ ਹਕੀਕਤ ਹੈ ਕਿ ਪਰਵਾਸੀ ਪੰਜਾਬੀਆਂ ਨੇ ਵੱਖ- ਵੱਖ ਮੁਲਕਾਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਆਪਣੀ ਮਿਹਨਤ ਨਾਲ ਵੱਡਾ ਯੋਗਦਾਨ ਪਾਇਆ ਹੈ ਅਤੇ ਅਨੇਕਾਂ ਦੇਸ਼ਾਂ ਦੀ ਸਿਆਸਤ ਵਿੱਚ ਵੀ ਪੰਜਾਬੀਆਂ ਦਾ ਉੱਘਾ ਨਾਂਅ ਹੈ। ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਜੇ ਇਹੀ ਪਰਵਾਸੀ ਪੰਜਾਬੀ ਆਪਣੇ ਪੰਜਾਬ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਤਾਂ ਪੰਜਾਬ ਮੁੜ ਹਰਿਆ ਭਰਿਆ ਅਤੇ ਰੰਗਲਾ ਹੋ ਸਕਦਾ ਹੈ। ਇਹ ਠੀਕ ਹੈ ਕਿ ਪੰਜਾਬ ਵਿੱਚ ਚੰਗਾ ਰੁਜ਼ਗਾਰ ਨਾ ਮਿਲਣ, ਬੇਰੁਜ਼ਗਾਰੀ ਵਿੱਚ ਵਾਧਾ ਹੋਣ, ਨਸ਼ੇ, ਭ੍ਰਿਸ਼ਟਾਚਾਰ ਅਤੇ ਹੋਰ ਕਈ ਸਮੱਸਿਆਵਾਂ ਕਾਰਨ ਪੰਜਾਬੀਆਂ ਕੋਲ ਪਰਵਾਸ ਕਰਨ ਤੋਂ ਸਿਵਾਏ ਹੋਰ ਕੋਈ ਰਸਤਾ ਹੀ ਨਹੀਂ ਬੱਚਦਾ ਪਰ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਨੂੰ ਆਪਣੇ ਪੰਜਾਬ ਦੀ ਸਾਰ ਵੀ ਲੈਣੀ ਚਾਹੀਦੀ ਹੈ। ਪੰਜਾਬੀ ਦੁਨੀਆਂ ਦੇ ਕਿਸੇ ਵੀ ਮੁਲਕ ਵਿੱਚ ਜਾ ਕੇ ਰਹਿਣ ਲੱਗ ਪੈਣ ਪਰ ਉਹਨਾਂ ਦੇ ਪੇਕੇ ਤਾਂ ਪੰਜਾਬ ਵਿੱਚ ਹੀ ਹੁੰਦੇ ਹਨ ਅਤੇ ਪੰਜਾਬ ਉਹਨਾਂ ਦੇ ਦਿਲਾਂ ਵਿੱਚ ਵਸਦਾ ਹੈ। ਇਸ ਲਈ ਵੱਖ- ਵੱਖ ਮੁਲਕਾਂ ਵਿੱਚ ਰਹਿੰਦੇ ਪੰਜਾਬੀਆਂ ਨੂੰ ਆਪਣੀ ਮੂਲ ਧਰਤੀ ਪੰਜਾਬ ਦੀ ਵੀ ਸਾਰ ਲੈਣੀ ਚਾਹੀਦੀ ਹੈ ਅਤੇ ਪੰਜਾਬ ਵਿੱਚ ਪੰਜਾਬੀਆਂ ਨੂੰ ਰੁਜ਼ਗਾਰ ਦੇਣ ਅਤੇ ਪੰਜਾਬ ਦੇ ਸਰਵਪੱਖੀ ਵਿਕਾਸ ਵਿੱਚ ਸਹਿਯੋਗ ਦੇਣਾ ਚਾਹੀਦਾ ਹੈ। ਪੰਜਾਬੀ ਸੱਤ ਸਮੁੰਦਰ ਪਾਰ ਕਰਕੇ ਪਰਵਾਸ ਜ਼ਰੂਰ ਕਰਨ ਪਰ ਉਹਨਾਂ ਨੂੰ ਆਪਣੇ ਪੰਜਾਬ ਨੂੰ ਸੰਭਾਲਣ ਲਈ ਵੀ ਤਾਂ ਉਪਰਾਲੇ ਕਰਨੇ ਚਾਹੀਦੇ ਹਨ। ਇਸ ਸਮੇਂ ਪੰਜਾਬ ਦੀ ਜੋ ਸਥਿਤੀ ਹੈ ਉਹ ਸਭ ਦੇ ਸਾਹਮਣੇ ਹੈ। ਚੰਗਾ ਹੋਵੇਗਾ ਕਿ ਜੇ ਵੱਡੀ ਗਿਣਤੀ ਪਰਵਾਸੀ ਪੰਜਾਬੀ ਵਿਦੇਸ਼ ਵਿੱਚ ਕੁਝ ਸਾਲ ਕਮਾਈਆਂ ਕਰਕੇ ਵਾਪਸ ਪੰਜਾਬ ਨੂੰ ਮੁੜ ਪੈਣ ਅਤੇ ਆਪਣਾ ਅਗਲਾ ਜੀਵਨ ਪੰਜਾਬ ਵਿੱਚ ਬਿਤਾਉਣ। ਜੇ ਅਜਿਹਾ ਕਿਸੇ ਕਾਰਨ ਸੰਭਵ ਨਹੀਂ ਹੈ ਤਾਂ ਪਰਵਾਸੀ ਪੰਜਾਬੀ ਕਿਸੇ ਵੀ ਤਰ੍ਹਾਂ ਪੰਜਾਬ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾ ਕੇ ਪੰਜਾਬ ਦੀ ਆਰਥਿਕਤਾ ਨੂੰ ਮਜ਼ਬੂਤ ਕਰ ਸਕਦੇ ਹਨ। ਜਿਸ ਤਰਾਂ ਪਰਵਾਸੀ ਪੰਜਾਬੀ ਪੰਜਾਬ ਵਿਚਲੇ ਆਪਣੇ ਘਰਾਂ ਨੂੰ ਆਲੀਸ਼ਾਨ ਮਹੱਲਾਂ ਵਰਗੇ ਬਣਾਉਂਦੇ ਹਨ, ਸਜਾਉਂਦੇ ਹਨ, ਛੱਤਾਂ 'ਤੇ ਹਵਾਈ ਜਹਾਜ਼ ਅਤੇ ਹੋਰ ਬਹੁਤ ਕੁਝ ਬਣਾਉਂਦੇ ਹਨ, ਉਹਨਾਂ ਪਰਵਾਸੀਆਂ ਪੰਜਾਬੀਆਂ ਨੂੰ ਆਪਣੇ ਜੱਦੀ ਘਰਾਂ ਦੇ ਵਾਂਗ ਹੀ ਪੂਰੇ ਪੰਜਾਬ ਨੂੰ ਸੋਹਣਾ, ਖ਼ੂਬਸੂਰਤ ਅਤੇ ਆਰਥਿਕ ਪੱਖੋਂ ਪੂਰੀ ਤਰ੍ਹਾਂ ਮਜ਼ਬੂਤ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।



# ਕਿਉਂ ਪੰਜਾਬੀ ਗੁਰੂਆਂ ਦਾ ਰਾਹ ਤਿਆਗਕੇ ਅਖੌਤੀ ਬਾਬਿਆਂ ਦੇ ਚੱਕਰਾਂ ਵਿੱਚ ਫ਼ਸ ਗਏ

**ਕਸ਼ਮੀਰ ਸਿੰਘ ਕਾਦੀਆਂ**

ਦੇਸ਼ ਦੇ ਬਾਕੀ ਰਾਜਾਂ ਨੂੰ ਛੱਡ ਕੇ ਸਿਰਫ਼ ਪੰਜਾਬ ਬਾਰੇ ਹੀ ਗੱਲਬਾਤ ਕਰੀਏ ਤਾਂ ਪੰਜਾਬ ਵਿੱਚ ਤਕਰੀਬਨ ਸਾਢੇ ਬਾਰਾਂ ਹਜ਼ਾਰ ਦੇ ਕਰੀਬ ਪਿੰਡ ਹਨ। ਕੋਈ ਵੀ ਅਜਿਹਾ ਪਿੰਡ ਨਹੀਂ ਜਿੱਥੇ ਦੋ ਚਾਰ ਅਖੌਤੀ ਬਾਬੇ ਨਾ ਹੋਣ। ਜੇਕਰ ਅਸੀਂ ਇੱਕ ਪਿੰਡ ਦੀ ਔਸਤ ਤਿੰਨ ਬਾਬੇ ਵੀ ਕੱਢ ਲਈਏ ਤਾਂ ਇਹ ਤਕਰੀਬਨ 37500 ਬਾਬੇ ਪਿੰਡਾਂ ਵਿੱਚ ਸਰਗਰਮ ਨੇ। ਸ਼ਹਿਰਾਂ ਦੀ ਗਿਣਤੀ ਇਹਨਾਂ ਅੰਕੜਿਆਂ ਤੋਂ ਅਲੱਗ ਹੈ। ਇਹ ਬਾਬੇ ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚ ਪਾ ਕੇ ਉਨ੍ਹਾਂ ਦੀ ਆਰਥਿਕ ਲੁੱਟ ਤਾਂ ਕਰਦੇ ਹੀ ਹਨ, ਗਾਹੇ-ਬਗਾਹੇ ਭੋਲੀਆਂ ਭਾਲੀਆਂ ਔਰਤਾਂ ਦੀ ਸਰੀਰਕ ਲੁੱਟ ਕਰਨੋਂ ਵੀ ਗੁਰੇਜ਼ ਨਹੀਂ ਕਰਦੇਂ। ਇੱਥੋਂ ਤਕ ਕਿ ਭੋਲੇ ਭਾਲੇ ਲੋਕਾਂ ਨੂੰ ਅੰਧਵਿਸ਼ਵਾਸ ਦੀ ਭੱਠੀ ਵਿੱਚ ਧਕੇਲਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਦੇ। ਇਸੇ ਤਰ੍ਹਾਂ ਦੇ ਅੰਧਵਿਸ਼ਵਾਸ ਦੀ ਭੇਟ ਅਕਤੂਬਰ ਵਿੱਚ ਖੰਨਾ ਨੇੜਲੇ ਪਿੰਡ ਅਲੌੜ ਵਿੱਚ 4 ਸਾਲਾ ਮਾਸੂਮ ਲੜਕਾ ਰਵੀ ਰਾਜ ਚੜ੍ਹ ਗਿਆ। ਉਸ ਦੀ ਬੜੀ ਬੇਰਹਿਮੀ ਨਾਲ ਹੱਤਿਆ ਕਰਕੇ ਬਲੀ ਦੇ ਦਿੱਤੀ ਗਈ। ਇਸੇ ਤਰ੍ਹਾਂ ਅੰਮ੍ਰਿਤਸਰ ਦੇ ਪਿੰਡ ਮੂਧਲ ਦੀ 9 ਸਾਲਾ ਸੁਖਮਨਦੀਪ ਕੌਰ ਨੂੰ ਵੀ ਕਿਸੇ ਤਾਂਤਰਿਕ ਪਾਖੰਡੀ ਬਾਬੇ ਦੇ ਕਹਿਣ 'ਤੇ ਅੰਧਵਿਸ਼ਵਾਸ ਦੀ ਭੇਂਟ ਚਾੜ੍ਹ ਦਿੱਤਾ ਗਿਆ।

ਇਹਨਾਂ ਅਖੌਤੀ ਬਾਬਿਆਂ, ਤਾਂਤਰਿਕਾਂ, ਪੁੱਛਾਂ ਦੇਣ ਵਾਲਿਆਂ ਦੀਆਂ ਗੈਰ ਕਾਨੂੰਨੀ ਦੁਕਾਨਾਂ ਸ਼ਰੇਆਮ ਖੁੱਲ੍ਹੀਆਂ ਹੋਈਆਂ ਹਨ। ਵੋਟਾਂ ਦੀ ਰਾਜਨੀਤੀ ਕਰਨ ਵਾਲੇ ਸਿਆਸਤਦਾਨ ਕਦੇ ਨਹੀਂ ਚਾਹੁਣਗੇ ਕਿ ਇਹਨਾਂ ਪਾਖੰਡੀਆਂ ਦੀਆਂ ਦੁਕਾਨਾਂ ਬੰਦ ਹੋ ਜਾਣ। ਉਹ ਇਸੇ ਲਈ ਅੰਧਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਨ ਲਈ ਆਪਣੀਆਂ ਬਣਦੀਆਂ ਜ਼ਿੰਮੇਵਾਰੀਆਂ ਪਾਸਾ ਵੱਟਦੇ ਹਨ। ਇਹਨਾਂ ਤਾਂਤਰਿਕਾਂ, ਪਾਖੰਡੀਆਂ ਵੱਲੋਂ ਅੰਧ ਵਿਸ਼ਵਾਸਾਂ ਰਾਹੀਂ ਗੁਮਰਾਹ ਕਰਕੇ ਭੋਲੇ ਭਾਲੇ ਲੋਕਾਂ ਦੀ ਕੀਤੀ ਜਾ ਰਹੀ ਲੁੱਟ ਖਸੁੱਟ ਨੂੰ ਬੰਦ ਕਰਵਾਉਣ ਵਾਸਤੇ ਪੰਜਾਬ ਭਰ ਵਿੱਚੋਂ ਕੁਝ ਨੌਜਵਾਨਾਂ ਵੱਲੋਂ ਤਰਕਸ਼ੀਲ ਕਮੇਟੀਆਂ ਗਠਿਤ ਕੀਤੀਆਂ ਹੋਈਆਂ ਹਨ। ਇਹ ਤਰਕਸ਼ੀਲ ਸੰਵਿਧਾਨਿਕ ਦਾਇਰੇ ਵਿੱਚ ਰਹਿ ਕੇ ਅਖੌਤੀ ਬਾਬਿਆਂ ਦਾ ਜਨਤਾ ਦੀ ਮੌਜੂਦਗੀ ਵਿੱਚ ਪਰਦਾਫ਼ਾਸ਼ ਕਰਦੇ ਹਨ, ਲੁੱਟ ਖਸੁੱਟ ਨੂੰ ਬੰਦ ਕਰਵਾਉਂਦੇ ਹਨ।



ਮੈਨੂੰ ਖੁਦ ਬਤੌਰ ਪੱਤਰਕਾਰ ਤਰਕਸ਼ੀਲਾਂ ਦੀਆਂ ਸਰਗਰਮੀਆਂ ਬਾਰੇ ਅਤੇ ਇਹਨਾਂ ਅਖੌਤੀ ਬਾਬਿਆਂ ਬਾਰੇ ਕਾਫ਼ੀ ਡੂੰਘਾਈ ਨਾਲ ਜਾਨਣ ਦਾ ਮੌਕਾ ਮਿਲਿਆ। ਘਟਨਾ ਕੋਈ ਦੋ ਦਹਾਕਿਆਂ ਤੋਂ ਵੀ ਪੁਰਾਣੀ ਹੈ। ਕਸਬਾ ਕਾਦੀਆਂ (ਗੁਰਦਾਸਪੁਰ) ਵਿਖੇ ਇੱਕ ਸ਼ਿਕਾਇਤ ਦੇ ਆਧਾਰ 'ਤੇ ਇੱਕ ਅਖੌਤੀ ਬਾਬੇ ਦੀ ਸ਼ਕਤੀ ਦਾ ਪਰਦਾਫ਼ਾਸ਼ ਕਰਨ ਪਹੁੰਚੇ, ਜਿੱਥੇ ਬਾਬੇ ਦਾ ਹੁਲੀਆ ਵੇਖ ਕੇ ਸਿਰ ਸ਼ਰਮ ਨਾਲ ਝੁਕ ਗਿਆ। ਬਾਬੇ ਨੇ ਨੀਲੀ ਦਸਤਾਰ ਸਜਾਈ ਹੋਈ ਸੀ ਅਤੇ (ਸਫ਼ੈਦ) ਚਿੱਟਾ ਚੋਲਾ ਪਾਇਆ ਹੋਇਆ ਸੀ। ਇਹ ਬਾਬਾ ਆਪਣੇ ਆਪ ਨੂੰ ਕਿਸੇ ਧਾਰਮਿਕ ਸੰਪਰਦਾ ਦਾ ਮੈਂਬਰ ਦੱਸਦਾ ਸੀ। ਪਿੰਡ ਵਾਸੀਆਂ ਤੋਂ ਪਤਾ ਲੱਗਾ ਕਿ ਉਹ ਪਿੰਡ ਦੇ ਧਾਰਮਿਕ ਅਸਥਾਨ ਉੱਤੇ ਮੁੱਖ ਸੇਵਾਦਾਰ ਦੀ ਡਿਊਟੀ ਵੀ ਨਿਭਾਉਂਦਾ ਆ ਰਿਹਾ ਸੀ ਅਤੇ ਨਾਲ ਲੱਗਦੇ ਆਪਣੇ ਘਰ ਅੰਦਰ ਦੇਵੀ-ਦੇਵਤੇ, ਸ਼ਿਵਲਿੰਗ, ਤ੍ਰਿਸ਼ੂਲ ਆਦਿ ਲਗਾ ਕੇ ਆਪਣੇ ਇੱਕ ਹੋਰ ਸਾਥੀ ਨਾਲ ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚ ਪਾ ਕੇ ਇਨ੍ਹਾਂ ਮੂਰਤੀਆਂ ਅੱਗੇ ਮੱਥੇ ਟਿਕਾਉਂਦਾ ਸੀ। ਦੋਵੇਂ ਲੋਕਾਂ ਦੀ ਆਰਥਿਕ ਲੁੱਟ ਕਰਦੇ ਸਨ ਅਤੇ ਲੋਕਾਂ ਨੂੰ ਸਵਾਹ ਦੀਆਂ ਪੁੜੀਆਂ ਅਤੇ ਤਵੀਤ ਆਦਿ ਦਾ ਪ੍ਰਸ਼ਾਦ ਵੰਡਦੇ ਸਨ। ਇਸ ਬਾਬੇ ਨੂੰ ਚੈਲੇਂਜ ਕਰਨ 'ਤੇ ਸਾਰਾ ਪੋਲ ਖੁੱਲ੍ਹ ਗਿਆ ਤੇ ਇਸ ਨੇ ਪਿੰਡ ਦੀ ਪੰਚਾਇਤ ਅਤੇ ਲੋਕਾਂ ਦੇ ਸਾਹਮਣੇ ਲਿਖਤੀ ਮੁਆਫ਼ੀ ਮੰਗ ਕੇ ਤੌਬਾ ਕੀਤੀ।

ਅਗਲੇ ਹੀ ਦਿਨ ਇਸ ਬਾਬੇ ਦੇ ਇੱਕ ਦਲਾਲ ਨੇ ਤਰਕਸ਼ੀਲ ਸੋਸਾਇਟੀ ਤਕ ਪਹੁੰਚ ਕੀਤੀ ਤੇ ਅਖਬਾਰ ਵਿੱਚ ਖ਼ਬਰ ਨਾ ਲਵਾਉਣ ਬਦਲੇ 10 ਹਜ਼ਾਰ ਦੇਣ ਦੀ ਪੇਸ਼ਕਸ਼ ਕੀਤੀ। ਦਾਲ਼ ਨਾ ਗਲਦੀ ਵੇਖ ਕੇ ਬਾਬੇ ਦੇ ਦਲਾਲ ਨੇ ਕਿਹਾ, ਤੁਸੀਂ ਜਿੰਨਾ ਮਰਜ਼ੀ ਜ਼ੋਰ ਲਗਾ ਲਓ, ਅਸੀਂ ਖ਼ਬਰ ਨਹੀਂ ਲੱਗਣ ਦੇਣੀ। ਉਸ ਨੇ ਆਪਣੀ ਪਹੁੰਚ ਇਲਾਕੇ ਦੇ ਵਿਧਾਇਕ ਤਕ ਦੱਸੀ।

ਬਟਾਲਾ ਨੇੜੇ ਪੈਂਦੇ ਪਿੰਡ ਵਿੱਚ ਇੱਕ ਅਖੌਤੀ ਬਾਬੇ ਬਾਰੇ 'ਗਿਆਨ' ਪ੍ਰਾਪਤ ਕਰਨ ਪਹੁੰਚੀ ਤਰਕਸ਼ੀਲ ਸੋਸਾਇਟੀ ਨੂੰ ਬੜੀ ਹੈਰਾਨੀ ਹੋਈ। ਇਹ ਅਖੌਤੀ ਬਾਬਾ ਕਿਸੇ ਪੌਣ ਵਿੱਚ ਸਿਰ ਨੂੰ ਬੜੀ ਜ਼ੋਰ ਨਾਲ ਹਿਲਾ ਰਿਹਾ ਸੀ। ਕਮਰੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਰੱਖੀ ਹੋਈ ਸੀ ਤੇ ਸਾਹਮਣੇ ਸ਼ਿਵਲਿੰਗ ਰੱਖਿਆ ਹੋਇਆ ਸੀ। ਪੁੱਛਣ 'ਤੇ ਪਤਾ ਚੱਲਿਆ ਕਿ ਇਸ ਅਖੌਤੀ ਬਾਬੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਬਾਰੇ ਰਤਾ ਜਿੰਨਾ ਵੀ ਗਿਆਨ ਨਹੀਂ ਸੀ। ਇਹ ਤਾਂ ਸਿਰਫ਼ ਇੱਕ ਪਖੰਡ ਰਚਿਆ ਹੋਇਆ ਸੀ ਭੋਲੇ ਭਾਲੇ ਲੋਕਾਂ ਦੀ ਆਰਥਿਕ ਲੁੱਟ ਕਰਨ ਵਾਸਤੇ। ਬਾਬੇ ਦੇ ਸ਼ਰਧਾਲੂਆਂ ਵਿੱਚ ਮਾਸਟਰ, ਨੌਕਰੀ ਪੇਸ਼ੇ ਵਾਲੇ ਅਤੇ ਹਰ ਵਰਗ ਦੇ ਕਰੀਬ 50 ਕੁ ਦੇ ਕਰੀਬ ਸ਼ਰਧਾਲੂ ਬੈਠੇ ਹੋਏ ਸਨ। ਤਰਕਸ਼ੀਲਾਂ ਨੇ ਜਦੋਂ ਬਾਬੇ ਦਾ ਪਰਦਾਫ਼ਾਸ਼ ਕੀਤਾ ਤਾਂ ਲੋਕ ਦੰਗ ਰਹਿ ਗਏ। ਲੋਕਾਂ ਨੇ ਮੰਨਿਆ ਕਿ ਬਾਬਾ ਉਹਨਾਂ ਨੂੰ ਸਵਾਹ ਰੂਪੀ ਪ੍ਰਸ਼ਾਦ ਦੀਆਂ ਪੁੜੀਆਂ 2 ਹਜ਼ਾਰ ਰੁਪਏ ਤੋਂ 4 ਹਜ਼ਾਰ ਰੁਪਏ ਤਕ ਪ੍ਰਤੀ ਪੁੜੀ ਵੇਚਦਾ ਸੀ। ਪਿੰਡ ਵਾਲਿਆਂ ਤੋਂ ਪਤਾ ਚੱਲਿਆ ਕਿ ਉਸੇ ਹੀ ਪਿੰਡ ਦੇ ਕਿਸੇ ਮਰਹੂਮ ਥਾਣੇਦਾਰ ਦੀ ਧੀ ਬਾਬੇ ਦੇ ਦਰਸ਼ਨ ਕਰਨ ਆਉਂਦੀ ਸੀ। ਇਸ ਕੁੜੀ ਨਾਲ ਬਾਬੇ ਨੇ ਵਿਆਹ ਕਰਵਾ ਲਿਆ ਸੀ।

ਇੱਥੋਂ ਦੋ ਕੁ ਕਿਲੋਮੀਟਰ ਦੀ ਦੂਰੀ 'ਤੇ ਪੈਂਦੇ ਇੱਕ ਹੋਰ ਪਿੰਡ ਦੇ ਬਾਹਰ ਇੱਕ ਥਾਂ ਇੱਕ ਪਾਖੰਡ ਦੀ ਦੁਕਾਨ, ਜਿਸ ਨੂੰ ਲੋਕ ਧਾਰਮਿਕ ਨਾਮ ਲੈ ਕੇ ਸੱਦਦੇ ਸਨ, ਤਰਕਸ਼ੀਲ ਉੱਥੇ ਪਹੁੰਚੇ ਤਾਂ ਇੱਕ ਛੋਟੇ ਜਿਹੇ ਸ਼ੈੱਡ ਦੇ ਬਾਹਰ ਇੱਕ ਥੜ੍ਹੇ ਉੱਤੇ ਨਿੱਕੇ ਜਿਹੇ ਆਲ਼ੇ ਵਿੱਚ ਗੁਰੂ ਨਾਨਕ ਦੇਵ ਜੀ ਦੀ ਫ਼ੋਟੋ ਅਤੇ ਨਾਲ ਹੋਰ ਫ਼ੋਟੋਆਂ ਤੋਂ ਇਲਾਵਾ ਇੱਕ ਸ਼ਿਵਲਿੰਗ ਅਤੇ ਦੋ ਜੋਤਾਂ ਦੇਸੀ ਘਿਓ ਦੀਆਂ ਜੱਗ ਰਹੀਆਂ ਸਨ। ਇਸ ਆਲ਼ੇ ਦੇ ਨਾਲ ਹੀ ਬਣੀ ਵਰਮੀ ਵਿੱਚ ਇੱਕ ਸ਼ਰਧਾਲੂ ਔਰਤ ਦੁੱਧ ਦੀਆਂ ਗੜਵੀਆਂ ਪਾ ਰਹੀ ਸੀ। ਇਸ ਡੇਰੇ ਨੂੰ ਚਲਾ ਰਹੇ ਮੀਆਂ ਬੀਵੀ, ਜਿਨ੍ਹਾਂ ਨੇ ਚਿੱਟੇ ਵਸਤਰ ਪਾਏ ਹੋਏ ਸਨ, ਹੱਥ ਵਿੱਚ ਮਾਲਾ ਫ਼ੇਰੀ ਜਾਪ ਕਰ ਰਹੇ ਸਨ। ਇਹ ਦੋਵੇਂ ਪੂਰਨ ਅੰਮ੍ਰਿਤਧਾਰੀ ਸਿੰਘ ਸਨ ਤੇ ਸੰਗਤਾਂ ਨੂੰ ਉਸ ਵਰਮੀ ਦੀ ਮਿੱਟੀ ਪ੍ਰਸ਼ਾਦ ਦੇ ਰੂਪ ਵਿੱਚ ਦੇ ਰਹੇ ਸਨ। ਇਹ ਦੋਨੋਂ ਲੋਕਾਂ ਨੂੰ ਕਾਲੇ ਧਾਗੇ ਦੇ ਤਵੀਤ ਬਣਾ ਕੇ 35-35 ਰੁਪਏ ਤਵੀਤ ਦੇ ਲੈ ਰਹੇ ਸਨ। ਇਹਨਾਂ ਨੂੰ ਚੈਲੇਂਜ ਕਰਨ 'ਤੇ ਇਹਨਾਂ ਸੰਗਤਾਂ ਪਾਸੋਂ ਮੁਆਫ਼ੀ ਮੰਗ ਲਈ ਅਤੇ ਅੱਗੇ ਤੋਂ ਅਜਿਹਾ ਕੰਮ ਕਰਨ ਤੋਂ ਤੌਬਾ ਕਰ ਲਈ।

ਮੇਰਾ ਇਹਨਾਂ ਸਾਰੀਆਂ ਘਟਨਾਵਾਂ ਬਾਰੇ (ਮੇਰਾ ਮਕਸਦ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਨਹੀਂ) ਦੱਸਣ ਦਾ ਇੱਕੋ ਇੱਕ ਮਕਸਦ ਸੀ ਕਿ ਅੱਜ ਸਿੱਖੀ ਬਾਣੇ ਵਿੱਚ ਹੋ ਰਹੇ ਅਜਿਹੇ ਕੰਮ ਜੋ ਕਿ ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚ ਪਾ ਕੇ ਆਪਣਾ ਉੱਲੂ ਸਿੱਧਾ ਕਰ ਰਹੇ ਹਨ, ਨੂੰ ਕਿਉਂ ਨਹੀਂ ਰੋਕਿਆ ਜਾ ਰਿਹਾ। ਇਹ ਲੋਕ ਗੁਰਬਾਣੀ ਦਾ ਓਟ ਆਸਰਾ ਕਿਉਂ ਨਹੀਂ ਲੈਂਦੇ, ਗੁਰਬਾਣੀ ਜੋ ਕਿ ਹਰ ਪ੍ਰਕਾਰ ਦੇ ਵਹਿਮਾਂ ਭਰਮਾਂ, ਮੂਰਤੀ ਪੂਜਾ, ਮੜ੍ਹੀ ਮਸਾਣ ਪੂਜਣ ਦਾ ਡਟ ਕੇ ਵਿਰੋਧ ਕਰਦੀ ਹੈ। ਸਾਧ ਲੋਕ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ ਅਤੇ ਲੋਕਾਂ ਦੀ ਆਰਥਿਕ, ਸਰੀਰਕ ਅਤੇ ਮਾਨਸਿਕ ਲੁੱਟ ਕਰਦੇ ਚਲੇ ਆ ਰਹੇ ਹਨ। ਜਿੱਥੇ ਕਿਤੇ ਵੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅਜਿਹੇ ਕੁਕਰਮ ਹੋ ਰਹੇ ਹਨ ਸ਼੍ਰੋਮਣੀ ਕਮੇਟੀ ਨੂੰ ਐਕਸ਼ਨ ਲੈਣਾ ਚਾਹੀਦਾ ਹੈ।

(ਬਾਕੀ ਸਫ਼ਾ 31 'ਤੇ)



# ਜ਼ਿੰਦਗੀ ਨੂੰ ਹੋਰ ਚੰਗੇਰਾ ਬਣਾਉਣ ਦੀ ਰੀਝ



ਗੁਰਬਿੰਦਰ ਸਿੰਘ ਮਾਣਕ

ਜ਼ਿੰਦਗੀ ਦੇ ਰਾਹ ਕਿਸੇ ਜਰਨੈਲੀ ਸੜਕ ਵਰਗੇ ਸਿੱਧੇ-ਪੱਧਰੇ ਨਹੀਂ ਹੁੰਦੇ। ਜੀਵਨ-ਰੂਪੀ ਗੱਡੀ, ਬਹੁਤੀ ਵਾਰੀ ਡਿੱਕੋ-ਡੋਲੇ ਖਾਂਦੀ, ਰਾਹਾਂ ਦੇ ਕੰਡਿਆਂ, ਟੋਏ-ਟਿੱਬਿਆਂ ਤੇ ਹੋਰ ਅਨੇਕਾਂ ਦੁਸ਼ਵਾਰੀਆਂ ਨਾਲ ਜੂਝਦੀ, ਜੇ ਮੰਜ਼ਿਲ ਦਾ ਕੁਝ ਹਿੱਸਾ ਵੀ ਪੂਰਾ ਕਰ ਲਵੇ ਤਾਂ ਸਫ਼ਲਤਾ ਹੀ ਸਮਝੀ ਜਾਂਦੀ ਹੈ। ਇਸੇ ਕਾਰਨ ਹੀ ਸ਼ਾਇਦ ਕਿਹਾ ਜਾਂਦਾ ਹੈ ਕਿ ਜ਼ਿੰਦਗੀ ਕੋਈ ਫ਼ੁੱਲਾਂ ਦੀ ਸੇਜ ਨਹੀਂ, ਕੰਡਿਆਂ ਦਾ ਤਾਜ ਹੈ। ਪੰਜਾਬੀ ਦੇ ਉੱਘੇ ਵਾਰਤਕਕਾਰ ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਕਥਨ ਹੈ, "ਆਪਣੀ ਤਕਦੀਰ ਆਪ ਲਿਖਣੀ ਪੈਂਦੀ ਹੈ, ਇਹ ਚਿੱਠੀ ਨਹੀਂ ਜੋ ਦੂਜਿਆਂ ਤੋਂ ਲਿਖਵਾ ਲਵੋਂਗੇ।" ਇਸ ਕਥਨ ਵਿੱਚ ਜੀਵਨ ਦਾ ਬਹੁਤ ਡੂੰਘਾ ਰਹੱਸ ਛੁਪਿਆ ਹੋਇਆ ਹੈ।

ਮਨੁੱਖੀ ਜ਼ਿੰਦਗੀ ਬਹੁਤ ਹੀ ਖ਼ੂਬਸੂਰਤ ਹੈ ਤੇ ਜੇ ਕਿਸੇ ਨੂੰ ਜ਼ਿੰਦਗੀ ਜਿਉਣ ਦਾ ਸਲੀਕਾ ਆ ਜਾਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਅਸਲ ਵਿੱਚ ਜ਼ਿੰਦਗੀ ਜਿਉਣਾ ਵੀ ਕਿਸੇ ਹੁਨਰ ਤੋਂ ਘੱਟ ਨਹੀਂ ਹੈ। ਜੀਵਨ ਦੀ ਗੱਡੀ ਨੂੰ ਚਲਾਉਣ ਲਈ ਭਾਵੇਂ ਕੋਈ ਸਥਾਪਿਤ ਜਾਂ ਮਿੱਥੇ ਹੋਏ ਨਿਯਮ ਨਹੀਂ ਹਨ ਕਿ ਜਿਨ੍ਹਾਂ ਨੂੰ ਅਪਣਾ ਕੇ ਕੋਈ ਵਿਅਕਤੀ ਜ਼ਿੰਦਗੀ ਰੂਪੀ ਸੜਕ 'ਤੇ ਸਫ਼ਲਤਾਪੂਰਵਕ ਚੱਲ ਸਕਦਾ ਹੋਵੇ। ਅਸਲ ਵਿੱਚ ਹਰ ਵਿਅਕਤੀ ਆਪਣੇ ਢੰਗ ਨਾਲ ਹੀ ਜ਼ਿੰਦਗੀ ਜਿਉਂਦਾ ਹੈ। ਜੀਵਨ ਵਿੱਚ ਵਿਚਰਦਿਆਂ ਅਕਸਰ ਇਹ ਅਨੁਭਵ ਹੁੰਦਾ ਹੈ ਕਿਸੇ ਨੂੰ ਜ਼ਿੰਦਗੀ ਦੀ ਸਮਝ ਸਾਰਾ ਜੀਵਨ ਗੁਜ਼ਾਰ ਕੇ ਵੀ ਨਹੀਂ ਆਉਂਦੀ ਤੇ ਵਿਰਲੇ ਅਜਿਹੇ ਵੀ ਹੁੰਦੇ ਹਨ, ਜਿਨ੍ਹਾਂ ਨੂੰ ਜੀਵਨ ਦੇ ਡੂੰਘੇ ਭੇਦਾਂ ਦੀ ਸੋਝੀ ਛੇਤੀ ਹੀ ਹੋ ਜਾਂਦੀ ਹੈ।

ਅਕਸਰ ਜੀਵਨ ਵਿੱਚ ਧਨ ਦੌਲਤ ਤੇ ਪਦਾਰਥਕ ਵਸਤਾਂ ਦੀ ਬਹੁਲਤਾ ਨੂੰ ਹੀ ਜ਼ਿੰਦਗੀ ਸਮਝਣ ਦਾ ਭਰਮ ਸਿਰਜ ਲੈਂਦੇ ਹਨ। ਬਿਨਾਂ ਸ਼ੱਕ ਇਨ੍ਹਾਂ ਚੀਜ਼ਾਂ ਤੋਂ ਬਿਨਾਂ ਜੀਵਨ-ਰੂਪੀ ਗੱਡੀ ਨੂੰ ਚਲਾ ਸਕਣਾ ਔਖਾ ਹੈ, ਪਰ ਇਨ੍ਹਾਂ ਨੂੰ ਹੀ ਜ਼ਿੰਦਗੀ ਸਮਝ ਲੈਣਾ, ਜ਼ਿੰਦਗੀ ਦੀ ਸਾਰਥਿਕਤਾ ਤੋਂ ਮੂੰਹ ਮੋੜ ਲੈਣਾ ਹੈ। ਜੇਕਰ ਜ਼ਿੰਦਗੀ ਜਿਉਣ ਦਾ ਮਕਸਦ ਹੀ ਕੋਈ ਨਾ ਹੋਵੇ ਤਾਂ ਅਜਿਹਾ ਜੀਵਨ ਵੀ ਬੇਅਰਥਾ ਹੋ ਜਾਂਦਾ ਹੈ। ਅਨੇਕਾਂ ਲੋਕ ਅਜਿਹੇ ਹਨ ਜਿਨ੍ਹਾਂ ਪਾਸ ਧਨ ਧੌਲਤ ਤੇ ਹੋਰ ਚੀਜ਼ਾਂ ਵਸਤਾਂ ਦੇ ਅੰਬਾਰ ਲੱਗੇ ਹੋਏ ਹਨ, ਪਰ ਉਨ੍ਹਾਂ ਦੇ ਜੀਵਨ ਵਿੱਚ ਕੋਈ ਹੁਲਾਸ ਜਾਂ ਖ਼ੁਸ਼ੀ ਦੇ ਚਿੰਨ੍ਹ ਦਿਖਾਈ ਨਹੀਂ ਦਿੰਦੇ। ਅਫ਼ਰੀਕੀ ਕਹਾਵਤ ਹੈ 'ਆਦਮੀ ਕਿੰਨਾ ਵੀ ਅਮੀਰ ਕਿਉਂ ਨਾ ਹੋਵੇ, ਉਹ ਇੱਕੋ ਸਮੇਂ ਦੋ ਬਿਸਤਰਿਆਂ ਵਿੱਚ ਨਹੀਂ ਸੌਂ ਸਕਦਾ।' ਅਜਿਹੇ ਵਿਅਕਤੀ ਜ਼ਿੰਦਗੀ ਦੀ ਦੌੜ ਵਿੱਚ ਇਸ ਕਦਰ ਭਟਕਣ ਦਾ ਸ਼ਿਕਾਰ ਹੋ ਜਾਂਦੇ ਹਨ ਕਿ ਕਈ ਵਾਰ ਸਰੀਰਕ ਤੇ ਮਾਨਸਿਕ ਰੋਗ ਸਹੇੜ ਲੈਂਦੇ ਹਨ। ਮਨੁੱਖ ਦੀਆਂ ਸਾਰੀਆਂ ਦੌੜਾਂ ਆਪਣੇ ਜੀਵਨ ਨੂੰ ਸੁਖਦਾਈ ਤੇ ਖ਼ੁਸ਼ੀ ਭਰਿਆ ਬਣਾਉਣ ਵੱਲ ਰੁਚਿਤ ਹਨ। ਮਨੁੱਖ ਵੱਲੋਂ ਜ਼ਿੰਦਗੀ ਨੂੰ ਹੋਰ ਚੰਗੇਰਾ ਬਣਾਉਣ ਦੀ ਇਹ ਰੀਝ, ਜ਼ਿੰਦਗੀ ਨੂੰ ਹੋਰ ਵਧੀਆ ਢੰਗ ਨਾਲ ਮਾਣਨ ਦੇ ਚਾਅ ਦਾ ਪ੍ਰਤੀਕ ਹੈ।

ਜ਼ਿੰਦਗੀ ਕਦੇ ਇੱਕੋ ਜਿਹੀ ਨਹੀਂ ਰਹਿੰਦੀ, ਇਹ ਨਿਰੰਤਰ ਬਦਲਦੀ ਤੇ ਕਈ ਰੰਗ ਦਿਖਾਉਂਦੀ ਰਹਿੰਦੀ ਹੈ। ਜਿਹੜੇ ਜੀਵਨ ਰੂਪੀ ਪਾਣੀਆਂ ਨੂੰ ਨਿਰੰਤਰ ਵਗਦੇ ਤੇ ਸਾਫ਼-ਸਫ਼ਾਫ਼ ਰੱਖਣ ਲਈ ਕੋਸ਼ਿਸ਼ ਰੂਪੀ ਕੰਕਰਾਂ ਨਾਲ ਪਾਣੀਆਂ ਵਿੱਚ ਲਹਿਰਾਂ ਪੈਦਾ ਕਰਨ ਵਿੱਚ ਜੁਟੇ ਰਹਿੰਦੇ ਹਨ, ਇੱਕ ਨਾ ਇੱਕ ਦਿਨ ਸਫ਼ਲਤਾ ਉਨ੍ਹਾਂ ਦੇ ਪੈਰ ਜ਼ਰੂਰ ਚੁੰਮਦੀ ਹੈ। ਜ਼ਿੰਦਗੀ ਪ੍ਰਤੀ ਕੰਜੂਸੀ ਦਾ ਰਵੱਈਆ ਅਖ਼ਤਿਆਰ ਕਰਨ ਵਾਲੇ ਜਿਉਣਾ ਨਹੀਂ ਜਾਣਦੇ। ਕੁਦਰਤ ਦੇ ਅਨੇਕਾਂ ਖ਼ੂਬਸੂਰਤ ਰੰਗਾਂ ਨੂੰ ਮਾਣਨ ਵਿੱਚ ਭਲਾ ਕਿਹੜਾ ਧਨ ਖ਼ਰਚ ਹੁੰਦਾ ਹੈ? ਰੁੱਖ, ਬੂਟੇ, ਰੰਗ-ਬਿਰੰਗੇ ਫ਼ੁੱਲਾਂ ਨਾਲ ਲੱਦੀਆਂ ਟਾਹਣੀਆਂ, ਖੇਤਾਂ ਵਿੱਚ ਝੂਮਦੀਆਂ ਫ਼ਸਲਾਂ, ਬੱਚਿਆਂ ਦਾ ਨਿਰਛਲ ਹਾਸਾ, ਚਹਿਚਹਾਉਂਦੇ ਪੰਛੀ, ਟਿਮਟਮਾਉਂਦੇ ਤਾਰਿਆਂ ਨਾਲ ਸਜਿਆ ਗਗਨ, ਰੌਸ਼ਨੀਆਂ ਬਿਖੇਰਦਾ ਚੰਦਰਮਾ, ਵਰ੍ਹਦਾ ਮੀਂਹ, ਰੁਮਕਦੀ ਪੌਣ, ਖਿੜਖਿੜ ਹੱਸਦੀਆਂ ਮੁਟਿਆਰਾਂ ਤੇ ਜੀਵਨ ਦੇ ਡੂੰਘੇ ਅਨੁਭਵਾਂ ਦੀ ਬਾਤ ਪਾਉਂਦੇ ਬਾਬੇ ਤੇ ਹੋਰ ਬਹੁਤ ਕੁਝ ਅਜਿਹਾ ਹੈ, ਜਿਸ ਨਾਲ ਜ਼ਿੰਦਗੀ ਰੂਪੀ ਗੱਡੀ ਨੂੰ ਨਿਰੰਤਰ ਖੁਸ਼ਗਵਾਰ ਤੇ ਜਿਉਣਯੋਗ ਬਣਾਇਆ ਜਾ ਸਕਦਾ ਹੈ। ਜ਼ਿੰਦਗੀ ਦੇ ਅਜਿਹੇ ਸੁਹਜ ਨੂੰ ਮਾਣਨ ਵਾਲੇ ਵਿਰਲੇ ਹੀ ਹਨ ਤੇ ਅਜਿਹੀ ਨੀਝ ਵੀ ਵਿਰਲਿਆਂ ਦੀ ਹੀ ਹੈ। ਅਜਿਹੇ ਵਿਅਕਤੀ ਆਰਥਿਕ ਪੱਖੋਂ ਤਾਂ ਭਾਵੇਂ ਗ਼ਰੀਬ ਹੋਣ, ਪਰ ਜਿਹੜੀ ਅਮੀਰੀ ਉਨ੍ਹਾਂ ਕੋਲ ਹੁੰਦੀ ਹੈ ਉਹ ਬਹੁਤ ਥੋੜ੍ਹੇ ਲੋਕਾਂ ਦੇ ਹਿੱਸੇ ਆਉਂਦੀ ਹੈ।



ਜ਼ਿੰਦਗੀ ਪ੍ਰਤੀ ਆਸ਼ਾਵਾਦੀ ਨਜ਼ਰੀਆ ਰੱਖਣ ਵਾਲੇ ਵਿਅਕਤੀ ਜ਼ਿੰਦਗੀ ਨੂੰ ਖ਼ੂਬ ਮਾਣਦੇ ਹਨ ਤੇ ਜ਼ਿੰਦਗੀ ਜਿਉਣ ਦੇ ਚਾਅ ਨਾਲ ਭਰੇ ਨਜ਼ਰ ਆਉਂਦੇ ਹਨ। ਅਜਿਹੇ ਲੋਕਾਂ ਸਦਕਾ ਹੀ ਇਹ ਧਰਤੀ ਰਹਿਣਯੋਗ ਤੇ ਖ਼ੁਸ਼ਗਵਾਰ ਨਜ਼ਰ ਆਉਂਦੀ ਹੈ। ਨਿਰਾਸ਼ਾ ਵਿਅਕਤੀ ਦੇ ਅੰਦਰਲੀ ਮੌਲਿਕਤਾ ਨੂੰ ਨਸ਼ਟ ਕਰ ਕੇ ਉਸ ਨੂੰ ਅਜਿਹੇ ਰਾਹਾਂ 'ਤੇ ਤੋਰ ਦਿੰਦੀ ਹੈ ਜਿਹੜੇ ਕਿਸੇ ਅੰਨ੍ਹੀ ਗੁਫ਼ਾ ਵੱਲ ਜਾਂਦੇ ਹੋਣ। ਆਪਣੇ ਆਪ ਲਈ ਤਾਂ ਹਰ ਕੋਈ ਜਿਉਂਦਾ ਹੈ, ਪਰ ਦੂਜਿਆਂ ਲਈ ਜਿਉਣਾ ਵਿਰਲਿਆਂ ਦੇ ਹੀ ਹਿੱਸੇ ਆਇਆ ਹੈ। ਜਿਹੜੇ ਇਸ ਰਾਹ ਤੁਰ ਪੈਂਦੇ ਹਨ ਉਹ ਜੀਵਨ ਦੀ ਸਾਰਥਿਕਤਾ ਨੂੰ ਸਮਝਣ ਦੀ ਸੂਝ ਪੈਦਾ ਕਰ ਲੈਂਦੇ ਹਨ। ਜ਼ਿੰਦਗੀ ਬਹੁਤ ਵੱਡਮੁੱਲੀ ਤੇ ਖ਼ੂਬਸੂਰਤ ਹੈ ਤੇ ਜਦੋਂ ਜਿਉਣ ਦਾ ਸਲੀਕਾ ਤੇ ਸੂਝ ਪੈਦਾ ਹੋ ਜਾਵੇ ਤਾਂ ਇਹ ਹੋਰ ਵੀ ਮਾਣਨਯੋਗ ਹੋ ਜਾਂਦੀ ਹੈ।



# ਅਸਮਾਨ 'ਦੇ ਰਾਜੇ ਹੁੰਦੇ ਹਨ ਪੰਛੀ











ਜਦੋਂ ਵੀ ਅੱਖਾਂ ਅਸਮਾਨ ਵੱਲ ਦੇਖਦੀਆਂ ਹਨ ਤਾਂ ਕਿਤੇ ਨੀਲੇ ਅਸਮਾਨ ਵਿੱਚ ਪੰਛੀ ਉੱਡਦੇ ਨਜ਼ਰ ਆਉਂਦੇ ਹਨ। ਇਨ੍ਹਾਂ ਵਿੱਚੋਂ ਕੁਝ ਪੰਛੀ ਖ਼ਤਰਨਾਕ ਹੁੰਦੇ ਹਨ ਅਤੇ ਕੁਝ ਆਪਣੀਆਂ ਅਜੀਬੋ-ਗਰੀਬ ਗਤੀਵਿਧੀਆਂ ਨਾਲ ਦਿਲ ਜਿੱਤ ਲੈਂਦੇ ਹਨ। ਅਸੀਂ ਤੁਹਾਨੂੰ ਕੁਝ ਪੰਛੀਆਂ ਦੀਆਂ ਗਤੀਵਿਧੀਆਂ ਬਾਰੇ ਦੱਸਣ ਜਾ ਰਹੇ ਹਾਂ। ਉਨ੍ਹਾਂ ਬਾਰੇ ਜਾਣ ਕੇ ਤੁਸੀਂ ਵੀ ਹੈਰਾਨ ਰਹਿ ਜਾਓਗੇ। ਆਓ ਜਾਣਦੇ ਹਾਂ ਉਨ੍ਹਾਂ ਪੰਛੀਆਂ ਬਾਰੇ...

**ਇਨਸਾਨਾਂ ਵਾਂਗ ਦੁਖੀ ਹੁੰਦੇ ਹਨ ਕਾਂ :**

ਕਾਂ ਇੱਕ ਅਜਿਹਾ ਪੰਛੀ ਹੈ ਜੋ ਬਚਪਨ ਤੋਂ ਹੀ ਸਾਡੇ ਨਾਲ ਹੈ। ਸਕੂਲੀ ਕਿਤਾਬਾਂ ਦੀਆਂ ਕਹਾਣੀਆਂ ਤੋਂ ਲੈ ਕੇ ਘਰ ਦੇ ਐਂਟੀਨਾ 'ਤੇ ਜੇਕਰ ਕੋਈ ਪੰਛੀ ਬੈਠਦਾ ਹੈ ਤਾਂ ਉਹ ਕਾਂ ਹੈ। ਕਾਂ ਨੇੜੇ ਤੋਂ ਬਹੁਤ ਡਰਾਉਣਾ ਲੱਗਦਾ ਹੈ ਪਰ ਇਹ ਇੱਕ ਭਾਵੁਕ ਪੰਛੀ ਹੈ। ਨੈਸ਼ਨਲ ਜੀਓਗ੍ਰਾਫਿਕ ਦੀਆਂ ਰਿਪੋਰਟਾਂ ਮੁਤਾਬਕ ਕਾਂ ਵੀ ਇਨਸਾਨਾਂ ਵਾਂਗ ਹੀ ਅੰਤਿਮ ਸੰਸਕਾਰ ਕਰਦੇ ਹਨ। ਜਦੋਂ ਇੱਕ ਕਾਂ ਮਰਦਾ ਹੈ, ਤਾਂ ਕਾਂ ਦੂਜੇ ਕਾਂਵਾਂ ਨੂੰ ਬੁਲਾਉਂਦੇ ਹਨ ਅਤੇ ਸੋਗ ਕਰਨ ਲਈ ਇਕੱਠੇ ਹੁੰਦੇ ਹਨ।

**'ਵੀ' ਆਕਾਰ ਵਿੱਚ ਕਿਉਂ ਉੱਡਦੇ ਹਨ ਪੰਛੀ ?**

ਅਸਮਾਨ ਵਿੱਚ ਕਈ ਵਾਰ ਦੇਖਿਆ ਗਿਆ ਹੈ ਕਿ ਪੰਛੀ ਇੱਕ ਵਿਸ਼ੇਸ਼ ਡਿਜ਼ਾਈਨ ਬਣਾ ਕੇ ਸਮੂਹਾਂ ਵਿੱਚ ਉੱਡਦੇ ਹਨ। ਇਹ ਡਿਜ਼ਾਈਨ ਅੰਗਰੇਜ਼ੀ ਵਰਣਮਾਲਾ ਦਾ ਅੱਖਰ 'ਵੀ' ਹੈ। ਹੁਣ ਤੱਕ ਕੀਤੀ ਗਈ ਖੋਜ ਦੇ ਅਨੁਸਾਰ, 'ਵੀ' ਆਕਾਰ ਵਿੱਚ ਉੱਡਣ ਵਾਲੇ ਪੰਛੀ ਇੱਕ ਸਮੂਹ ਨਾਲ ਸਬੰਧਤ ਹੁੰਦੇ ਹਨ ਅਤੇ ਸਭ ਤੋਂ ਅੱਗੇ ਪੰਛੀ ਉਨ੍ਹਾਂ ਦਾ ਨੇਤਾ ਹੁੰਦਾ ਹੈ। ਸਾਰੇ ਪੰਛੀ ਉਸ ਦਿਸ਼ਾ ਵੱਲ ਉੱਡਦੇ ਹਨ।

**ਇਨਸਾਨ ਨੂੰ ਪਛਾਣਦੇ ਹਨ ਕਬੂਤਰ**

ਦੇਸ਼ ਵਿੱਚ ਕਈ ਸਾਲਾਂ ਤੋਂ ਕਬੂਤਰ ਪਾਲਣ ਦਾ ਰਿਵਾਜ ਚੱਲ ਰਿਹਾ ਹੈ। ਛੋਟੇ ਕਸਬਿਆਂ ਵਿੱਚ ਵੀ ਕਬੂਤਰਾਂ ਨੂੰ ਲੈ ਕੇ ਲੜਾਈਆਂ ਹੁੰਦੀਆਂ ਹਨ। ਜਿਸ ਤਰ੍ਹਾਂ ਵੱਡੇ ਸ਼ਹਿਰਾਂ ਵਿੱਚ ਲੋਕ ਕੁੱਤੇ ਪਾਲਦੇ ਹਨ, ਉਸੇ ਤਰ੍ਹਾਂ ਛੋਟੇ ਪਿੰਡਾਂ ਅਤੇ ਕਸਬਿਆਂ ਵਿੱਚ ਲੋਕ ਕਬੂਤਰ ਪਾਲਦੇ ਹਨ। ਹਾਲਾਂਕਿ, ਕਬੂਤਰ ਆਪਣੀ ਇੱਕ ਆਦਤ ਲਈ ਵੀ ਮਸ਼ਹੂਰ ਹਨ। ਅਸਲ ਵਿੱਚ ਕਬੂਤਰ ਮਨੁੱਖੀ ਚਿਹਰਿਆਂ ਨੂੰ ਪਛਾਣਦੇ ਹਨ।

**ਆਪਣੀ ਗਰਦਨ 360 ਡਿਗਰੀ ਮੋੜ ਲੈਂਦਾ ਹੈ ਉੱਲੂ**

ਜੇਕਰ ਅਸੀਂ ਕਿਸੇ ਨੂੰ ਬੇਵਕੂਫ ਕਹਿਣਾ ਚਾਹੁੰਦੇ ਹਾਂ ਤਾਂ ਅਸੀਂ ਉਸ ਨੂੰ ਉੱਲੂ ਕਹਿ ਦਿੰਦੇ ਹਾਂ ਪਰ ਕੀ ਤੁਸੀਂ ਜਾਣਦੇ ਹੋ ਕਿ ਉੱਲੂ ਦੀਆਂ ਵੀ ਕਈ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਦਰਅਸਲ, ਰਾਤ ਨੂੰ ਜਾਗਦੇ ਰਹਿਣ ਤੋਂ ਇਲਾਵਾ ਉੱਲੂ ਆਪਣੀ ਗਰਦਨ ਨੂੰ 360 ਡਿਗਰੀ ਤੱਕ ਵੀ ਘੁੰਮਾਉਂਦਾ ਹੈ।

**ਪੇਂਟ ਚੋਰੀ ਕਰਨ ਦੀ ਆਦਤ**

ਜੇਕਰ ਤੁਹਾਡੇ ਘਰ ਦਾ ਪੇਂਟ ਕਈ ਥਾਵਾਂ 'ਤੇ ਗਾਇਬ ਹੈ ਤਾਂ ਇਸ ਦਾ ਇੱਕ ਕਾਰਨ ਬਲੂ ਜੈ ਬਰਡ ਵੀ ਹੋ ਸਕਦਾ ਹੈ। ਇਹ ਪੰਛੀ ਪੇਂਟ ਦਾ ਬਹੁਤ ਸ਼ੌਕੀਨ ਹੈ। ਨੇਚਰ ਕੈਨੇਡਾ ਦੇ ਅਨੁਸਾਰ, ਨੀਲੇ ਜੈਸ ਘਰਾਂ ਵਿੱਚੋਂ ਪੇਂਟ ਚੋਰੀ ਕਰਦੇ ਹਨ।

**ਉੱਡਦੇ ਸਮੇਂ ਪਾਣੀ ਪੀਣਾ**

ਪੰਛੀਆਂ ਨੂੰ ਅਸਮਾਨ ਦਾ ਰਾਜਾ ਕਿਹਾ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਇੱਕ ਅਜਿਹਾ ਪੰਛੀ ਹੈ ਜੋ ਹਵਾ ਵਿੱਚ ਉੱਡਦੇ ਹੋਏ ਪਾਣੀ ਵੀ ਇਕੱਠਾ ਕਰਦਾ ਹੈ। ਇਸ ਪੰਛੀ ਦਾ ਨਾਮ ਚਾਤਕ ਹੈ, ਅਸਲ ਵਿੱਚ ਚਾਤਕ ਹਵਾ ਵਿੱਚ ਉੱਡਦੇ ਹੋਏ ਪਾਣੀ ਪੀਂਦਾ ਹੈ ਪਰ ਜਦੋਂ ਮੀਂਹ ਪੈਂਦਾ ਹੈ ਤਾਂ ਚਾਤਕ ਉੱਡਦੇ ਸਮੇਂ ਹੀ ਪਾਣੀ ਪੀਂਦਾ ਹੈ।

# ਦੁਨੀਆਂ ਦੇ 5 ਸਭ ਤੋਂ ਖ਼ੂਬਸੂਰਤ ਕੁਦਰਤੀ ਝਰਨੇ

## ਪਹਾੜਾਂ ਨੂੰ ਕੱਟ ਕੇ ਹਜ਼ਾਰਾਂ ਫ਼ੁੱਟ ਦੀ ਉਚਾਈ ਤੋਂ ਵਗਦਾ ਹੈ ਪਾਣੀ





ਕੁਦਰਤੀ ਝਰਨੇ ਦੇਖਣ ਦਾ ਅਹਿਸਾਸ ਅਨੋਖਾ ਹੁੰਦਾ ਹੈ। ਕਈ ਥਾਵਾਂ 'ਤੇ ਉੱਚੀਆਂ ਚੋਟੀਆਂ ਤੋਂ ਪਾਣੀ ਆਉਂਦਾ ਹੈ ਅਤੇ ਕਈ ਥਾਵਾਂ 'ਤੇ ਜੰਗਲ ਦੇ ਵਿਚਕਾਰ ਕਿਸੇ ਚੋਟੀ ਤੋਂ ਹੇਠਾਂ ਵਗਦਾ ਹੈ। ਕਿਤੇ ਡੂੰਘੀ ਨਦੀ ਅਤੇ ਚੌੜੇ ਸਮੁੰਦਰ ਦੇ ਨੇੜੇ ਇੱਕ ਸੁੰਦਰ ਝਰਨਾ ਹੈ। ਝਰਨੇ ਦੇਖਣ ਅਤੇ ਉਨ੍ਹਾਂ ਦੇ ਹੇਠਾਂ ਨਹਾਉਣ ਦਾ ਸੁਪਨਾ ਦੇਖਣ ਦਾ ਅਹਿਸਾਸ ਹੀ ਦਿਲ ਨੂੰ ਉਤਸ਼ਾਹ ਨਾਲ ਭਰ ਦਿੰਦਾ ਹੈ। ਜੇਕਰ ਤੁਸੀਂ ਆਪਣੀਆਂ ਗਰਮੀਆਂ ਦੀਆਂ ਛੁੱਟੀਆਂ ਨੂੰ ਯਾਦਗਾਰ ਬਣਾਉਣਾ ਚਾਹੁੰਦੇ ਹੋ ਤਾਂ ਤੁਸੀਂ ਇਨ੍ਹਾਂ ਸ਼ਾਨਦਾਰ ਝਰਨਾਂ 'ਤੇ ਜਾ ਸਕਦੇ ਹੋ। ਇਨ੍ਹਾਂ ਵਿੱਚੋਂ ਕੁਝ ਝਰਨੇ ਭਾਰਤ ਵਿੱਚ ਹਨ ਅਤੇ ਕੁਝ ਵਿਦੇਸ਼ਾਂ ਵਿੱਚ।

**ਛੱਤੀਸਗੜ੍ਹ ਦਾ ਚਿਤਰਕੋਟ ਝਰਨਾ**

ਕੁਦਰਤ ਦੀ ਗੋਦ ਵਿੱਚ ਵਸਿਆ ਇਹ ਬਹੁਤ ਹੀ ਖ਼ੂਬਸੂਰਤ ਝਰਨਾ ਹੈ। ਇਸਨੂੰ ਭਾਰਤ ਦਾ ਨਿਆਗਰਾ ਫ਼ਾਲ ਵੀ ਕਿਹਾ ਜਾਂਦਾ ਹੈ। ਇਸ ਝਰਨੇ ਵਿੱਚ 29 ਫ਼ੁੱਟ ਦੀ ਉਚਾਈ ਤੋਂ ਪਾਣੀ ਦੀ ਇੱਕ ਮੋਟੀ ਧਾਰਾ ਹੇਠਾਂ ਵਗਦੀ ਹੈ। ਇਹ ਸ਼ਾਇਦ ਭਾਰਤ ਦਾ ਸਭ ਤੋਂ ਵੱਡਾ ਝਰਨਾ ਹੈ। ਤੁਸੀਂ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਇਸ ਝਰਨੇ ਨੂੰ ਦੇਖਣ ਜਾ ਸਕਦੇ ਹੋ। ਇਹ ਝਰਨਾ ਛੱਤੀਸਗੜ੍ਹ ਵਿੱਚ ਹੈ ਅਤੇ ਕਾਂਗੇਰ ਵੈਲੀ ਨੈਸ਼ਨਲ ਪਾਰਕ ਦੇ ਨੇੜੇ ਸਥਿਤ ਹੈ।

**ਵੈਂਟਿਸਕ੍ਰੋ ਕੋਲਗਰਲ ਫ਼ਾਲਸ**

ਇਹ ਇੰਨਾ ਖ਼ੂਬਸੂਰਤ ਝਰਨਾ ਹੈ, ਜਿਸ ਨੂੰ ਦੇਖਦੇ ਹੀ ਤੁਸੀਂ ਮਸਤ ਹੋ ਜਾਓਗੇ। ਇਹ ਝਰਨਾ ਨੈਸ਼ਨਲ ਪਾਰਕ ਦੇ ਨੇੜੇ ਹੈ। ਇਹ 1875 ਵਿੱਚ ਖੋਜਿਆ ਗਿਆ ਸੀ। ਪਹਾੜਾਂ ਅਤੇ ਸਮੁੰਦਰਾਂ ਵਿੱਚੋਂ ਪਾਣੀ ਦੀ ਸੰਘਣੀ ਧਾਰਾ ਹੇਠਾਂ ਚਾਰੇ ਪਾਸੇ ਫ਼ੈਲ ਗਈ ਅਤੇ ਪਹਾੜ ਦੂਰ-ਦੂਰ ਤੱਕ ਫ਼ੈਲ ਗਏ। ਇਸ ਝਰਨੇ ਦਾ ਨਜ਼ਾਰਾ ਅਦਭੁਤ ਹੈ। ਇਹ ਇੰਨਾ ਵੱਡਾ ਝਰਨਾ ਹੈ ਕਿ ਅੱਜ ਵੀ ਇਸ ਦੀ ਉਚਾਈ ਨਹੀਂ ਮਾਪੀ ਜਾ ਸਕਦੀ ਹੈ। ਮੰਨਿਆ ਜਾਂਦਾ ਹੈ ਕਿ ਇਹ ਝਰਨਾ 18000 ਫ਼ੁੱਟ ਦੀ ਉਚਾਈ ਤੋਂ ਵਗਦਾ ਹੈ।

**ਬਰਨੀ ਫ਼ਾਲਸ**

ਬਰਨੀ ਫ਼ਾਲਸ ਅਤੇ ਵਾਟਰਫ਼ਾਲ ਅਮਰੀਕਾ ਦੇ ਕੈਲੀਫ਼ੋਰਨੀਆ ਵਿੱਚ ਸਥਿਤ ਹੈ ਅਤੇ 129 ਫ਼ੁੱਟ ਦੀ ਉਚਾਈ ਤੋਂ ਵਗਦਾ ਹੈ। ਇਹ ਝਰਨਾ ਦੁਨੀਆਂ ਦੇ ਅੱਠ ਅਜੂਬਿਆਂ ਵਿੱਚ ਸ਼ਾਮਲ ਹੈ।

**ਮੱਧ ਪ੍ਰਦੇਸ਼ ਦਾ ਧੁੰਧਰ ਝਰਨਾ**

ਇਹ ਝਰਨਾ ਮੱਧ ਪ੍ਰਦੇਸ਼ ਦੀ ਨਰਮਦਾ ਨਦੀ 'ਤੇ ਹੈ। ਇਸ ਝਰਨੇ ਦਾ ਅਰਥ ਧੂੰਆਂ ਹੈ। ਇਹ ਝਰਨਾ 98 ਫ਼ੁੱਟ ਦੀ ਉਚਾਈ ਤੋਂ ਵਗਦਾ ਹੈ।

**ਫ਼ੈਰੀ ਫ਼ਾਲਸ, ਅਮਰੀਕਾ**

ਇਹ ਖ਼ੂਬਸੂਰਤ ਝਰਨਾ 960 ਫ਼ੁੱਟ ਦੀ ਉਚਾਈ ਤੋਂ ਵਗਦਾ ਹੈ। ਇਹ ਫ਼ੋਟੋਗ੍ਰਾਫ਼ੀ ਲਈ ਬਹੁਤ ਵਧੀਆ ਸਥਾਨ ਮੰਨਿਆ ਜਾਂਦਾ ਹੈ।







# ਆਪਸੀ ਪ੍ਰੇਮ-ਪਿਆਰ ਦਾ ਪ੍ਰਤੀਕ ਹੈ

# ਲੋਹੜੀ





ਭਾਰਤ ਤਿਉਹਾਰਾਂ ਦਾ ਦੇਸ਼ ਹੈ। ਸਾਲ ਦੇ 12 ਮਹੀਨਿਆਂ ’ਚੋਂ ਕੋਈ ਵੀ ਅਜਿਹਾ ਮਹੀਨਾ ਨਹੀਂ, ਜਦੋਂ ਕੋਈ ਤਿਉਹਾਰ ਨਾ ਮਨਾਇਆ ਜਾਂਦਾ ਹੋਵੇ। ਭਾਰਤ ਦਾ ਸਮੁੱਚਾ ਜਨ-ਜੀਵਨ ਤਿਉਹਾਰਾਂ ਨਾਲ ਜੁੜਿਆ ਹੈ। ਇਸੇ ਤਰ੍ਹਾਂ ਮਾਘੀ ਤੋਂ ਇਕ ਦਿਨ ਪਹਿਲਾਂ ਲੋਹੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦੇ ਅਰਥ ‘ਤਿਲ+ਰਿਓੜੀ’ ਤੋਂ ਹਨ। ਤਿਲ ਤੇ ਰਿਓੜੀ ਦਾ ਤਿਉਹਾਰ ਹੋਣ ਕਾਰਨ ਇਸ ਦਾ ਪੁਰਾਤਨ ਨਾਂ ‘ਤਿਲੋੜੀ’ ਸੀ, ਜੋ ਸਮੇਂ ਨਾਲ ਬਦਲਦਾ-ਬਦਲਦਾ ‘ਲੋਹੜੀ’ ਬਣ ਗਿਆ। ਇਹ ਤਿਉਹਾਰ ਪੰਜਾਬ ਦੇ ਹਰ ਘਰ ’ਚ ਮਨਾਇਆ ਜਾਂਦਾ ਹੈ।

ਲੋਹੜੀ ਤੋਂ ਕਈ ਦਿਨ ਪਹਿਲਾਂ ਛੋਟੇ ਬੱਚੇ ਘਰ-ਘਰ ਜਾ ਕੇ ਪਾਥੀਆਂ, ਬਾਲਣ ਤੇ ਪੈਸੇ ਇਕੱਠਾ ਕਰਨਾ ਸ਼ੁਰੂ ਕਰ ਦਿੰਦੇ ਸਨ, ਜਿਸ ਘਰ ’ਚ ਮੁੰਡੇ ਦਾ ਜਨਮ ਜਾਂ ਨਵਾਂ ਵਿਆਹ ਹੋਇਆ ਹੋਵੇ, ਉਨ੍ਹਾਂ ਵੱਲੋਂ ਬੱਚਿਆਂ ਨੂੰ ਮੂੰਗਫ਼ਲੀ, ਰਿਓੜੀਆਂ, ਤਿਲ, ਪੈਸੇ ਆਦਿ ਖ਼ੁਸ਼ੀ ਵਜੋਂ ਦਿੱਤੇ ਜਾਂਦੇ ਹਨ। ਤੋਤਲੀਆਂ ਆਵਾਜ਼ਾਂ ’ਚ ਲੋਹੜੀ ਦੇ ਗੀਤ ਗਾਉਂਦੇ ਬੱਚੇ ਬੜੇ ਪਿਆਰੇ ਲੱਗਦੇ ਹਨ। ਪਹਿਲਾਂ ਸਿਰਫ਼ ਪੁੱਤਰ ਦੇ ਪੈਦਾ ਹੋਣ ’ਤੇ ਹੀ ਲੋਹੜੀ ਪਾਈ ਜਾਂਦੀ ਸੀ ਪਰ ਅਜੋਕੇ ਪੜ੍ਹੇ-ਲਿਖੇ ਸਮਾਜ ’ਚ ਲੜਕੇ ਤੇ ਲੜਕੀ ’ਚ ਕੋਈ ਫ਼ਰਕ ਨਹੀਂ ਸਮਝਿਆ ਜਾਂਦਾ ਤੇ ਹੁਣ ਲੋਕ ਧੀਆਂ ਦੀ ਲੋਹੜੀ ਵੀ ਪਾਉਣ ਲੱਗੇ ਹਨ। ਇਸ ਦਿਨ ਗਲੀ-ਮੁਹੱਲੇ ਦੇ ਲੋਕ ਧੂਣੀ ਬਾਲ ਕੇ ਇਕੱਠੇ ਹੋ ਕੇ ਬੈਠਦੇ ਹਨ ਤੇ ਧੂਣੀ ’ਚ ਤਿਲ ਪਾਉਂਦੇ ਹੋਏ ਲੋਹੜੀ ਦੇ ਗੀਤ ਗਾਉਂਦੇ ਹਨ :

ਈਸਰ ਆ, ਦਲਿੱਦਰ ਜਾ,
ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾ।

ਜਿਸ ਦਾ ਅਰਥ ਹੈ ਕਿ ਈਸ਼ਵਰ ਦੀ ਮਿਹਰ ਹੋਵੇ, ਦੁੱਖ-ਕਲੇਸ਼ ਨਾ ਆਉਣ ਤੇ ਸਾਰੇ ਕਲੇਸ਼ਾਂ ਦੀ ਜੜ੍ਹ ਸੜ ਜਾਵੇ। ਇਸ ਤਿਉਹਾਰ ਦਾ ਸਬੰਧ ਬਦਲਦੇ ਮੌਸਮ ਨਾਲ ਵੀ ਹੈ।



**ਲੋਹੜੀ ਦੀ ਪੁਰਾਤਨ ਗਾਥਾ**

ਪੁਰਤਾਨ ਗਾਥਾ ਅਨੁਸਾਰ, ਇਸ ਤਿਉਹਾਰ ਦਾ ਸਬੰਧ ਇੱਕ ਭੱਟੀ ਸਰਦਾਰ ‘ਦੁੱਲੇ’ ਨਾਲ ਵੀ ਹੈ। ਇਕ ਗ਼ਰੀਬ ਬ੍ਰਾਹਮਣ ਦੀਆਂ ਦੋ ਧੀਆਂ ਸ ਨ ਸੁੰਦਰੀ ਤੇ ਮੁੰਦਰੀ। ਗ਼ਰੀਬ ਬ੍ਰਾਹਮਣ ਨੇ ਆਪਣੀਆਂ ਧੀਆਂ ਦਾ ਰਿਸ਼ਤਾ ਕਿਸੇ ਥਾਂ ਪੱਕਾ ਕੀਤਾ ਹੋਇਆ ਸੀ ਪਰ ਉੱਥੋਂ ਦੇ ਪਾਪੀ ਤੇ ਜ਼ਾਲਮ ਹਾਕਮ ਨੇ ਉਸ ਬ੍ਰਾਹਮਣ ਦੀਆਂ ਧੀਆਂ ਦੀ ਸੁੰਦਰਤਾ ਬਾਰੇ ਸੁਣ ਕੇ ਉਨ੍ਹਾਂ ਨੂੰ ਜ਼ੋਰੀਂ ਆਪਣੇ ਘਰ ਰੱਖਣ ਦੀ ਠਾਣ ਲਈ। ਸਾਜ਼ਿਸ਼ ਦਾ ਪਤਾ ਲੱਗਣ ’ਤੇ ਗ਼ਰੀਬ ਬ੍ਰਾਹਮਣ ਨੇ ਮੁੰਡੇ ਵਾਲਿਆਂ ਨੂੰ ਆਖਿਆ ਕਿ ਉਹ ਉਸ ਦੀਆਂ ਧੀਆਂ ਨੂੰ ਵਿਆਹ ਤੋਂ ਪਹਿਲਾਂ ਆਪਣੇ ਘਰ ਲੈ ਜਾਣ ਪਰ ਮੁੰਡੇ ਵਾਲੇ ਵੀ ਉਸ ਜ਼ਾਲਮ ਹਾਕਮ ਤੋਂ ਡਰ ਕੇ ਮੁੱਕਰ ਗਏ। ਜਦੋਂ ਗ਼ਰੀਬ ਬ੍ਰਾਹਮਣ ਨਿਰਾਸ਼ ਹੋ ਕੇ ਘਰ ਵਾਪਸ ਆ ਰਿਹਾ ਸੀ ਤਾਂ ਅਚਾਨਕ ਉਸ ਦਾ ਮੇਲ ਦੁੱਲਾ ਭੱਟੀ ਨਾਲ ਹੋਇਆ, ਜੋ ਹਾਲਾਤ ਵੱਸ ਡਾਕੂ ਬਣ ਚੁੱਕਾ ਸੀ।



ਗ਼ਰੀਬ ਬ੍ਰਾਹਮਣ ਦੀ ਵਿੱਥਿਆ ਸੁਣ ਕੇ ਦੁੱਲਾ ਭੱਟੀ ਨੇ ਉਸ ਬ੍ਰਾਹਮਣ ਦੀ ਸਹਾਇਤਾ ਕਰਨ ਤੇ ਉਸ ਦੀਆਂ ਧੀਆਂ ਨੂੰ ਆਪਣੀਆਂ ਧੀਆਂ ਬਣਾ ਕੇ ਵਿਆਹੁਣ ਦਾ ਵਚਨ ਦਿੱਤਾ। ਦੁੱਲਾ ਭੱਟੀ ਮੁੰਡੇ ਵਾਲਿਆਂ ਦੇ ਘਰ ਗਿਆ ਤੇ ਰਾਤ ਦੇ ਹਨ੍ਹੇਰੇ ’ਚ ਜੰਗਲ ਨੂੰ ਅੱਗ ਲਾ ਕੇ ਬ੍ਰਾਹਮਣ ਦੀਆਂ ਧੀਆਂ ਦਾ ਵਿਆਹ ਕਰਵਾ ਦਿੱਤਾ ਪਰ ਉਸ ਸਮੇਂ ਦੁੱਲਾ ਭੱਟੀ ਕੋਲ ਸ਼ਗਨ ਵਜੋਂ ਦੇਣ ਲਈ ਸਿਰਫ਼ ਸ਼ੱਕਰ ਹੀ ਸੀ, ਜੋ ਉਸ ਨੇ ਕੁੜੀਆਂ ਦੀ ਝੋਲੀ ਪਾ ਦਿੱਤੀ। ਬਾਅਦ ’ਚ ਹਰ ਸਾਲ ਇਸ ਘਟਨਾ ਨੂੰ ਯਾਦ ਕਰਦਿਆਂ ਇਹ ਤਿਉਹਾਰ ਮਨਾਇਆ ਜਾਣ ਲੱਗਾ। ਲੋਹੜੀ ਵਾਲੇ ਦਿਨ ਛੋਟੇ-ਛੋਟੇ ਬੱਚੇ ਘਰ-ਘਰ ਜਾ ਕੇ ਗੀਤ ਗਾਉਂਦੇ ਹਨ, ਜਿਸ ਵਿੱਚ ਇਸ ਘਟਨਾ ਦਾ ਜ਼ਿਕਰ ਆਉਂਦਾ ਹੈ :

ਸੁੰਦਰ ਮੁੰਦਰੀਏ, ਹੋ!
ਤੇਰਾ ਕੌਣ ਵਿਚਾਰਾ, ਹੋ!
ਦੁੱਲਾ ਭੱਟੀ ਵਾਲਾ, ਹੋ!
ਦੁੱਲੇ ਧੀ ਵਿਆਹੀ, ਹੋ!
ਸੇਰ ਸ਼ੱਕਰ ਪਾਈ, ਹੋ!
ਕੁੜੀ ਦਾ ਸਾਲੂ ਪਾਟਾ, ਹੋ!
ਕੁੜੀ ਦਾ ਜੀਵੇ ਚਾਚਾ, ਹੋ...

ਇਹ ਤਿਉਹਾਰ ਲੋਕਾਂ ਦੇ ਆਪਸੀ ਪਿਆਰ ਦਾ ਪ੍ਰਤੀਕ ਹੈ। ਇਸ ਦਿਨ ਸ਼ਾਮ ਨੂੰ ਖਿਚੜੀ ਬਣਾਈ ਜਾਂਦੀ ਹੈ ਤੇ ਅਗਲੇ ਦਿਨ ਸਵੇਰੇ ਖਾਧੀ ਜਾਂਦੀ ਹੈ, ਜਿਸ ਨੂੰ ‘ਪੋਹ ਰਿੱਧੀ ਤੇ ਮਾਘ ਖਾਧੀ’ ਕਿਹਾ ਜਾਂਦਾ ਹੈ। ਆਧੁਨਿਕਤਾ ਵੱਸ ਅੱਜ ਇਸ ਤਿਉਹਾਰ ਨੂੰ ਮਨਾਉਣ ਦੇ ਢੰਗ ਬਦਲ ਰਹੇ ਹਨ। ਅਜੋਕੇ ਸਮਾਜ ਦੇ ਰਸਮਾਂ-ਰਿਵਾਜ਼, ਰਹਿਣ-ਸਹਿਣ ਦੇ ਢੰਗ ਵੀ ਪਹਿਲਾਂ ਵਰਗੇ ਨਹੀਂ ਰਹੇ ਤੇ ਸੋਚ ਵੀ ਨਿਰੰਤਰ ਬਦਲ ਰਹੀ ਹੈ। ਇਹੀ ਨਹੀਂ ਹੁਣ ਲੋਹੜੀ ਸਿਰਫ਼ ਆਪੋ-ਆਪਣੇ ਵਿਹੜਿਆਂ ਤੱਕ ਸਿਮਟ ਕੇ ਰਹਿ ਗਈ ਹੈ। ਲੋਹੜੀ ਦਾ ਤਿਉਹਾਰ ਵੱਖ-ਵੱਖ ਨਾਵਾਂ ਨਾਲ ਬਹੁਤ ਸਾਰੇ ਖ਼ੇਤਰਾਂ ’ਚ ਮਨਾਇਆ ਜਾਂਦਾ ਹੈ ਜਿਵੇਂ, ਸਿੰਧੀ ਲੋਕ ਇਸ ਨੂੰ ‘ਲਾਲ-ਲੋਈ’ ਆਖਦੇ ਹਨ, ਤਾਮਿਲਨਾਡੂ ਵਿੱਚ ‘ਪੋਂਗਲ’ ਤੇ ਆਂਧਰਾ ਪ੍ਰਦੇਸ਼ ਵਿੱਚ ‘ਭੋਗੀ’ ਨਾਂ ਨਾਲ ਲੋਹੜੀ ਨਾਲ ਮਿਲਦਾ-ਜੁਲਦਾ ਤਿਉਹਾਰ ਮਨਾਇਆ ਜਾਂਦਾ ਹੈ।

**ਮਹਿੰਗਾਈ ਨੇ ਬਦਲਿਆ ਮਾਹੌਲ**

ਅੱਜ-ਕੱਲ੍ਹ ਵੱਧਦੀ ਮਹਿੰਗਾਈ ਤੇ ਪੈਸੇ ਦੀ ਦੌੜ-ਭੱਜ ਵਾਲੀ ਜ਼ਿੰਦਗੀ ਨੇ ਮਾਹੌਲ ਬਦਲ ਕੇ ਰੱਖ ਦਿੱਤਾ ਹੈ। ਹੁਣ ਨਾ ਤਾਂ ਜੁਆਕ ਲੋਹੜੀ ਮੰਗਦੇ ਨਜ਼ਰ ਆਉਂਦੇ ਹਨ ਤੇ ਨਾ ਹੀ ਪਹਿਲਾਂ ਵਾਂਗ ਰਿਸ਼ਤਿਆਂ ’ਚ ਏਕਤਾ ਤੇ ਪ੍ਰਪੱਕਤਾ ਰਹੀ ਹੈ। ਹੁਣ ਲੋਕਾਂ ਵੱਲੋਂ ਮੁੰਡੇ ਦੀ ਲੋਹੜੀ ਲਈ ਵੀ ਵਿਆਹ ਵਾਂਗ ਪੈਲੇਸ ਬੁੱਕ ਕੀਤੇ ਜਾਂਦੇ ਹਨ। ਸਾਰਾ ਪ੍ਰੋਗਰਾਮ ਉੱਥੇ ਹੀ ਹੁੰਦਾ ਹੈ। ਲੋਕ ਬੇਗ਼ਾਨਿਆਂ ਦੀ ਤਰ੍ਹਾਂ ਆਉਂਦੇ ਹਨ ਤੇ ਸ਼ਗਨ ਦੇ ਕੇ ਚਲੇ ਜਾਂਦੇ ਹਨ। ਮੁੰਡੇ ਵਾਲਿਆਂ ਵੱਲੋਂ ਵੀ ਮਿਠਾਈ ਦਾ ਡੱਬਾ ਅਤੇ ਕਾਰਡ ਭੇਜ ਦਿੱਤਾ ਜਾਂਦਾ ਹੈ ਤੇ ਸ਼ਾਮ ਨੂੰ ਹਰ ਕੋਈ ਆਪਣੇ-ਆਪਣੇ ਘਰ ’ਚ ਵੱਖ-ਵੱਖ ਲੋਹੜੀ ਮਨਾਉਂਦੇ ਹਨ।

**ਧੀਆਂ ਦੀ ਲੋਹੜੀ**

ਅਜੋਕੀ ਲੋਹੜੀ ਬਹੁਤ ਬਦਲ ਗਈ ਹੈ। ਭਾਵੇਂ ਹੁਣ ਪੜ੍ਹੇ-ਲਿਖੇ ਸਮਾਜ ਦੀ ਸੋਚ ਬਦਲ ਗਈ ਹੈ ਤੇ ਹੁਣ ਲੋਕਾਂ ਵੱਲੋਂ ਨਵ-ਜੰਮੀਆਂ ਧੀਆਂ ਦੀ ਵੀ ਲੋਹੜੀ ਮਨਾਈ ਜਾਣ ਲੱਗੀ ਹੈ ਪਰ ਹੁਣ ਤਿਉਹਾਰਾਂ ’ਤੇ ਬਾਜ਼ਾਰੂ ਰੁਚੀ ਵੀ ਭਾਰੂ ਹੋਣ ਲੱਗੀ ਹੈ। ਤੇਜ਼ੀ ਨਾਲ ਉੱਸਰ ਰਹੇ ਗਲੋਬਲ ਪਿੰਡ ਕਾਰਨ ਰਿਸ਼ਤਿਆਂ ਦਾ ਨਿੱਘ, ਮੋਹ, ਸੱਭਿਆਚਾਰਕ ਸਾਂਝ ਤੇ ਮਿਲਵਰਤਨ ਵੀ ਘੱਟਦਾ ਜਾ ਰਿਹਾ ਹੈ। ਪੜ੍ਹਾਈ ਤੇ ਪੇਪਰਾਂ ਦੇ ਬੋਝ ਕਾਰਨ ਸਾਡੇ ਬੱਚੇ ਵੀ ਬੜੇ ਮਸਰੂਫ਼ ਹੁੰਦੇ ਜਾ ਰਹੇ ਹਨ। ਹੁਣ ਉਨ੍ਹਾਂ ਕੋਲ ਵੀ ਸਾਂਝੀਆਂ ਖ਼ੁਸ਼ੀਆਂ ਮਨਾਉਣ ਲਈ ਫ਼ੁਰਸਤ ਨਹੀਂ ਰਹੀ।





# ਮੁਕਤਸਰ ਦਾ ਮਾਘੀ ਮੇਲਾ





ਸਿੱਖ ਧਰਮ ਵਿੱਚ ਗੁਰੂ-ਸਿੱਖ ਦੇ ਅਟੁੱਟ ਅਤੇ ਸਮਰਪਿਤ ਰਿਸ਼ਤੇ ਨੂੰ ਬਿਆਨਦੀ ਗਾਥਾ ਦਾ ਪ੍ਰਤੀਕ ਹੈ ਸ੍ਰੀ ਮੁਕਤਸਰ ਸਾਹਿਬ, ਜਿਸ ਦਾ ਪੁਰਾਤਨ ਨਾਮ ਖਿਦਰਾਣੇ ਦੀ ਢਾਬ ਸੀ। ਇਤਿਹਾਸ ਅਨੁਸਾਰ ਸ੍ਰੀ ਆਨੰਦਪੁਰ ਸਾਹਿਬ ਵਿਖੇ ਮੁਗ਼ਲ ਫ਼ੌਜਾਂ ਦੀ ਲੰਮੇ ਸਮੇਂ ਦੀ ਘੇਰਾਬੰਦੀ ਕਾਰਨ ਬੇਹੱਦ ਤਕਲੀਫ਼ਾਂ ਤੋਂ ਘਬਰਾ ਕੇ 'ਬੇਦਾਵਾ' ਲਿਖਣ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਛੱਡ ਕੇ ਗਏ ਚਾਲੀ ਸਿੰਘਾਂ ਨੇ ਸੋਝੀ ਆਉਣ ਉਪਰੰਤ 'ਗੁਰੂ ਤੋਂ ਬੇਮੁਖ ਹੋਣ ਦਾ ਦਾਗ' ਸ੍ਰੀ ਮੁਕਤਸਰ ਸਾਹਿਬ ਵਿਖੇ ਗੁਰੂ ਸਾਹਿਬ ਦਾ ਸਾਥ ਦਿੰਦਿਆਂ ਸ਼ਹੀਦੀਆਂ ਪ੍ਰਾਪਤ ਕਰਕੇ ਧੋਤਾ। ਇਸ ਅਸਥਾਨ 'ਤੇ ਗੁਰੂ ਗੋਬਿੰਦ ਸਿੰਘ ਜੀ ਦੀ ਮੁਗ਼ਲਾਂ ਨਾਲ ਆਖ਼ਰੀ ਤੇ ਨਿਰਣਾਇਕ ਜੰਗ ਹੋਈ। ਦਸਮ ਗੁਰੂ ਨੇ ਖਿਦਰਾਣੇ ਦੀ ਜੰਗ ਵਿੱਚ ਸ਼ਹੀਦ ਹੋਏ 40 ਸਿੰਘਾਂ ਨੂੰ ਮੁਕਤਿਆਂ ਦਾ ਅਤੇ ਖਿਦਰਾਣੇ ਦੀ ਢਾਬ ਨੂੰ ਮੁਕਤੀਸਰ ਦਾ ਵਰ ਦਿੱਤਾ। ਇਸ ਕਰਕੇ ਹਰ ਵਰ੍ਹੇ 14 ਜਨਵਰੀ ਨੂੰ ਮੁਕਤਸਰ ਵਿਖੇ ਮਾਘੀ ਦਾ ਮੇਲਾ ਲੱਗਦਾ ਹੈ ਅਤੇ ਲੋਕ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਦੇ ਹਨ।

ਇਸ ਮੁਕੱਦਸ ਟਿਕਾਣੇ 'ਤੇ ਜੰਗ, ਸ਼ਹੀਦੀ ਅਤੇ ਮੁਕਤੀਸਰ ਦੇ ਵਰ ਨਾਲ ਸਬੰਧਿਤ ਕਈ ਗੁਰਦੁਆਰੇ ਹਨ ਜਿੱਥੇ ਮਾਘੀ ਦੇ ਮੇਲੇ ਮੌਕੇ ਸੰਗਤਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਨਤਮਸਤਕ ਹੁੰਦੀਆਂ ਹਨ ਅਤੇ ਚਾਲੀ ਮੁਕਤਿਆਂ ਦੀ ਸ਼ਹੀਦੀ ਨੂੰ ਵੀ ਨਮਸਕਾਰ ਕਰਦਿਆਂ ਖ਼ੁਦ ਵੀ ਜਨਮਾਂ ਦੇ ਜੰਜਾਲ ਤੋਂ ਮੁਕਤੀ ਦੀ ਕਾਮਨਾ ਕਰਦੀਆਂ ਹਨ।



### ਗੁਰਦੁਆਰਾ ਤੰਬੂ ਸਾਹਿਬ

ਜੰਗ ਦੌਰਾਨ ਇਸ ਅਸਥਾਨ 'ਤੇ ਗੁਰੂ ਸਾਹਿਬ ਦੀਆਂ ਫ਼ੌਜਾਂ ਨੇ ਕਰੀਰਾਂ, ਮਲ੍ਹੇ ਤੇ ਝਾੜੀਆਂ ਆਦਿ ਜੰਗਲੀ ਦਰੱਖਤਾਂ ਉਪਰ ਆਪਣੀਆਂ ਚਾਦਰਾਂ ਅਤੇ ਹੋਰ ਬਸਤਰ ਪਾ ਕੇ ਫ਼ੌਜੀ ਤੰਬੂ ਲੱਗੇ ਹੋਣ ਦਾ ਭੁਲੇਖਾ ਪਾਇਆ ਸੀ ਤਾਂ ਕਿ ਦੁਸ਼ਮਣ ਦੀ ਫ਼ੌਜ ਇਨ੍ਹਾਂ ਤੰਬੂਆਂ ਤੋਂ ਖਾਲਸਾ ਫ਼ੌਜ ਦੀ ਗਿਣਤੀ ਵੱਡੀ ਹੋਣ ਦੇ ਭੁਲੇਖੇ ਵਿੱਚ ਰਹੇ ਕਿਉਂਕਿ ਅਸਲ ਵਿੱਚ ਉਸ ਸਮੇਂ ਗੁਰੂ ਸਾਹਿਬ ਨਾਲ ਫ਼ੌਜ ਬਹੁਤ ਥੋੜ੍ਹੀ ਗਿਣਤੀ ਵਿੱਚ ਸੀ। ਇਹ ਗੁਰੂ ਸਾਹਿਬ ਦੇ ਜੰਗੀ ਹੁਨਰ ਦਾ ਕਮਾਲ ਸੀ ਕਿ ਥੋੜ੍ਹੀ ਫ਼ੌਜ ਦੇ ਹੁੰਦੇ ਹੋਏ ਵੀ ਦੁਸ਼ਮਣ ਦੇ ਹੌਸਲੇ ਪਸਤ ਕਰਨ ਲਈ ਇਹ ਤਰੀਕਾ ਅਪਣਾਇਆ।

### ਗੁਰਦੁਆਰਾ ਸ਼ਹੀਦ ਗੰਜ ਸਾਹਿਬ

ਜੰਗ ਦੌਰਾਨ ਸ਼ਹੀਦ ਹੋਏ ਸਿੰਘਾਂ ਦਾ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਪਣੇ ਹੱਥੀਂ ਜਿਸ ਜਗ੍ਹਾ 'ਤੇ ਸਸਕਾਰ ਕੀਤਾ ਗਿਆ ਉੱਥੇ ਇਹ ਗੁਰਦੁਆਰਾ ਸੁਸ਼ੋਭਤ ਹੈ। ਇਸ ਅਸਥਾਨ 'ਤੇ 12 ਫ਼ਰਵਰੀ (21 ਵਿਸਾਖ) ਤੋਂ 3 ਮਈ ਤੱਕ ਚਾਲੀ ਮੁਕਤਿਆਂ ਦੀ ਯਾਦ ਵਿੱਚ ਅਖੰਡ ਪਾਠਾਂ ਦੀ ਲੜੀ ਸ਼ੁਰੂ ਕਰਕੇ ਭੋਗ ਪਾਏ ਜਾਂਦੇ ਹਨ।

### ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ

ਇਸ ਅਸਥਾਨ 'ਤੇ ਗੁਰੂ ਜੀ ਨੇ ਬੇਦਾਵਾ ਪਾੜਿਆ ਅਤੇ ਆਪਣੇ ਤੋਂ ਬੇਮੁਖ ਹੋਏ ਸਿੰਘਾਂ ਨੂੰ ਆਪਣੇ ਲੜ ਲਾਇਆ। ਇਸ ਪੁਰਾਤਨ ਗੁਰਦੁਆਰੇ ਦਾ ਕਾਫ਼ੀ ਹਿੱਸਾ 1984 ਦੇ ਮੰਦਭਾਗੇ ਸਮੇਂ ਨੁਕਸਾਨਿਆ ਗਿਆ ਸੀ ਜਿਸ ਕਰਕੇ ਇਸ ਦੀ ਦੁਬਾਰਾ ਉਸਾਰੀ ਕੀਤੀ ਗਈ। ਗੁਰਦੁਆਰੇ ਦੇ ਬਿਲਕੁਲ ਸਾਹਮਣੇ ਵਿਸ਼ਾਲ ਸਰੋਵਰ ਹੈ। ਸਰਵੋਰ ਦੇ ਚਾਰੇ ਪਾਸੇ ਪਰਿਕਰਮਾ ਵਿੱਚ ਸ਼ਾਨਦਾਰ ਵਰਾਂਡਾ ਬਣਿਆ ਹੋਇਆ ਹੈ। ਇਸ ਦੇ ਨਾਲ ਹੀ ਸਰਾਂ ਅਤੇ ਭਾਈ ਮਹਾਂ ਸਿੰਘ ਦੀਵਾਨ ਹਾਲ ਦੀ ਸ਼ਾਨਦਾਰ ਇਮਾਰਤ ਬਣੀ ਹੋਈ ਹੈ।

### ਗੁਰਦੁਆਰਾ ਮਾਈ ਭਾਗੋ

ਸਿੱਖ ਇਤਿਹਾਸ ਵਿੱਚ ਮਾਈ ਭਾਗੋ ਨੂੰ ਬਹੁਤ ਹੀ ਸਨਮਾਨ ਯੋਗ ਸਥਾਨ ਹਾਸਲ ਹੈ। ਉਨ੍ਹਾਂ ਦਾ ਜ਼ਿਕਰ ਸਿੱਖ ਪੰਥ ਦੀਆਂ ਸਿਰਮੌਰ ਇਸਤਰੀ ਸ਼ਖ਼ਸੀਅਤਾਂ ਵਿਚ ਸ਼ੁਮਾਰ ਹੁੰਦਾ ਹੈ। ਮਾਈ ਭਾਗੋ ਦੀ ਪ੍ਰੇਰਨਾ ਅਤੇ ਅਗਵਾਈ ਸਦਕਾ ਹੀ ਸਾਥ ਛੱਡ ਗਏ ਸਿੰਘਾਂ ਨੇ ਇਸ ਅਸਥਾਨ 'ਤੇ ਯੁੱਧ ਕੀਤਾ ਅਤੇ ਸ਼ਹੀਦੀ ਪ੍ਰਾਪਤ ਕੀਤੀ ਸੀ। ਮਾਈ ਭਾਗੋ ਦੀ ਯਾਦ ਵਿੱਚ ਗੁਰਦੁਆਰਾ ਤੰਬੂ ਸਾਹਿਬ ਦੇ ਬਿਲਕੁਲ ਨਾਲ ਇਹ ਗੁਰਦੁਆਰਾ ਤਾਮੀਰ ਕੀਤਾ ਗਿਆ।

### ਗੁਰਦੁਆਰਾ ਟਿੱਬੀ ਸਾਹਿਬ

ਜੰਗੀ ਨੁਕਤਾ-ਏ-ਨਜ਼ਰ ਦੇ ਮੱਦੇਨਜ਼ਰ ਗੁਰੂ ਸਾਹਿਬ ਨੇ ਇੱਕ ਉੱਚੀ ਟਿੱਬੀ 'ਤੇ ਮੋਰਚਾ ਲਾਇਆ ਹੋਇਆ ਸੀ ਜਿੱਥੋਂ ਉਹ ਫ਼ੌਜ ਦੀ ਕਮਾਨ ਵੀ ਸੰਭਾਲਦੇ ਸਨ ਅਤੇ ਆਪਣੇ ਤੀਰਾਂ ਦੀ ਵਰਖਾ ਨਾਲ ਦੁਸ਼ਮਣਾਂ ਦੀਆਂ ਭਾਜੜਾਂ ਵੀ ਪਾ ਰਹੇ ਸਨ। ਇਹ ਗੁਰਦੁਆਰਾ ਸ਼ਹਿਰ ਦੀ ਪੱਛਮੀ ਬਾਹੀ 'ਤੇ ਸਥਿਤ ਹੈ।

### ਗੁਰਦੁਆਰਾ ਦਾਤਣਸਰ

ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਣਾਏ ਗਏ ਸਿੱਖੀ ਅਸੂਲਾਂ ਵਿੱਚ ਸਰੀਰ ਦੀ ਨਿਯਮਬੱਧ ਸਫ਼ਾਈ ਰੱਖਣਾ ਵੀ ਸ਼ਾਮਲ ਹੈ। ਗੁਰੂ ਜੀ ਨੇ ਲੜਾਈ ਦੇ ਕਠਿਨ ਸਮੇਂ ਵਿੱਚ ਵੀ ਆਪਣਾ ਨਿਤਨੇਮ ਨਹੀਂ ਛੱਡਿਆ। ਖਿਦਰਾਣੇ ਦੀ ਜੰਗ ਦੌਰਾਨ ਆਪਣੇ ਨਿਤਨੇਮ ਅਨੁਸਾਰ ਗੁਰੂ ਜੀ ਸਵੇਰੇ ਸੁਵਖਤੇ ਉੱਠ ਕੇ ਦਾਤਣ ਕੁਰਲਾ ਕਰਦੇ ਸਨ। ਇਸ ਅਸਥਾਨ 'ਤੇ ਗੁਰਦੁਆਰਾ ਦਾਤਣਸਰ ਸਥਾਪਤ ਹੈ।

### ਗੁਰਦੁਆਰਾ ਰਕਾਬਸਰ ਸਾਹਿਬ

ਜੰਗ ਦੌਰਾਨ ਗੁਰੂ ਜੀ ਦੇ ਘੋੜੇ ਦੀ ਇੱਕ ਰਕਾਬ ਟੁੱਟ ਗਈ ਜਿਸ ਨੂੰ ਇਸ ਅਸਥਾਨ 'ਤੇ ਸੰਭਾਲ ਕੇ ਰੱਖਿਆ ਹੋਇਆ ਹੈ। ਇਸ ਗੁਰਦੁਆਰੇ ਵਿਖੇ ਸਰੋਵਰ ਵੀ ਸਥਿਤ ਹੈ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਮਾਘੀ ਨਹਾਵਣ ਮੈਂ ਚੱਲੀ ਜੋ ਤੀਰਥ ਕਰ ਸਮਿਆਨ

ਹਰਮਨਪ੍ਰੀਤ ਸਿੰਘ



ਸਾਡੇ ਪੰਜਾਬੀਆਂ ਦੇ ਦਿਨ, ਮਹੀਨੇ, ਤਿੱਥ, ਤਿਉਹਾਰ, ਅਖਾਣ, ਕਹਾਵਤਾਂ, ਟੱਪੇ, ਬੋਲੀਆਂ ਤੇ ਲੋਕ ਗੀਤ ਸਭ ਆਪਸ 'ਚ ਜੁੜੇ ਹੋਏ ਨੇ, ਸਾਡੇ ਕਈਂ ਸੂਫ਼ੀ-ਸੰਤ-ਫ਼ਕੀਰਾਂ ਨੇ ਤਿੱਥ ਅਤੇ ਤਿਉਹਾਰਾਂ ਤੋਂ ਇਲਾਵਾ ਸਾਲ 'ਚ ਆਉਂਦੇ ਦੇਸੀ ਮਹੀਨਿਆਂ 'ਤੇ ਵੀ ਬਹੁਤ ਕੁਝ ਫ਼ਰਮਾਇਆ ਹੈ। ਉਨ੍ਹਾਂ ਦੀਆ ਲਿਖੀਆਂ ਤੇ ਕਹੀਆਂ ਗੱਲਾਂ 'ਚ ਇੱਕ ਅਲੱਗ ਹੀ ਕਿਸਮ ਦਾ ਨਿੱਘ ਅੱਜ ਵੀ ਮਿਲਦਾ ਹੈ, ਰੁੱਤਾਂ, ਬਹਾਰਾਂ, ਮੌਸਮ ਤੇ ਤਿਉਹਾਰਾਂ ਦੇ ਆਪਸੀ ਸੰਬੰਧ ਉਨ੍ਹਾਂ ਬੜੀ ਸੂਝ-ਬੂਝ ਨਾਲ ਆਪਣੇ ਢੰਗ ਨਾਲ ਸਮਝਾਇਆ ਹੈ। ਜਿਵੇਂ ਮਾਘ ਦੇ ਮਹੀਨੇ 'ਚ ਪੈ ਰਹੇ ਪਾਲੇ ਦਾ ਜਿਕਰ ਕਰਦੇ ਹੋਏ ਸਾਡੇ ਬਜ਼ੁਰਗ ਬਹੁਤ ਵਧੀਆ ਅਖਾਣ ਰੂਪ 'ਚ ਜਿਕਰ ਕਰਦੇ ਹਨ ਕਿ :

ਪਾਲਾ ਪੋਹ ਦਾ ਨਾ ਮਾਘ ਦਾ, ਪਾਲਾ ਵਾਓ ਦਾ !

ਮਾਘ ਮਹੀਨੇ 'ਚ ਪਾਲਾ ਘਟਣ ਦੇ ਆਸਾਰ ਬਣਦੇ ਹਨ, ਕਿਉਂ ਕਿ ਮਾਘ ਮਹੀਨੇ ਸੂਰਜ ਦੀ ਹਾਜ਼ਰੀ ਥੋੜੀ ਵਧਣ ਕਾਰਣ ਕੋਸੀ-ਕੋਸੀ ਧੁੱਪ ਦਾ ਅਨੰਦ ਮਾਣਦਿਆਂ ਚੌਗਿਰਦਾ ਖਿਲ ਉੱਠਦਾ ਹੈ, ਪ੍ਰੰਤੂ ਜੇ ਕਿਤੇ ਮਾਘ ਮਹੀਨੇ ਮੀਂਹ ਪੈ ਜਾਵੇ ਤੇ ਨਾਲ ਹੀ ਹਵਾ ਚੱਲ ਪਵੇ ਤਾਂ ਇਹ ਮਾਘ ਮਹੀਨਾ ਵੀ ਭਰ ਸਿਆਲ ਦਾ ਮਹੀਨਾ ਹੋ ਨਿੱਬੜਦਾ ਹੈ । ਮਾਘ ਦੇ ਮਹੀਨੇ ਇਹ ਜਾਂਦੀ-ਜਾਂਦੀ ਸਿਆਲ ਰੁੱਤ ਮਨੁੱਖੀ ਮਨ 'ਚ ਮਿਲਾਪ ਦੀ ਤਾਂਘ ਪੈਦਾ ਕਰਦੀ ਜਾਪਦੀ ਹੈ, ਇਹ ਮਿਲਾਪ ਦੀ ਤਾਂਘ ਦੁਨੀਆਵੀਂ ਵੀ ਹੋ ਸਕਦੀ ਹੈ ਤੇ ਰੂਹਾਨੀ ਵੀ, ਇਹ ਮਨੁੱਖੀ ਮਨ ਦੀ ਅਵਸਥਾ ਤੇ ਨਿਰਭਰ ਕਰਦਾ ਹੈ। ਬਾਰਾਂਮਾਹ 'ਚ ਹਿਦਾਇਤਉਲਾ ਜੀ ਫ਼ਰਮਾਉਂਦੇ ਹਨ ਕਿ:

ਮਾਘ ਮਹੀਨਾ ਮਾਹੀ ਬਾਝੋਂ ਜੋ ਕੁਛ ਮੈਂ ਸੰਗ ਬੀਤੀ ਜੇ ।
ਸ਼ਾਲਾ ਦੁਸ਼ਮਨ ਨਾਲ ਨ ਹੋਵੇ ਜੇਹੀ ਵਿਛੋੜੇ ਕੀਤੀ ਜੇ ।
ਕੋਹਲੂ ਵਾਂਗਰ ਜਾਨ ਤਤੀ ਦੀ ਪੀੜ ਇਸ਼ਕ ਨੇ ਲੀਤੀ ਜੇ ।
ਜਾਣੇ ਓਹ ਏਹ ਗੱਲ ਹਿਦਾਯਤ ਜ਼ਹਿਰ ਇਸ਼ਕ ਜਿਨਿ ਪੀਤੀ ਜੇ ॥੧੧॥

ਇਹ ਮਾਘ ਮਾਹ ਦੇਸੀ ਮਹੀਨੇ ਦਾ ਗਿਆਰਵਾਂ ਮਹੀਨਾ ਬਣਦਾ ਹੈ ਅਤੇ ਅੰਗਰੇਜ਼ੀ ਮਹੀਨੇ ਅਨੁਸਾਰ ਮਾਘ ਮਾਹ ਅੱਧ ਜਨਵਰੀ ਤੋਂ ਸ਼ੁਰੂ ਹੋ ਅੱਧ ਫ਼ਰਵਰੀ ਤੱਕ ਦਾ ਹੁੰਦਾ ਹੈ। ਮਾਘ ਮਾਹ ਤੋਂ ਪਹਿਲਾਂ ਆਏ ਪੋਹ ਮਾਹ ਦੀ ਆਖਰੀ ਰਾਤ ਨੂੰ ਬਣਾਈ ਖਿਚੜੀ ,ਖੀਰ ਆਦਿ ਮਾਘ ਮਾਹ ਚੜ੍ਹਦਿਆਂ ਲੋਕ ਸੁਭਾ ਸੁੱਚੇ ਮੂੰਹ ਖਾਂਦੇ ਤੇ ਇਸ ਨੂੰ ਇਓ ਬਿਆਨਦੇ: ਪੋਹ ਰਿੱਧੀ ਮਾਘ ਖਾਧੀ!

ਮਾਘ ਮਾਹ ਦੀ ਪਹਿਲੀ ਤਾਰੀਖ ਮਾਘ ਦੀ ਸੰਗਰਾਂਦ ਅਖਵਾਉਂਦੀ ਹੈ ਤੇ ਇਸੇ ਦਿਨ ਸਿੱਖਾਂ ਦਾ ਤਿਉਹਾਰ ਮਾਘੀ ਹੁੰਦਾ ਹੈ ਜੋ ਕਿ ਪੰਜਾਬ ਦੀ ਧਰਤੀ ਮੁਕਤਸਰ ਸਾਹਿਬ ਵਿਖੇ ਮਨਾਇਆ ਜਾਂਦਾ ਹੈ। ਇਤਿਹਾਸਕ ਪੱਖ ਤੋਂ ਇੱਥੇ ਮਾਘ ਦੇ ਪਹਿਲੇ ਦਿਨ 40 ਮੁਕਤਿਆਂ ਦੀ ਯਾਦ ਨੂੰ ਸਮਰਪਿਤ ਵਿਸ਼ਾਲ ਸ਼ਹੀਦੀ ਜੋੜ ਮੇਲ ਲੱਗਦਾ ਹੈ ਜਿੱਥੇ ਲੱਖਾਂ ਸ਼ਰਧਾਲੂ ਮਹਾਨ ਸ਼ਹੀਦਾਂ ਨੂੰ ਨਤਮਸਤਕ ਹੁੰਦੇ ਹਨ। ਸ੍ਰੀ ਮੁਕਤਸਰ ਸਾਹਿਬ ਦੀ ਧਰਤੀ 'ਤੇ ਸ਼ਹੀਦੀ ਜਾਮ ਪੀਣ ਵਾਲੇ ਇਹ ਸ਼ਹੀਦ (ਮੁਕਤੇ) ਉਹੀ ਸਿੰਘ ਸਨ ਜਦੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਮੁਗਲਾਂ ਅਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨਾਲ ਮੁਕਾਬਲਾ ਕਰ ਰਹੇ ਹੁੰਦੇ ਹਨ ਤਾਂ ਮੁਗਲਾਂ ਅਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਕਿਲ੍ਹੇ ਦੀ ਘੇਰਾਬੰਦੀ ਕਰ ਲੈਂਦੀਆਂ ਹਨ। ਮੁਗਲਾਂ ਅਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਵੱਲੋਂ ਕੀਤੀ ਕਿਲ੍ਹੇ ਦੀ ਇਹ ਘੇਰਾਬੰਦੀ ਕਈ ਮਹੀਨੇ ਜਾਰੀ ਰਹਿੰਦੀ ਹੈ ਤਾਂ ਉਸ ਸਮੇਂ ਮਾਝੇ ਦੇ ਸਿੰਘਾਂ ਨੇ ਗੁਰੂ ਜੀ ਨੂੰ ਛੱਡ ਘਰ ਵਾਪਸੀ ਦਾ ਮਨ ਬਣਾ, ਗੁਰੂ ਸਾਹਿਬ ਨੂੰ ਬੇਦਾਵਾ ਲਿਖਕੇ ਘਰਾਂ ਨੂੰ ਵਾਪਸ ਚਲੇ ਜਾਂਦੇ ਹਨ ਪ੍ਰੰਤੂ ਘਰ ਗਿਆਂ ਨੂੰ ਜਦੋਂ ਮਾਈ ਭਾਗੋ ਅਤੇ ਹੋਰਨਾਂ ਨੇ ਲਾਹਨਤਾਂ ਪਾਉਂਦੇ ਹੋਏ ਚੂੜੀਆਂ ਪਾ ਲੈਣ ਦਾ ਮਿਹਣਾ ਦਿੱਤਾ ਤਾਂ ਇਹ ਸਿੰਘ ਗੁਰੂ ਸਾਹਿਬ ਤੋਂ ਮੁਆਫ਼ੀ ਮੰਗ ਕੇ ਭੁੱਲ ਬਖਸ਼ਾਉਣ ਲਈ ਤਿਆਰ ਹੋ ਗਏ। ਦੂਜੇ ਪਾਸੇ ਗੁਰੂ ਜੀ ਚਮਕੌਰ ਸਾਹਿਬ, ਮਾਛੀਵਾੜਾ ਸਾਹਿਬ, ਆਲਮਗੀਰ, ਰਾਏਕੋਟ, ਦੀਨਾ ਹੁੰਦੇ ਹੋਏ ਜਦੋਂ ਕੋਟਕਪੂਰੇ ਪੁੱਜੇ ਇੱਥੇ ਵੀ ਮੁਗਲ ਫ਼ੌਜ ਗੁਰੂ ਜੀ ਦਾ ਪਿੱਛਾ ਕਰ ਪਹੁੰਚ ਗਈ । ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਖਿਦਰਾਨੇ ਦੀ ਢਾਬ ਤੋਂ ਥੋੜ੍ਹਾ ਜਿਹਾ ਅੱਗੇ ਜਾ ਬੈਠੇ ਤਾਂ ਜੋ ਉੱਚੀ ਟੀਸੀ 'ਤੇ ਬੈਠ ਕੇ ਯੋਜਨਾਬੱਧ ਢੰਗ ਨਾਲ ਮੁਗਲ ਫ਼ੌਜਾਂ ਦਾ ਮੁਕਾਬਲਾ ਕੀਤਾ ਜਾ ਸਕੇ। ਮੁਕਤਸਰ ਦਾ ਪੁਰਾਣਾ ਨਾਮ ਖਿਦਰਾਣਾ ਹੁੰਦਾ ਸੀ। ਇੱਥੇ ਹੀ ਜਿਨ੍ਹਾਂ ਸਿੰਘਾ ਨੇ ਗੁਰੂ ਜੀ ਨੂੰ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਬੇਦਾਵਾ ਲਿਖਕੇ ਘਰਾਂ ਨੂੰ ਵਾਪਿਸ ਗਏ ਸਨ, ਮਾਝੇ ਦੇ ਉਹ ਚਾਲੀ ਸਿੰਘਾਂ ਦਾ ਜੱਥਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਾਲ ਕਰਦਾ ਹੋਇਆ ਖਿਦਰਾਣੇ ਦੀ ਢਾਬ 'ਤੇ ਆ ਪਹੁੰਚਿਆ ਤੇ ਮੁਗਲ ਫ਼ੌਜਾਂ ਵਿਰੁੱਧ ਮੋਰਚਾ ਸੰਭਾਲ ਲਿਆ। ਮਾਈ ਭਾਗੋ ਅਤੇ ਭਾਈ ਮਹਾਂ ਸਿੰਘ ਦੀ ਅਗਵਾਈ ਹੇਠ ਸਿੰਘਾਂ ਨੇ ਦੁਸ਼ਮਣ ਫ਼ੌਜ 'ਤੇ ਹੱਲਾ ਬੋਲ ਦਿੱਤਾ। ਖਿਦਰਾਣੇ ਦੀ ਢਾਬ ਤੋਂ ਗੁਰੂ ਸਾਹਿਬ ਨੇ ਇਹਨਾਂ ਸਿੰਘਾਂ ਨੂੰ ਵੀਰਤਾ ਨਾਲ ਲੜਦਿਆ ਵੇਖਿਆ ਤੇ ਮੁਗਲ ਸੈਨਿਕ ਇਨ੍ਹਾਂ ਸਿੰਘਾ ਅੱਗੇ ਟਿਕ ਨਾ ਸਕੇ ਤੇ ਮੁਗਲ ਸੈਨਿਕ ਮੈਦਾਨ ਛੱਡ ਕੇ ਭੱਜ ਗਏ। ਜਦੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਸਿੰਘਾਂ ਨੂੰ ਮਿਲੇ ਤਾਂ ਭਾਈ ਮਹਾਂ ਸਿੰਘ ਨੇ ਅਨੰਦਪੁਰ ਦੀ ਧਰਤੀ 'ਤੇ ਲਿਖਕੇ ਦਿੱਤਾ ਬੇਦਾਵਾ ਪਾੜ ਦੇਣ ਦੀ ਬੇਨਤੀ ਗੁਰੂ ਸਾਹਿਬ ਨੂੰ ਕੀਤੀ ਤਾਂ ਗੁਰੂ ਸਾਹਿਬ ਨੇ ਭਾਈ ਮਹਾਂ ਸਿੰਘ ਦਾ ਸਿਰ ਆਪਣੀ ਗੋਦ ਵਿੱਚ ਰੱਖ ਬੇਦਾਵਾ ਪਾੜ ਦਿੱਤਾ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ ਚਾਲੀ ਸਿੰਘਾਂ ਨੂੰ ਬੇਦਾਵੇ ਤੋਂ ਮੁਕਤ ਕਰਕੇ ਟੁੱਟੀ ਸਿੱਖੀ ਨੂੰ ਮੁੜ ਗੰਢਣ ਦਾ ਵਚਨ ਦਿੱਤਾ। ਗੁਰੂ ਸਾਹਿਬ ਨੇ ਆਪਣੇ ਹੱਥੀਂ ਇਹਨਾਂ ਸਿੰਘਾਂ ਦਾ ਦਾਹ-ਸੰਸਕਾਰ ਕੀਤਾ ਅਤੇ ਇਸ ਥਾਂ ਦਾ ਨਾਮ ਮੁਕਤਸਰ ਰੱਖਿਆ। ਹੁਣ ਇਸ ਅਸਥਾਨ 'ਤੇ ਸਰੋਵਰ ਅਤੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਸਥਿਤ ਹੈ। ਬੇਦਾਵੀਏ ਸਿੰਘਾਂ ਦੀ ਗੁਰੂ ਸਾਹਿਬ ਹੱਥੋਂ ਮੁਕਤੀ ਹੋਣ ਦੀ ਗੱਲ ਇਤਿਹਾਸ ਦੇ ਪੰਨਿਆਂ 'ਤੇ ਇਉਂ ਦਰਜ ਹੈ:



ਖਿਦਰਾਣਾ ਕਰ ਮੁਕਤਸਰ, ਮੁਕਤ ਮੁਕਤ ਸਭ ਕੀਨ।
ਹੋਇ ਸਾਬਤ ਜੂਝੈ ਜਬੈ, ਬਡੋ ਮਰਤਬੋ ਲੀਨ।

ਜਿੱਥੇ ਪੋਹ ਮਾਹ ਦੇ ਆਖਰੀ ਦਿਨ ਲੋਹੜੀ ਹੁੰਦੀ ਹੈ, ਉੱਥੇ ਮਾਘ ਮਾਹ ਦੇ ਪਹਿਲੇ ਦਿਨ ਮਾਘੀ ਮਨਾਈ ਜਾਂਦੀ ਹੈ। ਮਾਘ ਮਾਹ ਦੇ ਇਸ ਪਹਿਲੇ ਦਿਨ ਨੂੰ ਪੰਜਾਬ ਦੇ ਨਾਲ - ਨਾਲ ਭਾਰਤ ਦੇਸ਼ ਦੇ ਕਈ ਸੂਬਿਆਂ 'ਚ ਵੀ ਮਨਾਇਆ ਜਾਦਾਂ ਹੈ ਜਿਵੇਂ : ਤਾਮਿਲਨਾਡੂ 'ਚ ਇਸਨੂੰ ਪੋਂਗਲ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸੇ ਤਰਾਂ ਕਰਨਾਟਕ, ਕੇਰਲ ਤੇ ਆਂਧਰਾ ਪ੍ਰਦੇਸ਼ 'ਚ ਇਸ ਨੂੰ ਸੰਕਰਾਂਤੀ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ ਅਤੇ ਗੋਆ, ਓਡੀਸ਼ਾ, ਹਰਿਆਣਾ, ਬਿਹਾਰ, ਝਾਰਖੰਡ, ਆਂਧਰਾ ਪ੍ਰਦੇਸ਼, ਤੇਲੰਗਾਨਾ, ਕਰਨਾਟਕ, ਕੇਰਲਾ, ਮੱਧ ਪ੍ਰਦੇਸ਼, ਮਹਾਰਾਸ਼ਟਰ, ਰਾਜਸਥਾਨ, ਉੱਤਰ ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ ਅਤੇ ਜੰਮੂ ਆਦਿ ਰਾਜਾਂ ਵਿੱਚ ਇਸ ਨੂੰ ਮਕਰ ਸੰਕਰਾਂਤੀ ਕਿਹਾ ਜਾਂਦਾ ਹੈ। ਇਲਾਹਾਬਾਦ ਵਿੱਚ ਗੰਗਾ, ਯਮੁਨਾ ਤੇ ਸਰਸਵਤੀ ਦੇ ਸੰਗਮ 'ਤੇ ਹਰੇਕ ਸਾਲ ਇੱਕ ਮਹੀਨੇ ਤੱਕ ਮਾਘ ਮੇਲਾ ਲੱਗਦਾ ਹੈ, ਜਿਸ ਨੂੰ ਮਾਘ ਮੇਲੇ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ । ਸਮੁੱਚੇ ਉੱਤਰ ਪ੍ਰਦੇਸ਼ ਵਿੱਚ ਇਸ ਤਿਉਹਾਰ ਨੂੰ ਖਿਚੜੀ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ ਅਤੇ ਇਸ ਦਿਨ ਖਿਚੜੀ ਖਾਣ ਅਤੇ ਖਿਚੜੀ ਦਾਨ ਕਰਨ ਦਾ ਵਧੇਰੇ ਮਹੱਤਵ ਹੁੰਦਾ ਹੈ ।ਇਸ ਦਿਨ ਉੜਦ, ਚੌਲ, ਤਿਲ, ਚਿਵੜੇ, ਸਵਰਨ, ਊਨੀ ਵਸਤਾਂ, ਕੰਬਲ ਆਦਿ ਦਾਨ ਕਰਨ ਦੀ ਪਰੰਪਰਾ ਹੈ । ਮਹਾਰਾਸ਼ਟਰ ਵਿੱਚ ਇਸ ਦਿਨ ਸਾਰੀਆਂ ਨਵੀਆਂ ਵਿਆਹੀਆਂ ਔਰਤਾਂ ਆਪਣੀ ਪਹਿਲੀ ਸੰਕ੍ਰਾਂਤੀ 'ਤੇ ਕਪਾਹ, ਤੇਲ ਤੇ ਨਮਕ ਆਦਿ ਚੀਜ਼ਾਂ ਦੂਜੀਆਂ ਸੁਹਾਗਣ ਔਰਤਾਂ ਨੂੰ ਦਾਨ ਕਰਦੀਆਂ ਹਨ । ਮਾਘੀ ਵਾਲੇ ਦਿਨ ਸਿਰਫ਼ ਪੰਜਾਬ ਹੀ ਨਹੀਂ ਸਗੋਂ ਪੂਰੇ ਭਾਰਤ 'ਚ ਹੀ ਲੋਕ ਪਵਿੱਤਰ ਸਰੋਵਰਾਂ, ਝਰਨਿਆਂ, ਨਦੀਆਂ, ਨਹਿਰਾਂ, ਦਰਿਆਵਾਂ, ਝੀਲਾਂ ਵਿੱਚ ਇਸ਼ਨਾਨ ਕਰ ਕੇ ਮਾਘੀ ਮਨਾਉਂਦੇ ਹਨ ਤੇ ਬਾਰਾਂਮਾਹ 'ਚ ਬਾਬਾ ਬੁੱਲ੍ਹੇ ਸ਼ਾਹ ਜੀ ਦੋਹਰਾ ਲਿਖਦੇ ਹਨ:

ਮਾਘੀ ਨਹਾਵਣ ਮੈਂ ਚੱਲੀ ਜੋ ਤੀਰਥ ਕਰ ਸਮਿਆਨ ।
ਗੱਜ ਗੱਜ ਬਰਸੇ ਮੇਘਲਾ ਮੈਂ ਰੋ ਰੋ ਕਰਾਂ ਇਸ਼ਨਾਨ ।

ਮਾਘ ਮਹੀਨੇ ਗਏ ਉਲਾਂਘ, ਨਵੀਂ ਮੁਹਬਤ ਬਹੁਤੀ ਤਾਂਘ,
ਇਸ਼ਕ ਮੁਅੱਜ਼ਨ ਦਿੱਤੀ ਬਾਂਗ, ਪੜ੍ਹਾਂ ਨਮਾਜ਼ ਪੀਆ ਦੀ ਤਾਂਘ, ਦੁਆਈਂ ਕੀ ਕਰਾਂ ।

ਆਖਾਂ ਪਿਆਰੇ ਮੈਂ ਵੱਲ ਆ, ਤੇਰੇ ਮੁੱਖ ਵੇਖਣ ਦਾ ਚਾਅ,
ਭਾਵੇਂ ਹੋਰ ਤੱਤੀ ਨੂੰ ਤਾਅ, ਬੁੱਲ੍ਹਾ ਸ਼ੌਹ ਨੂੰ ਆਣ ਮਿਲਾ,
ਤੇਰੀ ਹੋ ਰਹਾਂ ।੫।



# ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ



ਪ੍ਰਮਿੰਦਰ ਸਿੰਘ
ਪ੍ਰਵਾਨਾ
510-415-9377



ਸਿੱਖ ਧਰਮ ਇੱਕ ਮੁਕੰਮਲ ਅਤੇ ਨਿਵੇਕਲਾ ਧਰਮ ਹੈ। ਜਿਸ ਦੀ ਬੁਨਿਆਦ ਸਤਿ 'ਤੇ ਰੱਖੀ ਗਈ ਹੈ। ਪਹਿਲੀ ਪਾਤਿਸ਼ਾਹੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਸਮੇਂ ਦੇ ਪ੍ਰਚਲਤ ਧਰਮਾਂ ਦੇ ਗਿਆਨ ਤੋਂ ਅਨੁਭਵ ਕੀਤਾ ਕਿ ਸੰਸਾਰ ਨੂੰ ਇੱਕ ਅਜਿਹੇ ਧਰਮ ਦੀ ਲੋੜ ਹੈ ਜੋ ਸਾਰੀ ਮਾਨਵਤਾ ਦਾ ਉਧਾਰ ਕਰ ਸਕੇ। ਇਸ ਨੂੰ ਅਮਲੀ ਰੂਪ ਦੇਣ ਲਈ ਇੱਕ ਅਜਿਹਾ ਧਰਮ ਮੰਦਰ ਤੇ ਧਾਰਮਿਕ ਕੇਂਦਰ ਸਥਾਪਿਤ ਹੋਣ ਚਾਹੀਦਾ ਹੈ, ਜਿਥੇ ਅੱਠੇ ਪਹਿਰ ਹੀ ਪਰਮਾਤਮਾ ਦੀ ਸਿਫ਼ਤ ਸਲਾਹ ਹੁੰਦੀ ਰਹੇ। ਜਿੱਥੇ ਰੱਬੀ ਬਾਣੀ ਦੇ ਮਨੋਹਰ ਕੀਰਤਨ ਦਾ ਪ੍ਰਵਾਹ ਤਪਦੇ ਮਨਾਂ ਨੂੰ ਸ਼ਾਂਤੀ ਪ੍ਰਦਾਨ ਕਰਦਾ ਰਹੇ, ਜੋ ਸੰਸਾਰ ਵਿੱਚ ਅਮਨ ਸ਼ਾਂਤੀ ਦਾ ਸੰਦੇਸ਼ ਦੇਵੇ।

ਸਿੱਖ ਗੁਰੂਆਂ ਵੱਲੋਂ ਧਰਮ ਪ੍ਰਚਾਰ ਅਤੇ ਨਿਰਮਾਣ ਦੇ ਕਾਰਜਾਂ ਵਿੱਚ ਆਪਣਾ ਭਰਪੂਰ ਯੋਗਦਾਨ ਪਾਇਆ ਹੈ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਅਖੀਰੀ ਉਮਰ ਵਿੱਚ ਧਰਮ ਪ੍ਰਚਾਰ ਨੂੰ ਅਮਲੀ ਰੂਪ ਕਰਤਾਰਪੁਰ ਵਿੱਚ ਰਹਿ ਕੇ ਦਿੱਤਾ। ਗੁਰੂ ਅੰਗਦ ਦੇਵ ਸਾਹਿਬ ਜੀ ਨੇ ਧਰਮ ਪ੍ਰਚਾਰ ਖ਼ਡੂਰ ਸਾਹਿਬ ਵਿਖੇ ਰਹਿ ਕੇ ਕੀਤਾ। ਗੁਰੂ ਅਮਰਦਾਸ ਸਾਹਿਬ ਜੀ ਨੇ ਬਾਉਲੀ ਸਾਹਿਬ ਦੀ ਰਚਨਾ ਕਰਕੇ ਗੋਇੰਦਵਾਲ ਧਰਮ ਪ੍ਰਚਾਰ ਦਾ ਕੇਂਦਰ ਬਣਾਇਆ। ਫ਼ਿਰ ਇੱਕ ਧਾਰਮਿਕ ਕੇਂਦਰ ਨੂੰ ਸਥਾਪਤ ਕਰਨ ਦਾ ਉਪਦੇਸ਼ ਗੁਰੂ ਅਮਰਦਾਸ ਜੀ ਵੱਲੋਂ ਗੁਰੂ ਰਾਮਦਾਸ ਜੀ ਨੂੰ ਹੋਇਆ। ਫ਼ਿਰ ਗੁਰੂ ਰਾਮਦਾਸ ਸਾਹਿਬ ਜੀ ਨੇ ਧਾਰਮਿਕ ਕੇਂਦਰ ਰਚਨ ਦਾ ਸੰਦੇਸ਼ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਦਿੱਤਾ, ਗੁਰੂ ਰਾਮਦਾਸ ਸਾਹਿਬ ਜੀ ਸਤੰਬਰ 1/1581 ਨੂੰ ਜੋਤੀ ਜੋਤਿ ਸਮਾ ਗਏ।

ਗੁਰੂ ਨਾਨਕ ਦੇਵ ਸਾਹਿਬ ਜੀ ਦਾ ਅਨੁਭਵ ਸੀ ਕਿ ਕਿਸੇ ਧਰਮ ਦੀ ਉੱਨਤੀ ਲਈ ਸੰਸਾਰ ਵਿੱਚ ਪ੍ਰਚਾਰ ਕਰਨ ਦੇ ਦੋ ਮੁੱਖ ਸਾਧਨ ਹਨ। ਪਹਿਲਾ ਉਸ ਧਰਮ ਦਾ ਇੱਕ ਅਨੂਠਾ ਅਤੇ ਵਿਲੱਖਣ ਧਾਰਮਿਕ ਕੇਂਦਰ ਹੋਣਾ ਚਾਹੀਦਾ ਹੈ। ਦੂਜਾ ਉਸ ਕੋਲ ਰੱਬੀ ਬਾਣੀ ਦਾ ਇੱਕ ਰੂਹਾਨੀ ਭੰਡਾਰ ਹੋਵੇ, ਜਿਸ ਦਾ ਮਨੋਹਰ ਕੀਰਤਨ ਤਪਦੇ ਸੰਸਾਰ ਵਿੱਚ ਸ਼ਾਂਤੀ ਪ੍ਰਦਾਨ ਕਰ ਸਕੇ। ਸੰਸਾਰ ਦਾ ਉਧਾਰ ਕਰ ਸਕੇ। ਇਹਨਾਂ ਮਨੋਰਥਾਂ ਦੀ ਪੂਰਤੀ ਲਈ ਗੁਰੂ ਨਾਨਕ ਦੇਵ ਜੀ ਸਾਹਿਬ ਦੇ ਗੁਰੂ ਕਾਲ ਤੋਂ ਹੀ ਯਤਨ ਆਰੰਭ ਹੋ ਗਏ ਸਨ। ਜਿੰਨ੍ਹਾਂ ਨੂੰ ਅੰਮ੍ਰਿਤਸਰ ਦੇ ਬਾਨੀ ਗੁਰੂ ਰਾਮਦਾਸ ਸਾਹਿਬ ਜੀ ਅਤੇ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਹਰਿਮੰਦਰ ਸਾਹਿਬ ਅੰਮ੍ਰਿਤ ਸਰੋਵਰ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਨੂੰ ਨੇਪਰੇ ਚਾੜ੍ਹਿਆ।

ਅੰਮ੍ਰਿਤਸਰ ਸਿਫ਼ਤੀ ਦੇ ਘਰ ਸੱਚ ਮੁੱਚ ਹੀ ਇੱਕ ਅਜਿਹਾ ਧਾਰਮਿਕ ਕੇਂਦਰ ਹੈ, ਜਿਸ ਦੀ ਸ਼ੋਭਾ ਸੰਸਾਰ ਭਰ ਵਿੱਚ ਹੈ। ਇਹ ਆਪਣੀ ਕਲਾ ਕ੍ਰਿਤੀ ਬਣਤਰ ਅਤੇ ਹੁਨਰ ਪੱਖੋਂ ਅਦੁੱਤੀ ਹੈ।

ਡਿਠੇ ਸਭੇ ਥਾਵ ਨਹੀਂ ਤੁਧ ਜੇਹਿਆ॥
ਬਧੋਹੁ ਪੁਰਖਿ ਬਿਧਾਤੇ ਤਾ ਤੂੰ ਸੋਹਿਆ॥

ਇਹ ਮਹਾਂਵਾਕ ਇੱਕ ਅਟੱਲ ਸੱਚਾਈ ਪ੍ਰਗਟ ਕਰਦਾ ਹੈ। ਇਸ ਨੂੰ ਉਹੀ ਦਰਸ਼ਕ ਅਨੁਭਵ ਕਰ ਸਕਦੇ ਹਨ, ਜਿਹਨਾਂ ਨੂੰ ਇਸ ਮਹਾਨ ਅਸਥਾਨ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਤਿਹਾਸ ਦਾ ਕਥਨ ਹੈ ਕਿ ਅੰਮ੍ਰਿਤਸਰ ਦਾ ਪਹਿਲਾ ਨਾਮ ਚੱਕ ਗੁਰੂ ਰਾਮਦਾਸ ਅਤੇ ਸਰੋਵਰ ਦਾ ਨਾਮ ਅਮਰਸਰ ਸੀ। ਜਿਸ ਨੂੰ ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਅੰਮ੍ਰਿਤਸਰ ਕਰ ਦਿੱਤਾ। ਇੱਕੇ ਪਹਿਲਾਂ ਇੱਕ ਜਲ ਦਾ ਭੰਡਾਰ (ਢਾਬ) ਮੌਜੂਦ ਸੀ। ਜਿਸਦੇ ਕਿਨਾਰੇ ਬੈਠ ਕੇ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਨਾਲ ਰੱਬੀ ਬਾਣੀ ਦਾ ਕੀਰਤਨ ਕੀਤਾ। ਗੁਰੂ ਸਾਹਿਬ ਜੀ ਸੁਲਤਾਨਪੁਰ ਲੋਧੀ ਤੋਂ ਪਹਿਲੀ ਉਦਾਸੀ ਕਰਕੇ ਏਮਨਾਬਾਦ ਭਾਈ ਲਾਲੋ ਜੀ ਕੋਲੋਂ ਜਾਂਦੇ ਹੋਏ ਇੱਥੇ ਆਣ ਬਿਰਾਜੇ। ਇੱਕ ਅਤਿ ਰਮਣੀਕ ਸਥਾਨ ਵੇਖ ਕੇ ਕੀਰਤਨ ਕੀਤਾ। ਕੀਰਤਨ ਦਾ ਆਨੰਦ ਮਾਨਣ ਲਈ ਸੁਲਤਾਨਵਿੰਡ ਨਗਰ ਦਾ ਚੌਧਰੀ ਤਾਰਾ ਅਤੇ ਸੰਗਤ ਇਕੱਠੀ ਹੋ ਗਈ। ਗੁਰੂ ਸਾਹਿਬ ਜੀ ਨੇ ਚੌਧਰੀ ਤਾਰਾ ਨੂੰ ਕੜਾਹ ਪ੍ਰਸਾਦ (ਤ੍ਰਿਹਾਵਲ) ਤਿਆਰ ਕਰਨ ਦੀ ਵਿਧੀ ਸਮਝਾਈ ਤੇ ਉਹ ਕੜਾਹ ਪ੍ਰਸ਼ਾਦਿ ਤਿਆਰ ਕਰਕੇ ਲਿਆਇਆ। ਜੋ ਕੀਰਤਨ ਦੀ ਸਮਾਪਤੀ ਉਪਰੰਤ ਵਰਤਾਇਆ। ਜਿਸ ਵੇਲੇ ਭਾਈ ਮਰਦਾਨਾ ਜੀ ਨੇ ਕੜਾਹ ਪ੍ਰਸਾਦਿ ਛੱਕਿਆ ਤਾਂ ਉਨ੍ਹਾਂ ਪ੍ਰਸੰਨਤਾ ਨਾਲ ਕਿਹਾ ਕਿ ਮਹਾਰਾਜ ਇਹੋ ਜਿਹਾ ਪਵਿੱਤਰ ਆਹਾਰ ਤਾਂ ਹਰ ਰੋਜ ਮਿਲਣਾ ਚਾਹੀਦਾ ਹੈ। ਸਤਿਗੁਰੂ ਜੀ ਨੇ ਕਿਹਾ ਕਿ ਭਾਈ ਮਰਦਾਨਾ ਇੱਥੇ ਸਦਾ ਹੀ ਐਸਾ ਅੰਮ੍ਰਿਤ ਵੰਡੀਦਾ ਰਹੇਗਾ।

ਸਿੱਖ ਧਰਮ ਦੇ ਸਾਂਝੀਵਾਲਤਾ ਦੇ ਮਨੋਰਥ ਤੋਂ ਸਮੇਂ ਦੀਆਂ ਹਕੂਮਤਾਂ ਦੀ ਸਦਾ ਈਰਖ਼ਾ ਰਹੀ। ਮੁਗਲ ਰਾਜ ਵਿੱਚ ਜਦੋਂ ਸਿੱਖ ਕੌਮ ਦੀ ਹਸਤੀ ਮਿਟਾਉਣ ਦੇ ਯਤਨ ਕੀਤੇ ਗਏ। ਸਿੱਖੀ ਜੀਵਨ ਦੇ ਸੋਮੇ ਹਰਿਮੰਦਰ ਸਾਹਿਬ ਦੀਆਂ ਨੀਹਾਂ ਵਿੱਚ ਬਰੂਦ ਭਰ ਕੇ ਉਡਾ ਦਿੱਤਾ ਗਿਆ। ਪਵਿੱਤਰ ਸਰੋਵਰ ਮਿੱਟੀ ਨਾਲ ਪੂਰ ਦਿੱਤਾ ਗਿਆ। ਸਿੱਖ ਕੌਮ ਨੇ ਆਪਣੀ ਜਾਨ ਤੋਂ ਪਿਆਰੇ ਰੱਖ ਕੇ ਹਮੇਸ਼ਾ ਉਸਾਰ ਲਿਆ।

ਸਿੱਖ ਗੁਰੂਆਂ ਦੀ ਦੂਰ ਦ੍ਰਿਸ਼ਟੀ ਤੋਂ ਅੰਮ੍ਰਿਤਸਰ ਦੀ ਮਹਾਨਤਾ ਦਾ ਪਤਾ ਲੱਗਦਾ ਹੈ, ਕਿ ਪੰਜਾਬ ਦੀ ਭੂਗੋਲਿਕ ਸਥਿਤੀ ਨੂੰ ਮੁੱਖ ਰੱਖ ਕੇ ਇਸ ਮਹਾਨ ਕੇਂਦਰ ਨੂੰ ਕਾਇਮ ਕਰਨ ਸਮੇਂ ਪੰਜਾਬ ਦਾ ਕੇਂਦਰੀ ਇਲਾਕਾ ਚੁਣਿਆ। ਕਲਕੱਤੇ ਤੋਂ ਪਿਸ਼ਾਵਰ ਨੂੰ ਜਾਣ ਵੇਲੇ ਸੜਕੀ ਮਾਰਗ ਤੋਂ ਪਹਿਲੇ ਸਮਿਆਂ ਵਿੱਚ ਇਸ ਨੂੰ ਥੋੜਾ ਹਟਵਾਂ ਰੱਖਿਆ ਗਿਆ ਸੀ ਪਰ ਏਸ ਵੇਲੇ ਜਰਨੈਲੀ ਸੜਕ (ਜੀ.ਟੀ.) ਦੇ ਐਨ ਉੱਪਰ ਹੈ। ਉਸ ਵੇਲੇ ਵੱਡੀ ਕੱਚੀ ਸੜਕ ਤਰਨਤਾਰਨ ਅਤੇ ਗੋਇੰਦਵਾਲ ਤੋਂ ਹੋ ਕੇ ਲੰਘਦੀ ਸੀ। ਇਥੋਂ ਦੀ ਲੰਘ ਕੇ ਬਦੇਸ਼ੀ ਹਮਲਾਵਰ ਭਾਰਤ ਦੀ ਰਾਜਧਾਨੀ ਦਿੱਲੀ ਉੱਤੇ ਧਾਵੇ ਬੋਲਦੇ ਸਨ। ਗੁਰੂ ਸਾਹਿਬ ਭਾਰਤ ਦੀ ਰੱਖਿਆ ਕਰਨ ਲਈ ਵੱਡੇ ਮਾਰਗ ਉੱਤੇ ਜਾਂ ਇਸ ਦੇ ਆਸ ਪਾਸ ਅਜਿਹੇ ਧਾਰਮਿਕ ਅਸਥਾਨ ਕਾਇਮ ਕਰਨਾ ਚਾਹੁੰਦੇ ਸਨ, ਜਿਥੋਂ ਵਿਦੇਸ਼ੀ ਹਮਲਾਵਰਾਂ ਦਾ ਟਾਕਰਾ ਕੀਤਾ ਜਾ ਸਕੇ। ਭਾਰਤ ਦੇ ਅਮਨ ਅਤੇ ਆਜ਼ਾਦੀ, ਧਾਰਮਿਕ ਸੁਤੰਤਰਤਾ ਕਾਇਮ ਰੱਖੀ ਜਾ ਸਕੇ। ਇਸ ਮਨੋਰਥ ਦੀ ਪੂਰਤੀ ਲਈ ਸਿੱਖ ਗੁਰੂਆਂ ਨੇ ਜਿਤਨੇ ਵੀ ਨਗਰ ਵਸਾਏ, ਉਹ ਵੱਡੇ ਮਾਰਗ ਦੇ ਬਿਲਕੁਲ ਨੇੜੇ ਹਨ, ਜਿਵੇਂ ਤਰਨਤਾਰਨ, ਖ਼ਡੂਰ ਸਾਹਿਬ, ਗੋਇੰਦਵਾਲ ਅਤੇ ਕਰਤਾਰਪੁਰ ਆਦਿ।





ਦੇਸ਼ ਦੀ ਰੱਖਿਆ ਵਿੱਚ ਪੰਜਾਬੀਆਂ ਦੇ ਯੋਗਦਾਨ ਦੀ ਵੱਡੀ ਮਿਸਾਲ ਹੈ ਕਿ ਸਕੰਦਰ ਆਜ਼ਮ ਦੀਆਂ ਫ਼ੌਜਾਂ ਨਾਲ ਪੰਜਾਬੀਆਂ ਦੇ ਹੋਏ ਮੁਕਾਬਲੇ ਅਤੇ ਉਸ ਦੀ ਆ ਫ਼ੌਜਾਂ ਨੂੰ ਦਰਿਆ ਬਿਆਸ ਪਾਰ ਨਾ ਕਰਨ ਦਾ ਹਵਾਲਾ ਮਿਲਦਾ ਹੈ। ਪੰਜਾਬ ਦੀ ਜਥੇਬੰਦ ਸਿੱਖ ਕੌਮ ਨੇ ਅਹਿਮਦ ਸ਼ਾਹ ਅਬਦਾਲੀ ਅਤੇ ਨਾਦਰ ਸ਼ਾਹ ਵਰਗੇ ਵਿਦੇਸ਼ੀ ਹਮਲਾਵਰਾ ਦੇ ਬੜੀ ਬਹਾਦਰੀ ਨਾਲ ਮੂੰਹ ਮੋੜ ਦਿੱਤੇ। ਸਿੱਖ ਯੋਧਿਆਂ ਜਰਨੈਲਾਂ ਵਿੱਚ ਹਰੀ ਸਿੰਘ ਨਲੂਆਂ, ਅਕਾਲੀ ਫੂਲਾ ਸਿੰਘ, ਸ਼ੇਰ ਏ ਪੰਜਾਬ ਮਹਾਰਾਜਾ ਰਣਜੀਤ ਸਿੰਘ ਵਰਗੇ ਬਹਾਦਰ ਪੈਦਾ ਹੋਏ ਹਨ। ਜਿਨ੍ਹਾਂ ਦਾ ਨਾਮ ਲੈ ਕੇ ਪਠਾਣੀਆਂ ਆਪਣੇ ਰੋਂਦਿਆਂ ਬੱਚਿਆਂ ਨੂੰ ' ਚੁੱਪ ਸ਼ਾਹ ਹਰੀਆ ਰਾਂਗਲੇ' ਕਹਿ ਕੇ ਚੁੱਪ ਕਰਾਉਂਦੀਆਂ ਸਨ ਕਿ ਬੱਚਿਆਂ ਚੁੱਪ ਕਰ ਜਾ ਨਹੀਂ ਤਾਂ ਹਰੀਆ ਆ ਜਾਵੇਗਾ। ਇਹ ਸਾਰੀ ਸ਼ਕਤੀ ਗੁਰੂ ਸਾਹਿਬ ਜੀ ਵੱਲੋਂ ਕਾਇਮ ਕੀਤੇ ਗਏ ਅੰਮ੍ਰਿਤਸਰ ਵਰਗੇ ਮਹਾਨ ਰੂਹਾਨੀ ਕੇਂਦਰ ਦੀ ਮਿਲੀ ਪ੍ਰੇਰਨਾ ਸਦਕੇ ਹੋਇਆ ਹੈ। ਸਿੱਖ ਗੁਰੂਆਂ ਦਾ ਮਨੋਰਥ ਦੇਸ਼ ਦੇ ਅਮਨ ਤੇ ਸ਼ਾਂਤੀ ਨੂੰ ਬਹਾਲ ਰੱਖਣਾ ਸੀ। ਇਸੇ ਖ਼ਿਆਲ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਸ਼ਕਤੀ ਦੇ ਕੇ ਸਿੱਖ ਕੌਮ ਨੂੰ ਇੱਕ ਬਹਾਦਰ ਕੌਮ ਬਣਾਇਆ। ਇਸ ਘਟਨਾਕ੍ਰਮ ਦਾ ਮੁੱਢ ਉਦੋਂ ਬੰਨਿਆ ਗਿਆ ਜਦੋਂ ਪੰਜਾਬ ਦੇ ਮੱਧ ਵਿੱਚ ਅੰਮ੍ਰਿਤਸਰ ਦਾ ਮਹਾਨ ਕੇਂਦਰ ਕਾਇਮ ਹੋਇਆ, ਜਿਸ ਦੇ ਅੰਮ੍ਰਿਤ ਸਰੋਵਰ ਵਿੱਚ ਅਜਿਹੀ ਸ਼ਕਤੀ ਹੈ ਕਿ ਉਸਦਾ ਇਸ਼ਨਾਨ ਕਰਕੇ ਬਾਣੀ ਸਰਵਣ ਕਰਕੇ ਮਨ ਨੂੰ ਸ਼ਾਂਤੀ ਮਿਲਦੀ ਹੈ।

ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ ਗੁਰੂ ਰਾਮਦਾਸ ਸਾਹਿਬ ਜੀ ਨੇ ਗੁਮਟਾਲਾ ਤੇ ਸੁਲਤਾਨਵਿੰਡ ਦੇ ਵਿਚਕਾਰ ਜ਼ਮੀਨ ਖਰੀਦ ਕੇ ਚੱਕ ਗੁਰੂ ਰਾਮਦਾਸ ਨਗਰ ਆਬਾਦ ਕੀਤਾ। ਜਿਥੇ ਮਹਾਨ ਧਾਰਮਿਕ ਕੇਂਦਰ ਅੰਮ੍ਰਿਤਸਰ ਮੌਜੂਦ ਹੈ। ਗੁਰੂ ਰਾਮਦਾਸ ਸਾਹਿਬ ਜੀ ਨੇ ਆਪਣੇ ਰਹਿਣ ਲਈ ਸਭ ਤੋਂ ਪਹਿਲੀ ਇਮਾਰਤ ਬਣਾਈ। ਉਥੇ ਗੁਰਦੁਆਰਾ 'ਗੁਰੂ ਕਾ ਮਹੱਲ' ਹੈ। ਇਸ ਅਸਥਾਨ 'ਤੇ ਗੁਰੂ ਅਰਜਨ ਦੇਵ ਸਾਹਿਬ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਰਹਿੰਦੇ ਰਹੇ ਸਨ। ਇੱਥੇ ਹੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਹੋਇਆ। ਇਸ ਗੁਰਦੁਆਰੇ ਦੇ ਨਾਲ ਸਭ ਤੋਂ ਪਹਿਲਾਂ ਬਾਜ਼ਾਰ ਬਣਾਇਆ, ਉਸ ਦਾ ਨਾਮ 'ਗੁਰੂ ਬਜ਼ਾਰ' ਹੈ। ਇਹ ਨਗਰ ਅੰਮ੍ਰਿਤਸਰ ਦੇ ਮੱਧ ਵਿੱਚ ਹੈ। ਇਹ ਵਪਾਰ ਦਾ ਵੱਡਾ ਕੇਂਦਰ ਸੀ। ਸੰਨ 1577 ਵਿੱਚ ਗੁਰੂ ਰਾਮਦਾਸ ਸਾਹਿਬ ਜੀ ਨੇ ਸਰੋਵਰ ਦੀ ਪੁਟਾਈ ਆਰੰਭ ਕੀਤੀ। ਸੰਗਤਾਂ ਵਾਸਤੇ ਗੁਰੂ ਕਾ ਲੰਗਰ ਚਲਦਾ ਸੀ। ਸੰਗਤਾਂ ਬਾਣੀ ਪੜਦਿਆਂ ਸੇਵਾ ਕਰਦੀਆਂ ਸਨ।

ਗੁਰੂ ਰਾਮਦਾਸ ਸਾਹਿਬ ਜੀ ਨੇ ਆਪਣੇ ਸੇਵਕਾਂ ਨੂੰ ਅੰਮ੍ਰਿਤਸਰ ਦੀ ਰੌਣਕ ਵਧਾਉਣ ਲਈ ਸਾਰੇ ਸ਼ਹਿਰਾਂ ਵਿਚੋਂ ਵੱਖ ਵੱਖ ਧੰਦਿਆਂ ਦੇ ਕਾਰੀਗਰਾਂ ਨੂੰ ਲੱਭ ਕੇ ਇਥੇ ਲਿਆ ਕੇ ਵਸਾਓ। ਇਤਿਹਾਸ ਅਨੁਸਾਰ ਇੱਥੇ 52 ਕਿਸਮ ਦੇ ਧੰਦਿਆਂ ਦੇ ਮਾਹਰ ਕਾਰੀਗਰਾਂ ਨੂੰ ਵਸਾਇਆ। ਛੇਤੀ ਹੀ ਇਹ ਸ਼ਹਿਰ ਪੰਜਾਬ ਦੇ ਮੁੱਖ ਸ਼ਹਿਰਾਂ ਵਿੱਚ ਆ ਗਿਆ। ਇਸ ਸ਼ਹਿਰ ਦੀ ਸ਼ੋਭਾ ਭਾਰਤ ਦੇ ਕੋਨੇ ਕੋਨੇ ਅਤੇ ਵਿਦੇਸ਼ ਵਿੱਚ ਫ਼ੈਲ ਗਈ। ਗੁਰੂ ਰਾਮਦਾਸ ਸਾਹਿਬ ਜੀ ਨੇ ਇਸ ਮਹਾਨ ਕੇਂਦਰ ਨੂੰ ਹਰ ਪੱਖ ਤੋਂ ਉੱਨਤ ਕਰਨ ਲਈ ਦਿਨ ਰਾਤ ਇੱਕ ਕਰਕੇ ਕੰਮ ਕੀਤਾ। ਅੰਮ੍ਰਿਤਸਰ ਸਰੋਵਰ ਨੂੰ ਮੁਕੰਮਲ ਅਤੇ ਪੱਕਾ ਕਰਨ ਦੀ ਸੇਵਾ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਸੌਂਪ ਕੇ ਆਪ 1 ਸਤੰਬਰ 1581 ਨੂੰ ਗੋਇੰਦਵਾਲ ਵਿਖੇ ਜੋਤੀ ਜੋਤਿ ਸਮਾ ਗਏ।

ਗੁਰੂ ਅਰਜਨ ਦੇਵ ਸਾਹਿਬ ਜੀ ਨੇ ਗੁਰਗੱਦੀ 'ਤੇ ਬਿਰਾਜਮਾਨ ਹੋਣ 'ਤੇ ਇਹ ਅਨੁਭਵ ਕੀਤਾ ਕਿ ਅੰਮ੍ਰਿਤਸਰ ਦੇ ਸਰੋਵਰ ਦੇ ਵਿਚਕਾਰ ਇੱਕ ਐਸਾ ਸੁੰਦਰ ਹਰਿਮੰਦਰ ਉਸਾਰਿਆ ਜਾਵੇ ਜਿਸਦੀ ਸੁੰਦਰਤਾ ਅਨੁਪਮ ਹੋਵੇ ਅਤੇ ਇਮਾਰਤੀ ਕਲਾ ਦੇ ਪਖੋਂ ਬੇਮਿਸਾਲ ਹੋਵੇ। ਸੰਨ 1577 ਈ. ਵਿੱਚ ਬਣਾਏ ਗਏ ਸਰੋਵਰ 'ਤੇ ਨਗਰ ਉਸਾਰਿਆ। ਇਸਦੀ ਨੀਂਹ 28 ਦਸੰਬਰ 1588 ਈ. ਨੂੰ ਸੂਫ਼ੀ ਸੰਤ ਮੀਆਂ ਮੀਰ ਜੀ ਪਾਸੋਂ ਰਖਵਾਈ। ਜੋ ਸਾਂਝੀਵਾਲਤਾ ਦਾ ਸੰਦੇਸ਼ ਹੈ। ਇਸ ਵਕਤ ਇੱਕ ਵੱਡਾ ਇਕੱਠ ਹੋਇਆ। ਇਸ ਧਾਰਮਿਕ ਸਮਾਗਮ ਵੇਲੇ ਬਾਬਾ ਬੁੱਢਾ ਜੀ ਨੇ ਅਰਦਾਸ ਕੀਤੀ। ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ।

ਹਰਿਮੰਦਰ ਸਾਹਿਬ ਜੀ ਦੇ ਚਾਰੋਂ ਦਿਸ਼ਾ ਵੱਲ ਚਾਰ ਦਰਵਾਜੇ ਹਨ। ਭਾਰਤ ਦੀ ਪੁਰਾਣੀ ਸੰਸਕ੍ਰਿਤੀ ਅਨੁਸਾਰ ਚਾਰ ਵਰਨ, ਚਾਰ ਆਸ਼ਰਮ ਮੰਨੇ ਜਾਂਦੇ ਹਨ। ਗੁਰੂ ਸਾਹਿਬ ਜੀ ਨ ਚੋਹਾਂ ਵਰਨਾਂ ਅਤੇ ਚੋਹਾਂ ਆਸ਼ਰਮਾਂ ਦੇ ਲੋਕਾਂ ਲਈ ਹਰ ਦਿਸ਼ਾ ਵੱਲੋਂ ਆਉਣ ਵਾਲੇ ਸ਼ਰਧਾਲੂਆਂ ਨਾਲ ਰੰਗ, ਨਸਲ, ਲਿੰਗ, ਜਾਤਪਾਤ ਮਜ਼ਬ ਦੇ ਆਧਾਰ ਤੇ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ। ਸਿੱਖ ਕੌਮ ਰਾਸ਼ਟਰੀ ਮਹਾਨਤਾ ਰੱਖਣ ਵਾਲੀ ਕੌਮ ਬਣ ਗਈ। ਇਸੇ ਮਨੋਰਥ ਨੂੰ ਮੁੱਖ ਰੱਖ ਕੇ ਇਸ ਮਹਾਨ 'ਹਰਿਮੰਦਰ ਸਾਹਿਬ ਅੰਮ੍ਰਿਤਸਰ' ਦੀ ਸਥਾਪਨਾ ਹੋਈ ਹੈ।

ਸਮੇਂ ਦੀਆਂ ਸਰਕਾਰਾਂ ਨੇ ਸਿੱਖ ਕੌਮ ਦੀ ਬਹਾਦਰੀ ਅਤੇ ਗੁਰਧਾਮਾਂ ਦੀ ਪ੍ਰੇਣਾ ਸ਼ਕਤੀ 'ਤੇ ਈਰਖਾ ਕੀਤੀ ਹੈ। ਗੁਰਦੁਆਰਿਆਂ ਦੀ ਮਰਿਆਦਾ ਨੂੰ ਬਹਾਲ ਕਰਨ ਲਈ ਸਿੱਖ ਕੌਮ ਨੂੰ ਕਈ ਘਲੂਘਾਰਿਆਂ ਵਿੱਚ ਅਣਮਨੁੱਖੀ ਤਸ਼ਦਦ ਝੱਲਣੇ ਪਏ। ਸਿੰਘਾਂ ਨੇ ਹਮੇਸ਼ਾ ਜ਼ੁਲਮ ਦਾ ਡੱਟ ਕੇ ਮੁਕਾਬਲਾ ਕੀਤਾ। ਹਮੇਸ਼ਾ ਅਸਾਵੀਆਂ ਜੰਗਾਂ ਵਿੱਚ ਜਿੱਤਾਂ ਪ੍ਰਾਪਤ ਕੀਤੀਆਂ। ਅੰਤ 1925 ਵਿੱਚ ਗੁਰਦੁਆਰਾ ਕਾਨੂੰਨ ਬਣਨ ਤੇ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਗਿਆ। ਜੂਨ 1984 ਵਿੱਚ ਭਾਰਤੀ ਫ਼ੌਜ ਨੇ ਸਾਕਾ ਨੀਲਾ ਤਾਰਾ ਹੇਠ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਹਮਲਾ ਕੀਤਾ। ਇਸ ਦੀ ਦਿੱਖ ਤੇ ਅਕਾਲ ਤਖ਼ਤ ਸਾਹਿਬ ਦਾ ਨੁਕਸਾਨ ਕੀਤਾ। ਹਜ਼ਾਰਾ ਸ਼ਰਧਾਲੂ ਸ਼ਹੀਦ ਹੋਏ। ਸਿੱਖ ਸਾਹਿਤ ਇਤਿਹਾਸ ਦਾ ਵੱਡਮੁੱਲਾ ਖਜ਼ਾਨਾ ਖੁਰਦ ਬੁਰਦ ਹੋਇਆ। ਸਿੱਖ ਕੌਮ ਨੇ ਨੁਕਸਾਨੇ ਸਥਾਨ ਨੂੰ ਫ਼ਿਰ ਉਸਾਰ ਲਿਆ। ਵੈਰੀਆਂ ਦੀਆਂ ਲੱਖਾਂ ਕੋਝੀਆਂ ਹਰਕਤਾਂ ਅਤੇ ਫ਼ਰੇਬੀ ਚਾਲਾਂ ਨੇ ਸਿੰਘਾਂ ਨਾਲ ਟੱਕਰ ਲਈ ਹੈ, ਪਰ ਸਿੱਖੀ ਦੇ ਗੁਰਧਾਮ ਵਸਦੇ ਰਹੇ।

॥ ਝੂਲਤੇ ਨਿਸ਼ਾਨ ਰਹੇਂ ਗੁਰੂ ਮਹਾਰਾਜ ਕੇ ॥

ਨਿੱਤ ਮੁਹਿੰਮਾਂ ਨੂੰ ਝਲਦੇ ਸਿੱਖ ਆਪਣੇ ਧਰਮ ਦੀ ਨਿਸ਼ਠਾ ਨਾਲ ਸਦਾ ਚੜ੍ਹਦੀਕਲਾ ਵਿੱਚ ਰਹੇ। ਦੇਸ਼ਾਂ ਵਿਦੇਸ਼ਾਂ ਵਿੱਚ ਗੁਰਦੁਆਰਾ ਸਥਾਪਤ ਕਰਕੇ, ਸਿੱਖ ਧਰਮ ਦੀ ਉੱਨਤੀ ਵਿੱਚ ਯੋਗਦਾਨ ਪਾ ਰਹੇ ਹਨ। ਸਿੱਖਾਂ ਨੇ ਸੰਸਾਰ ਦੇ ਪ੍ਰਮੁੱਖ ਧਰਮਾਂ ਵਿੱਚ ਆਪਣੀ ਪਛਾਣ ਬਣਾ ਲਈ ਹੈ। ਗੁਰਦੁਆਰਾ ਗਿਆਨ ਦਾ ਕੇਂਦਰ ਹੈ। ਧਰਮ ਅਤੇ ਸਮਾਜ ਦੀ ਉਸਾਰੀ ਦਾ ਕੇਂਦਰ ਹੈ। ਗੁਰਬਾਣੀ ਦਾ ਚਾਨਣ ਸਾਨੂੰ ਸਾਦਾ ਜੀਵਨ ਅਤੇ ਉਚ ਆਚਰਣ ਵਾਲੀ ਜੀਵਨ ਸ਼ੈਲੀ ਦੀ ਜਾਚ ਸਿਖਾਉਂਦਾ ਹੈ। ਗੁਰਦੁਆਰਾ ਅਤੇ ਗੁਰਬਾਣੀ ਨਾਲ ਜੁੜ ਕੇ ਜੀਵਨ ਸੋਝੀ ਮਿਲਦੀ ਹੈ।

TRANS-ALLIANCE
TOGETHER WE SAVE

**FUEL DISCOUNTS**
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS AMBEST Love's

**FUEL CARDS**
NO CREDIT - NO PROBLEM
BEST CUSTOMER SERVICE
QUIKQ WEX




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

**YOU BREAK DOWN**
WE SHOW UP
24-HOUR ROADSIDE ASSISTANCE
ROAD SQUAD CONNECT

**TRUCK REPAIR & TIRE DISCOUNTS**
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
MORE BAYS. EXPERTISE. SOLUTIONS.

**FUEL MANAGEMENT**
DAILY FUEL RATES IN PHONE APP

CALL FOR MORE INFO
(855)641-6955, (888)795-7035




# ਖ਼ਤਰਨਾਕ ਹੈ ਬੱਚਿਆਂ ਨੂੰ ਮੋਬਾਈਲ ਫ਼ੋਨ ਦੇਣਾ





ਅੱਜ ਕੱਲ੍ਹ ਮਾਪੇ ਛੋਟੇ ਬੱਚਿਆਂ ਦੇ ਮਨੋਰੰਜਨ ਲਈ ਉਨ੍ਹਾਂ ਨੂੰ ਮੋਬਾਈਲ ਫ਼ੋਨ ਦਿੰਦੇ ਹਨ ਪਰ ਹੁਣ ਇੱਕ ਨਵੇਂ ਅਧਿਐਨ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ 6 ਸਾਲ ਤੱਕ ਦੇ ਬੱਚੇ, ਜੋ ਮੋਬਾਈਲ ਫ਼ੋਨ ਨਾਲ ਖੇਡਦੇ ਹਨ, ਉਨ੍ਹਾਂ ਦੀ ਯਾਦਦਾਸ਼ਤ ਬਾਅਦ ਵਿੱਚ ਕਮਜ਼ੋਰ ਹੋ ਜਾਂਦੀ ਹੈ ਅਤੇ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਮਾਨਸਿਕ ਰੋਗਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਅੱਜ ਕੱਲ੍ਹ ਬਹੁਤ ਸਾਰੇ ਮਾਪੇ ਆਪਣੇ ਬੱਚਿਆਂ ਨੂੰ ਵਿਅਸਤ ਜਾਂ ਚਿੰਤਤ ਰੱਖਣ ਲਈ ਮੋਬਾਈਲ ਫ਼ੋਨ ਦੇਣਾ ਇੱਕ ਆਮ ਗੱਲ ਹੈ। ਉਹ ਆਪਣੇ ਬੱਚਿਆਂ ਨੂੰ ਖ਼ੁਸ਼ ਰੱਖਣ ਅਤੇ ਉਨ੍ਹਾਂ ਨੂੰ ਸ਼ਾਂਤੀ ਦੇਣ ਲਈ ਆਪਣੇ ਫ਼ੋਨ ਉਨ੍ਹਾਂ ਨੂੰ ਸੌਂਪ ਦਿੰਦੇ ਹਨ। ਆਧੁਨਿਕ ਤਕਨਾਲੋਜੀ ਨੇ ਸਾਡੀ ਜ਼ਿੰਦਗੀ ਨੂੰ ਬਦਲ ਦਿੱਤਾ ਹੈ ਅਤੇ ਹੁਣ ਹਰ ਬੱਚੇ ਕੋਲ ਮੋਬਾਈਲ ਹੋਣਾ ਆਮ ਗੱਲ ਹੋ ਗਈ ਹੈ। ਹਾਲਾਂਕਿ, ਇਹ ਅਣਚਾਹੇ ਮਾੜੇ ਪ੍ਰਭਾਵਾਂ ਦਾ ਕਾਰਨ ਵੀ ਬਣਦਾ ਹੈ। ਇਸ ਲਈ ਸਾਨੂੰ ਆਪਣੇ ਬੱਚਿਆਂ ਨੂੰ ਮੋਬਾਈਲ ਦੀ ਸਹੀ ਵਰਤੋਂ ਸਿਖਾਉਣ ਦੀ ਲੋੜ ਹੈ ਅਤੇ ਉਨ੍ਹਾਂ ਨੂੰ ਇਸ ਦੇ ਖ਼ਤਰਨਾਕ ਪ੍ਰਭਾਵਾਂ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ।

ਪਹਿਲਾਂ ਗੱਲ ਕਰਦੇ ਹਾਂ ਕਿ ਮੋਬਾਈਲ ਫ਼ੋਨ ਦੀ ਜ਼ਿਆਦਾ ਵਰਤੋਂ ਬੱਚਿਆਂ ਲਈ ਕਿੰਨਾ ਖ਼ਤਰਨਾਕ ਹੋ ਸਕਦੀ ਹੈ। ਮੁੱਖ ਚਿੰਤਾ ਉਸਦੀ ਸਿਹਤ ਹੈ। ਬਹੁਤ ਦੇਰ ਤੱਕ ਸਕਰੀਨ ਦੇ ਸਾਹਮਣੇ ਬੈਠੇ ਬੱਚਿਆਂ ਦੇ ਨਕਲੀ ਰੋਸ਼ਨੀ ਕਾਰਨ ਨੱਕ ਵਗ ਸਕਦਾ ਹੈ ਅਤੇ ਉਨ੍ਹਾਂ ਦੀ ਨਜ਼ਰ ਪ੍ਰਭਾਵਿਤ ਹੋ ਸਕਦੀ ਹੈ।

ਮੋਬਾਇਲ ਉਹਨਾਂ ਦੀ ਸਰੀਰਕ ਸਿਹਤ ਲਈ ਵੀ ਖਤਰਾ ਪੈਦਾ ਕਰ ਸਕਦਾ ਹੈ, ਕਿਉਂਕਿ ਉਹਨਾਂ ਕੋਲ ਖੇਡਣ ਅਤੇ ਕਸਰਤ ਲਈ ਘੱਟ ਸਮਾਂ ਬਚਦਾ ਹੈ। ਬੱਚੇ ਇੰਟਰਨੈੱਟ ਦੇ ਸੰਪਰਕ ਵਿੱਚ ਆਉਂਦੇ ਹਨ ਅਤੇ ਅਣਚਾਹੀ ਜਾਂ ਬਾਲਗ ਸਮਗਰੀ ਵਿੱਚ ਸ਼ਾਮਲ ਹੋ ਸਕਦੇ ਹਨ ਜੋ ਉਹਨਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ

ਜੇਕਰ ਕਿਸੇ ਹੋਰ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਬੱਚਿਆਂ ਨੂੰ ਮੋਬਾਈਲ ਫ਼ੋਨ ਦੇਣ ਨਾਲ ਉਨ੍ਹਾਂ ਦੇ ਸਮਾਜਿਕ ਜੀਵਨ 'ਤੇ ਵੀ ਡੂੰਘਾ ਪ੍ਰਭਾਵ ਪੈਂਦਾ ਹੈ। ਉਹਨਾਂ ਕੋਲ ਆਪਣੇ ਦੋਸਤਾਂ ਅਤੇ ਪਰਿਵਾਰ ਨਾਲ ਬਿਤਾਉਣ ਲਈ ਘੱਟ ਸਮਾਂ ਹੁੰਦਾ ਹੈ ਅਤੇ ਉਹ ਇਕੱਲੇ ਮਹਿਸੂਸ ਕਰ ਸਕਦੇ ਹਨ। ਇਸ ਨਾਲ ਉਨ੍ਹਾਂ ਦੇ ਸਮਾਜਿਕ ਰਿਸ਼ਤੇ ਕਮਜ਼ੋਰ ਹੋ ਸਕਦੇ ਹਨ ਅਤੇ ਉਹ ਆਪਣੇ ਅਸਲ ਦੋਸਤਾਂ ਤੋਂ ਅਲੱਗ ਹੋ ਸਕਦੇ ਹਨ। ਉਹ ਨਕਾਰਾਤਮਕ ਭਾਵਨਾਵਾਂ ਵਿੱਚ ਘਿਰੇ ਹੋ ਸਕਦੇ ਹਨ ਅਤੇ ਮਾਨਸਿਕ ਤੌਰ 'ਤੇ ਕਮਜ਼ੋਰ ਹੋ ਸਕਦੇ ਹਨ।

ਮੁਢਲਾ ਹੱਲ ਇਹ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਮੋਬਾਈਲ ਫ਼ੋਨ ਦੀ ਸਹੀ ਵਰਤੋਂ ਸਿਖਾਈਏ। ਸਾਨੂੰ ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਉਨ੍ਹਾਂ ਨਾਲ ਕਿਸੇ ਹੋਰ ਵਿਅਕਤੀ ਵਾਂਗ ਵਿਵਹਾਰ ਨਹੀਂ ਕਰਨਾ ਚਾਹੀਦਾ।

ਗੱਲਬਾਤ ਜਾਂ ਸੋਸ਼ਲ ਮੀਡੀਆ 'ਤੇ ਨਾਮ, ਪਤਾ ਜਾਂ ਸਕੂਲ ਦਾ ਖ਼ੁਲਾਸਾ ਕਰਨ ਦੀ ਕਦੇ ਲੋੜ ਨਹੀਂ ਹੈ। ਇਸ ਤੋਂ ਇਲਾਵਾ, ਸਾਨੂੰ ਉਨ੍ਹਾਂ ਨੂੰ ਇਹ ਕਹਿਣਾ ਚਾਹੀਦਾ ਹੈ ਕਿ ਉਹ ਕਦੇ ਵੀ



ਇੰਟਰਨੈੱਟ 'ਤੇ ਅਣਚਾਹੇ ਸੰਦੇਸ਼ ਜਾਂ ਲਿੰਕ ਨਾ ਖੋਲ੍ਹਣ।

ਇਕ ਹੋਰ ਹੱਲ ਵਜੋਂ, ਸਾਨੂੰ ਆਪਣੇ ਬੱਚਿਆਂ ਨਾਲ ਸਮਾਂ ਬਿਤਾਉਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਸਮੇਂ-ਸਮੇਂ 'ਤੇ ਖੇਡਣ, ਇਕੱਠੇ ਘੁੰਮਣ ਅਤੇ ਪਰਿਵਾਰਕ ਸਮਾਂ ਬਿਤਾਉਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦਾ ਸਮਾਜਿਕ ਜੀਵਨ ਸਕਾਰਾਤਮਕ ਵਿਕਾਸ ਕਰ ਸਕੇ। ਇਸ ਨਾਲ ਉਨ੍ਹਾਂ ਦੀ ਮਾਨਸਿਕ ਸਿਹਤ ਵੀ ਚੰਗੀ ਰਹੇਗੀ ਅਤੇ ਉਹ ਮਨੋਰੰਜਨ ਲਈ ਮੋਬਾਈਲ ਫ਼ੋਨ ਦੀ ਤਲਾਸ਼ ਕਰਨ ਤੋਂ ਦੂਰ ਰਹਿਣਗੇ।

ਸਾਨੂੰ ਸਮੇਂ-ਸਮੇਂ 'ਤੇ ਉਨ੍ਹਾਂ ਦੇ ਮੋਬਾਈਲ ਫ਼ੋਨ ਦੀ ਵਰਤੋਂ 'ਤੇ ਸੀਮਾਵਾਂ ਲਗਾਉਣੀਆਂ ਚਾਹੀਦੀਆਂ ਹਨ। ਉਹਨਾਂ ਨੂੰ ਦੱਸਿਆ ਜਾਣਾ ਚਾਹੀਦਾ ਹੈ ਕਿ ਉਹ ਰੋਜ਼ਾਨਾ ਕਿੰਨੀ ਦੇਰ ਤੱਕ ਫ਼ੋਨ ਦੀ ਵਰਤੋਂ ਕਰ ਸਕਦੇ ਹਨ ਅਤੇ ਨਹੀਂ ਕਰ ਸਕਦੇ। ਉਨ੍ਹਾਂ ਨੂੰ ਇਹ ਵੀ ਦੱਸਿਆ ਜਾਵੇ ਕਿ ਫ਼ੋਨ ਵਰਤੋਂ ਨਾਲ ਉਨ੍ਹਾਂ ਦੀ ਪੜ੍ਹਾਈ ਅਤੇ ਹੋਰ ਕੰਮ ਪ੍ਰਭਾਵਿਤ ਨਹੀਂ ਹੋਣੇ ਚਾਹੀਦੇ।

ਬਹੁਤ ਸਾਰੇ ਮਾਪੇ ਆਪਣੀ ਸੁਰੱਖਿਆ ਲਈ ਆਪਣੇ ਬੱਚਿਆਂ ਨੂੰ ਮੋਬਾਈਲ ਫੜਾ ਦਿੰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਜਦੋਂ ਬੱਚਾ ਮੁਸੀਬਤ ਵਿੱਚ ਹੁੰਦਾ ਹੈ ਤਾਂ ਉਹ ਸੰਪਰਕ ਕਰ ਸਕਦਾ ਹੈ। ਕੰਮ ਕਰਨ ਵਾਲੇ ਮਾਪੇ ਅਕਸਰ ਅਜਿਹਾ ਕਰਦੇ ਹਨ, ਕਿਉਂਕਿ ਉਨ੍ਹਾਂ ਦਾ ਬੱਚਾ ਸਕੂਲ ਤੋਂ ਬਾਅਦ ਕੁਝ ਸਮੇਂ ਲਈ ਘਰ ਵਿੱਚ ਇਕੱਲਾ ਰਹਿੰਦਾ ਹੈ। ਕੁਝ ਮਾਪੇ ਆਪਣੇ ਬੱਚਿਆਂ ਨੂੰ ਉਲਝਾਉਣ ਲਈ ਫ਼ੋਨ ਵੀ ਉਨ੍ਹਾਂ ਨੂੰ ਦੇ ਦਿੰਦੇ ਹਨ, ਜੋ ਕਿ ਬਿਲਕੁਲ ਵੀ ਸਹੀ ਨਹੀਂ ਹੈ।

ਸਿੱਟੇ ਵਜੋਂ, ਅਸੀਂ ਕਹਿ ਸਕਦੇ ਹਾਂ ਕਿ ਮੋਬਾਈਲ ਫ਼ੋਨ ਬੱਚਿਆਂ ਲਈ ਖਤਰਨਾਕ ਹੋ ਸਕਦਾ ਹੈ, ਪਰ ਇਹ ਵੀ ਸੱਚ ਹੈ ਕਿ ਅਸੀਂ ਉਨ੍ਹਾਂ ਨੂੰ ਇਸ ਦੇ ਮਾੜੇ ਪ੍ਰਭਾਵਾਂ ਤੋਂ ਬਚਾ ਸਕਦੇ ਹਾਂ। ਸਾਨੂੰ ਆਪਣੇ ਬੱਚਿਆਂ ਨੂੰ ਸਹੀ ਵਰਤੋਂ ਸਿਖਾਉਣੀ ਚਾਹੀਦੀ ਹੈ ਅਤੇ ਉਨ੍ਹਾਂ ਨਾਲ ਸਮਾਂ ਬਿਤਾ ਕੇ ਪੜ੍ਹਾਉਣਾ ਚਾਹੀਦਾ ਹੈ।

# ਬੱਚਿਆਂ ਨੂੰ ਸਹੀ ਸੇਧ ਦੇਣਾ ਬਹੁਤ ਜ਼ਰੂਰੀ



ਬੱਚੇ ਦੀਆਂ ਕਦਰਾਂ-ਕੀਮਤਾਂ ਅਤੇ ਸ਼ਿਸ਼ਟਾਚਾਰ ਉਸ ਦੇ ਆਪਣੇ ਜੀਵਨ ਦੀ ਹੀ ਨਹੀਂ ਸਗੋਂ ਸਮੁੱਚੇ ਸਮਾਜ ਦੀ ਦਿਸ਼ਾ ਅਤੇ ਦਸ਼ਾ ਤੈਅ ਕਰਦੇ ਹਨ। ਬੱਚਿਆਂ ਵਿੱਚ ਕਦਰਾਂ-ਕੀਮਤਾਂ ਅਤੇ ਸ਼ਿਸ਼ਟਾਚਾਰ ਉਨ੍ਹਾਂ ਦੇ ਮਾਪਿਆਂ ਤੋਂ ਆਉਂਦੇ ਹਨ ਅਤੇ ਉਹ ਉਨ੍ਹਾਂ ਦੇ ਵਿਕਾਸ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ। ਬਚਪਨ ਵਿੱਚ ਦਿੱਤੀ ਗਈ ਸਿੱਖਿਆ ਮਨੁੱਖ ਦੇ ਜੀਵਨ ਭਰ ਵਿੱਚ ਰਹਿੰਦੀ ਹੈ, ਇਸ ਲਈ ਬੱਚਿਆਂ ਨੂੰ ਸਹੀ ਸੇਧ ਦੇਣਾ ਬਹੁਤ ਜ਼ਰੂਰੀ ਹੈ।

### ਕਿਰਪਾ ਕਰਕੇ , ਧੰਨਵਾਦ ਕਹੋ

ਇਹ ਇੱਕ ਆਮ ਪਰ ਮਹੱਤਵਪੂਰਨ ਸ਼ਿਸ਼ਟਾਚਾਰ ਹੈ ਜੋ ਬੱਚਿਆਂ ਨੂੰ ਪਹਿਲਾਂ ਸਿਖਾਇਆ ਜਾਣਾ ਚਾਹੀਦਾ ਹੈ। ਬਚਪਨ ਤੋਂ ਹੀ 'ਕਿਰਪਾ ਕਰਕੇ' ਅਤੇ 'ਧੰਨਵਾਦ' ਕਹਿਣ ਦੀ ਮਹੱਤਤਾ ਨੂੰ ਸਮਝਾਓ। ਬੱਚਿਆਂ ਨੂੰ ਸਮਝਾਓ ਕਿ ਜਦੋਂ ਅਸੀਂ ਕਿਸੇ ਤੋਂ ਕੁਝ ਮੰਗਦੇ ਹਾਂ , ਤਾਂ ਸਾਨੂੰ ਬੇਨਤੀ ਦੇ ਤੌਰ 'ਤੇ ਕਿਰਪਾ ਕਰਕੇ ਕਹਿਣਾ ਚਾਹੀਦਾ ਹੈ ਅਤੇ ਜਦੋਂ ਅਸੀਂ ਕਿਸੇ ਤੋਂ ਮਦਦ ਲੈਂਦੇ ਹਾਂ ਜਾਂ ਕੁਝ ਲੈਂਦੇ ਹਾਂ, ਤਾਂ ਸਾਨੂੰ ਧੰਨਵਾਦ ਕਹਿਣਾ ਚਾਹੀਦਾ ਹੈ। ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਗਲਤੀ ਕਰਨ ਤੋਂ ਬਾਅਦ ਮਾਫ਼ੀ ਕਿਵੇਂ ਮੰਗਣੀ ਹੈ।

### ਕੁਝ ਲੈਣ ਤੋਂ ਪਹਿਲਾਂ ਪੁੱਛੋ

ਜੇਕਰ ਬੱਚੇ ਨੂੰ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਪਹਿਲਾਂ ਪੁੱਛਣ ਦੀ ਆਦਤ ਪਾਓ। ਉਸਨੂੰ ਕਹੋ ਕਿ ਉਹ ਕਿਸੇ ਹੋਰ ਤੋਂ ਕੁਝ ਲੈਣ ਤੋਂ ਪਹਿਲਾਂ ਹਮੇਸ਼ਾ ਪੁੱਛ ਲਵੇ ਕਿਉਂਕਿ ਇਹ ਕਿਸੇ ਹੋਰ ਦੀ ਹੈ। ਉਹ ਬਿਨਾਂ ਪੁੱਛੇ ਅਤੇ ਆਗਿਆ ਤੋਂ ਬਿਨਾਂ ਕਿਸੇ ਹੋਰ ਦਾ ਸਮਾਨ ਨਹੀਂ ਚੁੱਕ ਸਕਦਾ। ਭਾਵੇਂ ਵਸਤੂ ਕਿਸੇ ਦੋਸਤ, ਰਿਸ਼ਤੇਦਾਰ ਜਾਂ ਮਾਤਾ-ਪਿਤਾ ਦੀ ਹੋਵੇ, ਇਸ ਨੂੰ ਲੈਣ ਤੋਂ ਪਹਿਲਾਂ ਪੁੱਛਣਾ ਜ਼ਰੂਰੀ ਹੈ। ਬੱਚੇ ਨੂੰ ਇਹ ਵੀ ਸਿਖਾਓ ਕਿ ਜੋ ਵੀ ਵਸਤੂ ਉਸ ਨੇ ਲਈ ਹੈ, ਉਸ ਨੂੰ 'ਧੰਨਵਾਦ' ਕਹਿ ਕੇ ਵਾਪਸ ਕਰ ਦੇਣਾ ਚਾਹੀਦਾ ਹੈ ਅਤੇ ਇਸ ਨੂੰ ਇਧਰ-ਉਧਰ ਰੱਖਣ ਦੀ ਬਜਾਏ ਉਸ ਦੀ ਅਸਲੀ ਥਾਂ 'ਤੇ ਰੱਖਣਾ ਚਾਹੀਦਾ ਹੈ।

### ਪਹਿਲਾਂ ਦਰਵਾਜ਼ਾ ਖੜਕਾਓ

ਬੱਚਿਆਂ ਨੂੰ ਨਿੱਜਤਾ ਦਾ ਮਤਲਬ ਸਿੱਖਣਾ ਚਾਹੀਦਾ ਹੈ, ਖਾਸ ਕਰਕੇ ਘਰ ਵਿੱਚ। ਕਿਸੇ ਦੇ ਕਮਰੇ ਵਿੱਚ ਜਾਣ ਤੋਂ ਪਹਿਲਾਂ, ਨਿਯਮਿਤ ਤੌਰ 'ਤੇ ਦਰਵਾਜ਼ਾ ਖੜਕਾਉਣਾ ਅਤੇ ਅੰਦਰ ਆਉਣ ਲਈ ਕਹਿਣਾ ਜ਼ਰੂਰੀ ਹੈ, ਇਹ ਘਰ ਵਿੱਚ ਸਿਖਾਇਆ ਜਾ ਸਕਦਾ ਹੈ। ਜੇਕਰ ਬੱਚੇ ਦਾ ਕਮਰਾ ਵੱਖਰਾ ਹੋਵੇ ਤਾਂ ਦਸਤਕ ਦੇ ਕੇ ਉਸ ਦੇ ਕਮਰੇ ਵਿੱਚ ਚਲੇ ਜਾਓ। ਉਸ ਨੂੰ ਕਹੋ ਕਿ 'ਇਸੇ ਤਰ੍ਹਾਂ, ਕਿਸੇ ਹੋਰ ਦੇ ਕਮਰੇ ਜਾਂ ਕਿਸੇ ਦੇ ਘਰ ਵਿੱਚ ਦਾਖਲ ਹੋਣ ਤੋਂ ਪਹਿਲਾਂ, ਤੁਹਾਨੂੰ ਪਹਿਲਾਂ ਦਸਤਕ ਦੇਣੀ ਪਵੇਗੀ।' ਜਦੋਂ ਬੱਚਾ ਘਰ ਤੋਂ ਬਾਹਰ ਦੀ ਦੁਨੀਆਂ ਵਿੱਚ ਕਦਮ ਰੱਖਦਾ ਹੈ ਤਾਂ ਇਹ ਸ਼ਿਸ਼ਟਾਚਾਰ ਮਹੱਤਵਪੂਰਣ ਭੂਮਿਕਾ ਨਿਭਾਏਗਾ।

### ਗੱਲ ਕਰਨ ਦਾ ਸ਼ਿਸ਼ਟਾਚਾਰ

ਚੀਕਣਾ, ਗੁੱਸਾ ਕਰਨਾ ਅਤੇ ਰੌਲਾ ਪਾਉਣਾ ਕਿਸੇ ਨਾਲ ਗੱਲ ਕਰਨ ਦਾ ਸਹੀ ਤਰੀਕਾ ਨਹੀਂ ਹੈ। ਬੱਚਾ ਭਾਵੇਂ ਕਿੰਨਾ ਵੀ ਗੁੱਸੇ ਵਿੱਚ ਕਿਉਂ ਨਾ ਹੋਵੇ, ਉਸ ਨੂੰ ਪਿਆਰ ਨਾਲ ਗੱਲ ਕਰਨਾ ਅਤੇ ਸ਼ਾਂਤੀ ਨਾਲ ਆਪਣੇ ਵਿਚਾਰ ਪ੍ਰਗਟ ਕਰਨਾ ਸਿਖਾਓ। ਆਪਣੇ ਬੱਚੇ ਦੇ ਸਾਹਮਣੇ ਇਸੇ ਤਰ੍ਹਾਂ ਦਾ ਵਿਵਹਾਰ ਕਰਕੇ, ਤੁਸੀਂ ਉਸ ਨੂੰ ਚੰਗੀ ਤਰ੍ਹਾਂ ਬੋਲਣਾ ਸਿਖਾ ਸਕਦੇ ਹੋ। ਇਸ ਤੋਂ ਇਲਾਵਾ ਬੱਚੇ ਨੂੰ ਇਹ ਵੀ ਸਿਖਾਓ ਕਿ ਜਦੋਂ ਕੋਈ ਹੋਰ ਗੱਲ ਕਰ ਰਿਹਾ ਹੋਵੇ ਤਾਂ ਉਸ ਨੂੰ ਉਦੋਂ ਤੱਕ ਇੰਤਜ਼ਾਰ ਕਰਨਾ ਚਾਹੀਦਾ ਹੈ ਜਦੋਂ ਤੱਕ ਦੂਜੇ ਵਿਅਕਤੀ ਦੀ ਗੱਲ ਖਤਮ ਨਹੀਂ ਹੋ ਜਾਂਦੀ, ਫ਼ਿਰ ਆਪਣੀ ਗੱਲ ਪੇਸ਼ ਕਰੋ। ਜੇ ਕੋਈ ਕੁਝ ਪੁੱਛ ਰਿਹਾ ਹੈ, ਤਾਂ ਸ਼ਾਂਤ ਹੋ ਕੇ ਜਵਾਬ ਦਿਓ।



### ਲੋਕਾਂ ਦਾ ਮਜ਼ਾਕ ਨਾ ਉਡਾਓ

ਕਿਸੇ ਦਾ ਮਜ਼ਾਕ ਉਡਾਉਣ ਦੀ ਆਦਤ ਕਈ ਬੱਚਿਆਂ ਵਿੱਚ ਜ਼ਰੂਰ ਦੇਖੀ ਹੋਵੇਗੀ। ਬਚਪਨ ਦੀਆਂ ਆਦਤਾਂ ਉਸ ਸਮੇਂ ਪਿਆਰੀਆਂ ਲੱਗਦੀਆਂ ਹਨ, ਪਰ ਜਦੋਂ ਅਸੀਂ ਵੱਡੇ ਹੋ ਜਾਂਦੇ ਹਾਂ ਤਾਂ ਉਹ ਬੇਇੱਜ਼ਤੀ ਵਿੱਚ ਬਦਲ ਜਾਂਦੇ ਹਨ। ਇਹ ਬੱਚੇ ਨੂੰ ਪਹਿਲਾਂ ਹੀ ਸਿਖਾਉਣਾ ਬਿਹਤਰ ਹੋਵੇਗਾ। ਹਾਲਾਂਕਿ ਬੱਚੇ ਇਹ ਆਦਤ ਬਜ਼ੁਰਗਾਂ ਤੋਂ ਹੀ ਸਿੱਖਦੇ ਹਨ। ਅਜਿਹੀ ਸਥਿਤੀ ਵਿੱਚ ਬਜ਼ੁਰਗਾਂ ਨੂੰ ਕਿਸੇ ਬਾਰੇ ਕੁਝ ਵੀ ਕਹਿਣ ਜਾਂ ਉਨ੍ਹਾਂ ਦੇ ਸਾਹਮਣੇ ਮਜ਼ਾਕ ਕਰਨ ਤੋਂ ਬਚਣਾ ਚਾਹੀਦਾ ਹੈ।

### ਸਫ਼ਾਈ ਸਬਕ

ਆਪਣੇ ਬੱਚੇ ਨੂੰ ਸਾਫ਼-ਸੁਥਰਾ ਰਹਿਣਾ ਵੀ ਸਿਖਾਓ। ਬੱਚੇ ਨੂੰ ਸਿਖਾਓ ਕਿ ਜਦੋਂ ਵੀ ਉਹ ਖੰਘਦਾ ਜਾਂ ਛਿੱਕਦਾ ਹੈ ਤਾਂ ਉਸ ਨੂੰ ਰੁਮਾਲ ਨਾਲ ਆਪਣਾ ਮੂੰਹ ਢੱਕਣਾ ਚਾਹੀਦਾ ਹੈ। ਬੱਚੇ ਦੀ ਜੇਬ ਵਿੱਚ ਰੁਮਾਲ ਪਾਓ।

ਕਹਾਣੀ

ਨੀਲਮ ਸੈਣੀ

# ਲੋਕ ਗੀਤਾਂ ਦੀ ਰਾਣੀ ਮਾਂ



ਪਿਛਲੇ ਹਫ਼ਤੇ ਤੋਂ ਸਿਹਤ ਕੁਝ ਠੀਕ ਨਾ ਹੋਣ ਕਰ ਕੇ, ਘਰ ਬੈਠੀ ਬੋਰ ਹੁੰਦੀ ਹਾਂ। ਐਲਰਜੀ ਹਰ ਸਾਲ ਹੀ ਆ ਘੇਰਦੀ ਐ।

ਨਵੀ! ਬੇਟੇ ਮੇਰੇ ਲਈ ਪਾਣੀ ਦਾ ਗਿਲਾਸ ਲੈ ਕੇ ਆ, ਮੈਂ ਜ਼ਰਾ ਦਵਾਈ ਖਾ ਲਵਾਂ। ਮੈਂ ਨਵੀ ਨੂੰ ਆਵਾਜ਼ ਦਿੰਦਿਆਂ ਕਿਹੈ।

ਨਵੀ ਪਾਣੀ ਲੈਣ ਲਈ ਕਿਚਨ ਵੱਲ ਤੁਰਿਆ ਹੀ ਆ ਕਿ ਫੋਨ ਦੀ ਘੰਟੀ ਵੱਜ ਗਈ ਆ।

ਮੈਨੂੰ ਪਤਾ, ਹੁਣ ਤੁਸੀਂ ਕਹਿਣਾ ਕਿ ਨਵੀ ਪਾਣੀ ਰਹਿਣ ਦੇ ਪਹਿਲਾਂ ਫੋਨ ਫੜਾ ਜਾ, ਮੈਥੋਂ ਉਠਿਆ ਨਹੀਂ ਜਾਂਦਾ।

ਇਹ ਕਹਿੰਦਿਆਂ ਉਹ ਫੋਨ ਮੇਰੇ ਹੱਥ ਪਕੜਾ ਪਾਣੀ ਦਾ ਗਿਲਾਸ ਲੈਣ ਚਲਾ ਗਿਐ।

ਹੈਲੋ! ਮੇਰੀ ਆਵਾਜ਼ ਮਸਾਂ ਨਿਕਲੀ ਐ।

ਹੈਲੋ, ਨਿਧੀ! ਸੁਣਾ ਹੁਣ ਕੀ ਹਾਲ ਆ ਤੇਰਾ? ਦਵਾਈ ਚੰਗੀ ਤਰ੍ਹਾਂ ਖਾਂਦੀ ਐਂ ਕਿ ਨਹੀਂ?

ਪਹਿਲਾਂ ਨਾਲੋਂ ਕੁਝ ਚੰਗਾ ਆ ਮੰਮੀ। ਦਵਾਈ ਤਾਂ ਲਗਾਤਾਰ ਖਾ ਰਹੀ ਆਂ, ਐਲਰਜੀ ਆਪਣਾ ਜ਼ੋਰ ਪਾ ਕੇ ਈ ਹਟਦੀ ਆ। ਤੁਸੀਂ ਸੁਣਾਓ ਹੋਰ ਸਾਰੇ ਪਿੰਡ ਦੀ ਸੁੱਖ-ਸਾਂਦ!

ਸੁੱਖ-ਸਾਂਦ ਕਾਹਦੀ! ਪਰਸੋਂ ਦੀ ਬੇ-ਮੌਸਮੀ ਬਰਸਾਤ ਸ਼ੁਰੂ ਆ, ਬਿਜਲੀ ਗਰਜਦੀ ਆ, ਫ਼ਸਲਾਂ ਦਾ ਨੁਕਸਾਨ ਹੋ ਰਿਹੈ। ਸਭ ਅੰਦਰੀਂ ਬੜੇ ਬੈਠੈ ਆ। ਨਾਲੇ ਗੀਤੂ ਦੀ ਦਾਦੀ ਵੀ ਬਿਮਾਰ ਆ।

ਹੈਂ! ਕੀ ਹੋਇਆ ਮਾਂ ਜੀ ਨੂੰ? ਮੈਂ ਚਿੰਤਤ ਹੋ ਗਈ ਆਂ।

ਹੋਣਾ ਕੀ ਆ? ਇੱਕ ਦਮ ਹੀ ਤੁਰਨੋਂ-ਫਿਰਨੋਂ ਹਟ ਗਈ। ਮੰਜੇ 'ਤੇ ਪਈ ਅਲ-ਟਪਲੀਆਂ ਮਾਰਦੀ ਆ, ਲੱਗਦਾ ਘੜੀ ਪਲ ਦੀ ਪ੍ਰਾਹੁਣੀ ਆ ਹੁਣ ਤਾਂ...।

ਕਿਸੇ ਡਾਕਟਰ ਨੂੰ ਨਹੀਂ ਦਿਖਾਇਆ ਮੰਮੀ, ਮੈਂ ਚਿੰਤਾ ਨਾਲ ਪੁੱਛਦੀ ਆਂ।

ਨਹੀਂ! ਉਂਜ ਤਾਂ ਸਾਰਾ ਟੱਬਰ ਹੀ ਆਣ ਢੁੱਕਿਐ, ਪਰ ਘਰ ਦੇ ਓਹੜ-ਪੋਹੜ ਹੀ ਚੱਲ ਰਹੇ ਆ, ਉਹ ਤਾਂ ਚਾਹੁੰਦੇ ਆ ਪਈ ਕਿਹੜੀ ਘੜੀ ਮਰੇ ਤਾਂ ਅਸੀਂ ਜ਼ਮੀਨ ਵਾਲੇ ਬਣੀਏ।

ਮੰਮੀ ਜੀ! ਜ਼ਮੀਨ ਤਾਂ ਸਭ ਨੇ ਈ ਇਥੇ ਛੱਡ ਜਾਣੀ ਆ, ਜੇ ਅੱਜ ਮਾਂ ਜੀ ਦੇ ਨਾਲ ਨਹੀਂ ਜਾਵੇਗੀ ਤਾਂ ਉਨ੍ਹਾਂ ਦੀ ਵਾਰੀ ਵੀ ਤਾਂ ਇਥੇ ਹੀ ਰਹਿ ਜਾਵੇਗੀ ਨਾ।

ਪਰ ਉਨ੍ਹਾਂ ਨੂੰ ਕੌਣ ਸਮਝਾਵੇ ਧੀਏ! ਮੰਮੀ ਦੇ ਸੁਰ ਵਿੱਚ ਵੀ ਉਦਾਸੀ ਆ।

ਅੱਛਾ ਮੰਮੀ, ਤੁਸੀਂ ਮਾਂ ਜੀ ਨੂੰ ਦੇਖਣ ਜਾਂਦੇ ਈ ਰਹਿਣਾ, ਮੈਨੂੰ ਤਾਂ ਬਹੁਤ ਚੰਗੀ ਲੱਗਦੀ ਆ ਮਾਂ ਜੀ...ਯਾਦ ਆ, ਪਿਛਲੀ ਵਾਰੀ ਮੈਂ ਇੰਡੀਆ ਆਈ ਤਾਂ ਮੇਰੇ ਤੁਰਨ ਵੇਲੇ ਰੋ ਪਈ ਸੀ। ਹਾਂ ਸੱਚ ਕਹਿੰਦੀ ਸੀ ਕਿ ਨਿਧੀ, ਚੰਗੀ ਤਰ੍ਹਾਂ ਮਿਲ ਲੈ, ਅਗਲੀ ਵਾਰੀ ਆਈ ਤਾਂ ਪਤਾ ਨਹੀਂ ਮੈਂ ਹੋਵਾਂ ਜਾਂ ਨਾ...ਤੇ ਮੈਂ ਮਾਂ ਜੀ ਨੂੰ ਕਿਹਾ ਸੀ ਕਿ ਤੁਸੀਂ ਏਨੀ ਜਲਦੀ ਕਿਤੇ ਨਹੀਂ ਜਾ ਸਕਦੇ, ਮੈਂ ਜ਼ਰੂਰ ਮਿਲਾਂਗੀ।

ਹਾਂ! ਮੈਨੂੰ ਤਾਂ ਇਹ ਵੀ ਯਾਦ ਆ ਨਿਧੀ, ਪਈ ਤੇਰੇ ਡੈਡੀ ਨੇ ਹੱਸਦੇ ਹੋਏ ਇਹ ਵੀ ਕਿਹਾ ਸੀ ਕਿ ਅਸੀਂ ਮਾਂ ਜੀ ਨੂੰ ਸੁਕਾ ਕੇ ਡੱਬੇ ਵਿੱਚ ਪਾ ਕੇ ਰੱਖ ਲਵਾਂਗੇ, ਕਿਤੇ ਨਹੀਂ ਜਾਣ ਦਿੰਦੇ।

ਇੰਦੂ ਕਿਸ ਦਾ ਫੋਨ ਐ? ਡੈਡੀ ਨੇ ਅੰਦਰ ਵੜਦੇ ਈ ਪੁੱਛਿਐ।

ਨਿਧੀ ਦਾ ਹੋਰ ਕਿਹਦਾ, ਮੰਮੀ ਨੇ ਸਰਸਰੀ ਜਵਾਬ ਦਿੱਤੈ।

ਦੱਸ ਦੇ ਗੀਤੂ ਦੀ ਦਾਦੀ ਪੂਰੀ ਹੋ ਗਈ।

ਮੰਮੀ! ਮਾਂ ਕੀ? ਮਾਂ ਜੀ ਚਲੀ ਗਈ!

ਮਾਂ ਜੀ! ਫੋਨ ਮੇਰੇ ਹੱਥੋਂ ਛੁੱਟ ਗਿਐ।

ਮਾਂ ਜੀ ਦੀ ਤਸਵੀਰ ਮੇਰੀਆਂ ਅੱਖਾਂ ਮੂਹਰੇ ਘੁੰਮਦੀ ਐ। ਮੇਰਾ ਮਾਂ ਜੀ ਨਾਲ ਬਹੁਤ ਪਿਆਰ ਸੀ। ਆਪਣੀ ਦਾਦੀ ਤਾਂ ਦੇਖੀ ਵੀ ਨਹੀਂ ਸੀ, ਪਰ ਮਾਂ ਜੀ ਕੋਲੋਂ ਜੋ ਪਿਆਰ ਦਾ ਖ਼ਜ਼ਾਨਾ ਮੈਨੂੰ ਮਿਲਿਆ ਸੀ, ਉਹ ਬੇਅੰਤ ਸੀ। ਸੌ ਵਰ੍ਹਿਆਂ ਤੋਂ ਉਪਰ ਅਤੇ ਦਸ ਤੋਂ ਵੱਧ ਪੋਤ-ਦੋਹਤ ਦੀ ਨਾਨੀ ਅਤੇ ਦਾਦੀ ਨੂੰ ਮੈਂ ਦੋ ਕੁ ਦਹਾਕੇ ਪਹਿਲਾਂ ਪਿੰਡ ਵਿਚੋਂ ਲੱਗਦੇ ਇਕ ਚਾਚੇ ਦੇ ਪੁੱਤ ਦੇ ਵਿਆਹ ਵਿੱਚ ਪਰਾਤ ਵਜਾ-ਵਜਾ ਕੇ ਗਾਉਂਦੇ ਤੱਕਿਆ ਸੀ,

ਤੇਰੀ ਭੈਣਾਂ ਨੇ ਸਾਡੇ ਨਾਲ ਕੀਤੀਆਂ ਵੇ ਲਾਲ।
ਅਸੀਂ ਸ਼ਰਬਤ ਘੋਲ-ਘੋਲ ਪੀਤੀਆਂ ਵੇ ਲਾਲ।
ਕਦੀ ਬੋਲਾਂਗੇ ਦਿਲਾਂ ਦੀਆਂ ਖੋਲ੍ਹਾਂਗੇ ਵੇ ਲਾਲ।
ਕਦੀ ਵਸਾਂਗੇ ਦਿਲਾਂ ਦੀਆਂ ਦੱਸਾਂਗੇ ਵੇ ਲਾਲ।

ਪਰਾਤ 'ਤੇ ਹੱਥ ਮਾਰ-ਮਾਰ ਕੇ ਗਾਉਂਦੀ ਮਾਂ ਜੀ ਆਪਣੇ ਸੇਬ ਦੀ ਤਰ੍ਹਾਂ ਭਖਦੇ ਚਿਹਰੇ ਤੋਂ ਮਲਮਲ ਦੀ ਚੁੰਨੀ ਨਾਲ ਕਦੀ ਕਦੀ ਪਸੀਨਾ ਪੂੰਝ ਲੈਂਦੀ ਸੀ।

ਗੀਤਾਂ ਤੋਂ ਬਾਅਦ ਗਿੱਧੇ ਦੀ ਵਾਰੀ ਆਈ ਤਾਂ ਮਾਂ ਜੀ ਨੇ ਬੋਲੀ ਚੁੱਕੀ,

ਜਦੋਂ ਜਵਾਨੀ ਦਾ ਜ਼ੋਰ ਸੀ ਵੇ ਜ਼ਾਲਮਾ।
ਵੰਝਲੀ ਵਰਗਾ ਬੋਲ ਸੀ ਵੇ ਜ਼ਾਲਮਾ।
ਮੋਰਾਂ ਵਰਗੀ ਤੋਰ ਸੀ ਵੇ ਜ਼ਾਲਮਾ।

ਇੱਕ ਤੋਂ ਬਾਅਦ ਦੂਜੀ ਬੋਲੀ ਪਾਉਂਦੀ ਮਾਂ ਜੀ ਨੇ ਗਿੱਧੇ ਦਾ ਪਿੜ ਮੱਲ ਲਿਆ ਤਾਂ ਮੈਂ ਇੱਕ ਪਾਸੇ ਕੁੜੀਆਂ 'ਚ ਖੜ੍ਹੀ ਮਾਂ ਜੀ ਦਾ ਰੂਪ ਨਿਹਾਰਦੀ ਹੀ ਰਹਿ ਗਈ। ਦਿਲ ਕਰਦਾ ਸੀ ਮਾਂ ਜੀ ਨੂੰ ਕਹਾਂ ਕਿ ਤੁਸੀਂ ਤਾਂ ਜਵਾਨਾਂ ਨੂੰ ਮਾਤ ਪਾ ਰਹੇ ਹੋ, ਪਰ ਪਤਾ ਨਹੀਂ ਕਿਉਂ ਕਹਿ ਨਾ ਸਕੀ? ਉਸ ਰਾਤ ਵਿਆਹ ਵਾਲੇ ਘਰ ਇੱਕ ਤੋਂ ਬਾਅਦ ਇੱਕ ਲੋਕ ਗੀਤ ਗਾ ਕੇ ਅਤੇ ਗਿੱਧੇ ਵਿੱਚ ਗਿੱਧਿਆਂ ਦੀ ਰਾਣੀ ਬਣੀ ਮਾਂ ਜੀ ਨੇ ਮੇਰੇ ਮਨ ਵਿੱਚ ਵਿਸ਼ੇਸ਼ ਥਾਂ ਬਣਾ ਲਈ ਸੀ। ਇਸ ਤੋਂ ਪਹਿਲਾਂ ਤਾਂ ਮੈਨੂੰ ਇਹ ਹੀ ਪਤਾ ਸੀ ਕਿ ਸਾਡੇ ਘਰ ਤੋਂ ਤਿੰਨ-ਚਾਰ ਘਰ ਹਟ ਕੇ ਕੋਈ ਬੁੱਢੀ ਰਹਿੰਦੀ ਐ, ਜਿਸ ਨੂੰ ਜ਼ਿਆਦਾਤਰ ਲੋਕ ਗੀਤੂ ਦੀ ਦਾਦੀ ਜਾਂ ਚੌਧਰਾਣੀ ਆਖ ਬੁਲਾਉਂਦੇ ਸੀ।

ਅਗਲੇ ਦਿਨ ਹੱਥ ਵਿੱਚ ਕਾਪੀ-ਪੈਨ ਲੈ ਮੈਂ ਮਾਂ ਜੀ ਦੇ ਘਰ ਪਹੁੰਚ ਗਈ। ਮਾਂ ਜੀ ਮੈਨੂੰ ਦੇਖ ਹੈਰਾਨ ਹੁੰਦੇ ਬੋਲੀ, ਪੜ੍ਹੀ ਲਿਖੀ ਕੁੜੀ ਇਸ ਅਨਪੜ੍ਹ ਕੋਲ ਕਿਵੇਂ ਆਈ ਐ?

ਸਤਿ ਸ੍ਰੀ ਅਕਾਲ ਮਾਂ ਜੀ! ਕਹਿ ਕੇ ਮੈਂ ਮਾਂ ਜੀ ਦੇ ਕੋਲ ਬੈਠ ਗਈ।

ਮਾਂ ਜੀ ਤੁਸੀਂ ਤਾਂ ਰਾਤੀਂ ਕਮਾਲ ਹੀ ਕਰ ਦਿੱਤੀ। ਤੁਹਾਡੇ ਗਾਏ ਕਈ ਲੋਕ ਗੀਤ ਤਾਂ ਮੈਨੂੰ ਯਾਦ ਵੀ ਹੋ ਗਏ। ਮੈਂ ਥੋੜ੍ਹਾ ਰੁਕ ਕੇ ਕਿਹਾ।

ਲੈ ਸੁਣ ਲਓ ਕੁੜੀ ਦੀਆਂ ਗੱਲਾਂ! ਕਾਹਦੀ ਕਮਾਲ ਧੀਏ? ਬੱਸ ਟੈਮ ਪਾਸ ਕਰੀਦਾ ਹੁਣ ਤਾਂ।

ਤੁਸੀਂ ਮੰਨੋ ਜਾਂ ਨਾ ਮੰਨੋ ਮਾਂ ਜੀ, ਮੈਂ ਤਾਂ ਤੁਹਾਡੇ ਕੋਲੋਂ ਲੋਕ ਗੀਤ ਲਿਖਣ ਲਈ ਆਈ ਆਂ। ਲਿਖਵਾਓਗੇ ਨਾ?

ਮੇਰੇ ਅਨਪੜ੍ਹ ਦੇ ਗੀਤਾਂ ਨੂੰ ਇਹ ਪੜ੍ਹੀ-ਲਿਖੀ ਕੁੜੀ ਕੀ ਕਰੇਗੀ?

ਮਾਂ ਜੀ ਸਾਡੇ ਲੋਕ ਗੀਤ ਸਾਡਾ ਵਿਰਸਾ ਹਨ। ਸਾਡਾ ਸਭਿਆਚਾਰ ਹਨ। ਮੈਂ ਇਹ ਅਨਮੋਲ ਖ਼ਜ਼ਾਨਾ ਹਮੇਸ਼ਾ ਸਾਂਭ ਕੇ ਰੱਖਾਂਗੀ।

ਨਾਂਹ-ਨੁੱਕਰ ਕਰਨ ਬਾਅਦ ਮਾਂ ਜੀ ਗੀਤ ਲਿਖਵਾਉਣ ਲਈ ਰਾਜ਼ੀ ਹੋ ਗਈ। ਉਸ ਦਿਨ ਤੋਂ ਬਾਅਦ ਮੈਨੂੰ ਜਦੋਂ ਵੀ ਵਿਹਲ ਮਿਲਦੀ, ਮੈਂ ਕਾਪੀ-ਪੈਨ ਲੈ ਮਾਂ ਜੀ ਕੋਲ ਬੈਠ ਜਾਂਦੀ। ਸਿੱਠਣੀਆਂ, ਸੁਹਾਗ, ਘੋੜੀਆਂ, ਟੱਪੇ ਜੋ ਕੁਝ ਵੀ ਯਾਦ ਆਉਂਦਾ, ਮਾਂ ਜੀ ਲਿਖਵਾ ਦਿੰਦੀ।

ਬਾਹਰ ਹਵਾ ਨਾਲ ਦਰਵਾਜ਼ਾ ਖੜਕਦੈ। ਮੈਨੂੰ ਯਾਦ ਆਉਂਦੈ, ਮਾਂ ਜੀ ਦੇ ਘਰ ਦਾ ਦਰਵਾਜ਼ਾ ਹਮੇਸ਼ਾਂ ਗਲੀ ਵਿੱਚ ਖੁੱਲ੍ਹਾ ਹੁੰਦਾ ਅਤੇ ਹਰ ਆਉਂਦਾ-ਜਾਂਦਾ ਇਹ ਹੀ ਸੋਚਦਾ ਕਿ ਨਿਧੀ ਦਾ ਚੌਧਰਾਣੀ ਨਾਲ ਕੀ ਮੇਲ!

ਪਿੰਡ ਦੀਆਂ ਹੋਰ ਕੁੜੀਆਂ ਤਾਂ ਮਾਂ ਜੀ ਕੋਲੋਂ ਡਰਦੀਆਂ ਵੀ ਸਨ ਤੇ ਉਸ ਨੂੰ ਪਸੰਦ ਵੀ ਨਹੀਂ ਕਰਦੀਆਂ ਸਨ। ਮਾਂ ਜੀ ਨੂੰ ਵੀ ਪਿੰਡ ਦੀ ਹਰ ਨੂੰਹ-ਧੀ ਦੀ ਖ਼ਬਰ ਹੁੰਦੀ ਸੀ। ਇੱਕ ਦਿਨ ਤਾਂ ਕਮਾਲ ਹੀ ਹੋ ਗਈ ਜਦੋਂ ਪਿੰਡ ਦੇ ਲੰਬੜਦਾਰ ਦੀਆਂ ਕੁੜੀਆਂ ਗਲੀ 'ਚੋਂ ਲੰਘੀਆਂ ਤਾਂ ਮਾਂ ਜੀ ਪੂਰੇ ਰੋਹ ਨਾਲ ਬੋਲੀ, ਹੇ ਖਾਂ! ਵੱਡੀਆਂ ਪਾੜ੍ਹੀਆਂ! ਪੜ੍ਹਨ ਜਾਂਦੀਆਂ ਸਿਰ-ਮੁੰਨ ਕੇ, ਮੂੰਹ ਧੋ ਕੇ, ਆਪਣਾ ਆਪ ਦੇਖ-ਦੇਖ ਤੁਰਦੀਆਂ ਚਾਹੇ ਮੇਰੇ ਵਰਗੇ ਮਹਾਤੜ ਦੀਆਂ ਲੱਤਾਂ ਹੀ ਸ਼ੈਕਲ ਮਾਰ ਕੇ ਭੰਨ ਸੁੱਟਣ। ਨਾਲੇ ਵਾਲ ਮੁਨਾ ਕੇ ਆਪਣੇ ਆਪ ਨੂੰ ਇੰਦਰਾ ਗਾਂਧੀ ਨਾਲੋਂ ਘੱਟ ਨਹੀਂ ਸਮਝਦੀਆਂ। ਨਾ ਤੂੰ ਦੱਸ ਧੀਏ! ਇਹ ਨਹਿਰੂ ਦੀ ਧੀ ਦੀਆਂ ਰੀਸਾਂ ਕਰਦੀਆਂ ਜਚਦੀਆਂ!

ਮੈਂ ਹੱਸ-ਹੱਸ ਕੇ ਦੂਹਰੀ ਹੋ ਗਈ- ਬੱਸ ਵੀ ਕਰੋ ਮਾਂ ਜੀ! ਕਿਤੇ ਮੇਰੀ ਪਿੱਠ ਪਿੱਛੇ ਮੈਨੂੰ ਵੀ ਤੁਸੀਂ ਏਦਾਂ ਹੀ ਤਾਂ ਨਹੀਂ ਕਹਿੰਦੇ?

ਮਾਂ ਜੀ ਮੇਰੇ ਸਿਰ 'ਤੇ ਹੱਥ ਫੇਰਦੇ ਬੋਲੀ, ਨਾ ਧੀਏ! ਤੇਰੇ ਵਿੱਚ ਤਾਂ ਇਨ੍ਹਾਂ ਵਾਲੀ ਇੱਕ ਵੀ ਗੱਲ ਨਹੀਂ। ਲੰਘਦੇ-ਵੜਦੇ ਹਰ ਚਾਚੇ-ਤਾਏ ਨੂੰ ਤੂੰ ਬੁਲਾਏ ਬਿਨਾਂ ਨਹੀਂ ਲੰਘਦੀ ਤੇ ਇਹ ਸਿਰਮੁੰਨੀਆਂ ਦੇਖਦੇ ਈ ਮੂੰਹ ਘੁਮਾ ਲੈਂਦੀਆਂ।

ਅਚਾਨਕ ਫੋਨ ਦੀ ਘੰਟੀ ਨੇ ਮੈਨੂੰ ਮਾਂ ਜੀ ਦੀਆਂ ਯਾਦਾਂ 'ਚੋਂ ਬਾਹਰ ਕੱਢ ਦਿੱਤੈ। ਫੋਨ ਵੀ ਐਵੇਂ ਹੀ ਨਿਕਲਿਐ। ਮਾਰਗੇਜ ਕੰਪਨੀ ਦਾ। ਮੈਂ 'ਆਈ ਐਮ ਬਿਜ਼ੀ' ਆਖ ਫੋਨ ਰੱਖ ਦਿੱਤੈ। ਪਿਛਲੇ ਮਹੀਨੇ ਤੋਂ ਖ਼ਬਰੇ ਸੌ ਮਾਰਗੇਜ ਕੰਪਨੀਆਂ ਦੇ ਫੋਨ ਆ ਚੁੱਕੇ ਆ, ਘਰ ਮੇਰਾ ਤੇ ਰੀਫਾਈਨੈਂਸ ਦਾ ਫਿਕਰ ਇਨ੍ਹਾਂ ਨੂੰ ਲੱਗਾ ਹੋਇਐ।

ਮੇਰੀਆਂ ਅੱਖਾਂ 'ਚੋਂ ਪਾਣੀ ਫਿਰ ਤਿੱਪ-ਤਿੱਪ ਚੋਣ ਲੱਗ ਪਿਐ। ਗਲਾ ਸੁੱਕਦਾ ਮਹਿਸੂਸ ਹੁੰਦੈ। ਕੋਲ ਪਏ ਗਿਲਾਸ 'ਚੋਂ ਇਕ ਘੁੱਟ ਭਰ ਮੈਂ ਕੰਬਲ ਲੈ ਮੁੜ ਬੈੱਡ 'ਤੇ ਢੇਰੀ ਹੋ ਗਈ ਆਂ। ਮਾਂ ਜੀ ਦੀਆਂ ਯਾਦਾਂ ਨੇ ਮੁੜ ਘੇਰਾ ਪਾ ਲਿਐ। ਮੈਨੂੰ ਯਾਦ ਆਉਂਦੈ ਕਿ ਇੱਕ ਵਾਰੀ ਹੋਸਟਲ ਤੋਂ ਘਰ ਆਈ ਤਾਂ ਮੰਮੀ ਨੇ ਰੋਟੀ-ਪਾਣੀ ਤੋਂ ਬਾਅਦ ਕਿਹਾ ਸੀ, ਨਿਧੀ! ਆਪਣੀ ਮਾਂ ਜੀ ਨਾਲ ਅਫ਼ਸੋਸ ਕਰ ਆ।

ਮਾਂ ਜੀ ਦੇ ਵਿਚਕਾਰਲੇ ਪੁੱਤ ਨੂੰ ਮਰੇ ਹੋਏ ਦੋ ਮਹੀਨੇ ਹੋ ਚੱਲੇ ਆ। ਮੈਂ ਮਾਂ ਜੀ ਕੋਲ ਗਈ ਤਾਂ ਮਾਂ ਜੀ ਮੇਰੇ ਗਲੇ ਲੱਗ ਧਾਹੀਂ ਰੋ ਪਈ।

ਮਾਂ ਜੀ! ਬੱਸ ਕਰੋ! ਕੀ ਹੋਇਆ ਸੀ ਚਾਚਾ ਜੀ ਨੂੰ, ਮਾਂ ਜੀ? ਮੈਂ ਮਾਂ ਜੀ ਦਾ ਹੱਥ ਘੁੱਟ ਕੇ ਫੜਦੇ ਪੁੱਛਿਆ।

ਹੋਣਾ ਕੀ ਸੀ ਧੀਏ! ਅਤਿ ਵੀ ਮਾੜੀ ਹੁੰਦੀ ਐ। ਮੇਰੇ ਕੋਲ ਤਾਂ ਢਿੱਡ ਫੋਲਣ ਨੂੰ ਵੀ ਕੋਈ ਨਹੀਂ ਸੀ। ਚੰਗਾ ਹੋਇਐ ਤੂੰ ਆ ਗਈ। ਇੱਕ ਦਿਨ ਸ਼ਰਾਬੀ ਹੋ ਕੇ ਆਇਆ, ਕਹਿੰਦਾ ਤੈਨੂੰ ਸ਼ਕਰੀਨ ਕੋਰਟ 'ਚ ਲਿਜਾਊਂ, ਕਟਹਿਰੇ 'ਚ ਖੜ੍ਹੀ ਕਰੂੰ, ਜ਼ਮੀਨ ਲੈ ਕੇ ਦਿਖਾਊਂ! ਮਾਂ ਜੀ ਨੇ ਚੁੰਨੀ ਨਾਲ ਅੱਖਾਂ ਸਾਫ ਕੀਤੀਆਂ।

ਸੱਚੀਂ ਮਾਂ ਜੀ! ਫਿਰ ਕੀ ਹੋਇਆ? ਮੈਂ ਗੰਭੀਰਤਾ ਨਾਲ ਪੁੱਛਿਆ।

ਫਿਰ ਕੀ ਹੋਣਾ ਸੀ ਨਿਧੀ! ਘਰੇ ਜਾਂਦਾ ਈ ਬਿਮਾਰ ਹੋ ਗਿਆ। ਕਹਿੰਦੇ ਆ ਪਈ ਜ਼ਿਆਦਾ ਈ ਪੀਤੀ ਸੀ, ਆਹ ਡਮਾਕ ਦੀ ਨਾਲੀ ਫਟ ਗਈ।

ਮਾਂ ਜੀ ਮੁੜ ਮੇਰੇ ਗਲ ਲੱਗ ਰੋਣ ਲੱਗੀ।

ਮਾਂ ਜੀ! ਚੁੱਪ ਪਲੀਜ਼ ਚੁੱਪ ਕਰੋ! ਤੁਸੀਂ ਬਿਮਾਰ ਹੋ ਜਾਓਗੇ। ਗੱਲਾਂ ਕਰੋ ਮੇਰੇ ਨਾਲ।

ਧੀਏ! ਸੋਚਦੀ ਆਂ ਚੌਧਰੀ ਆਪ ਤਾਂ ਛੁੱਟ ਗਿਆ ਮਰ ਕੇ, ਤੇ ਮੈਨੂੰ ਪਿੱਛੇ ਛੱਡ ਗਿਆ ਆਹ ਦਿਨ ਦੇਖਣੇ ਲਈ! ਮਾਂ ਜੀ ਨੇ ਮੁੜ ਅੱਖਾਂ ਭਰ ਲਈਆਂ।

ਮੈਨੂੰ ਮਾਂ ਜੀ 'ਤੇ ਬਹੁਤ ਤਰਸ ਆਇਆ।

ਮਾਂ ਜੀ ਕੁਝ ਚਿਰ ਰੁਕ ਕੇ ਬੋਲੀ, ਮੈਂ ਤਾਂ ਚੌਧਰੀ ਦਾ ਬੋਲ ਪੂਰਾ ਕੀਤਾ। ਮਰਨ ਵੇਲ਼ੇ ਕਹਿੰਦਾ ਸੀ, ਮੇਰੇ ਪਿੱਛਿਉਂ ਇਨ੍ਹਾਂ ਨੂੰ ਜਿਉਂਦੇ ਜੀ ਹੱਥ ਵੱਢ ਕੇ ਨਾ ਦੇਵੀਂ। ਮੈਂ ਸਾਰੀ ਵਸੀਤ ਇਸ ਕਰ ਕੇ ਈ ਤੇਰੇ ਨਾਂ ਕੀਤੀ ਐ, ਪਈ ਜ਼ਮੀਨ ਕਰ ਕੇ ਈ ਤੇਰੀ ਕਦਰ ਕਰਨਗੇ ਪਰ ਮੈਂ ਤਾਂ ਸਗੋਂ ਹੋਰ ਦੁਖ਼ੀ ਹੋ ਗਈ।

ਇਨ੍ਹਾਂ ਯਾਦਾਂ ਦੇ ਵਹਿਣਾਂ ਵਿੱਚ ਹੀ ਮੈਨੂੰ ਪਤਾ ਈ ਨਹੀਂ ਲੱਗਾ ਕਿ ਮੈਂ ਨੀਂਦ ਦੀ ਝੋਲੀ ਵਿੱਚ ਚਲੀ ਗਈ ਆਂ।

ਮੈਨੂੰ ਲੱਗਦੈ, ਮਾਂ ਜੀ ਸੱਚਮੁੱਚ ਈ ਮੇਰੇ ਕੋਲ ਆ ਗਈ ਆ ਤੇ ਮੈਂ ਮਾਂ ਜੀ ਦੇ ਵਾਲਾਂ ਨੂੰ ਤੇਲ ਲਾ ਉਸ ਦਾ ਸਿਰ ਝੱਸ ਰਹੀ ਆਂ। ਮਾਂ ਜੀ ਮੈਨੂੰ ਬੁੱਢ ਸੁਹਾਗਣ ਹੋਣ ਦੀਆਂ ਅਸੀਸਾਂ ਦੇ ਰਹੀ ਆ।

ਮੈ ਹੱਸ ਕੇ ਕਹਿੰਦੀ ਆਂ, ਮਾਂ ਜੀ ਤੁਸੀਂ ਆਪਣੇ ਵਿਆਹ ਬਾਰੇ ਮੈਨੂੰ ਕਦੀ ਕੁਝ ਦੱਸਿਆ ਈ ਨਹੀਂ!

ਮਾਂ ਜੀ ਖਿੜ-ਖਿੜ ਹੱਸ ਪਈ ਐ, ਨਿਧੀ! ਸਾਡੀ ਵਾਰੀ ਆਹ ਕੰਜਰਾਂ ਵਾਲੇ ਰਿਵਾਜ ਥੋੜ੍ਹਾ ਸੀ। ਮੇਰਾ ਵਿਆਹ ਤਾਂ ਨੌਂ ਸਾਲ ਦੀ ਉਮਰ 'ਚ ਈ ਹੋ ਗਿਆ ਸੀ। ਮੇਰੀਆਂ ਸਹੇਲੀਆਂ ਦੱਸਣ, ਪਈ ਜਨੇਤ ਆਈ ਤੇ ਕਿਸੇ ਨੇ ਮੇਰੇ ਬਾਪ ਨੂੰ ਪੁੱਛਿਆ, ਪਈ ਮੁੰਡਾ ਕਿਹੜੈ? ਮੇਰੇ ਬਾਪ ਨੇ ਛੋਟੇ ਜਿਹੇ ਦੀਨ ਦੇ ਚੌਧਰੀ ਵੱਲ ਇਸ਼ਾਰਾ ਕਰ ਕੇ ਕਿਹਾ ਸੀ, ਅਹੁ ਕੈਂਠੇ ਵਾਲਾ! ਕੈਂਠਾ ਪਾ ਕੇ ਚੌਧਰੀ ਵਿਆਹੁਣ ਆਇਆ ਸੀ ਮੈਨੂੰ, ਤੇ ਮੈਂ ਸੋਲ੍ਹਾਂ ਵਰ੍ਹਿਆਂ ਦੀ ਮੁਕਲਾਵੇ ਆਈ ਸਾਂ, ਦੋ ਗੁੱਤਾਂ ਕਰਦੀ। ਘਰ ਦਾ ਸਾਰਾ ਕੰਮ ਸਮੇਟਦੀ, ਸੱਸ-ਸਹੁਰੇ ਦੀ ਸੇਵਾ ਕਰਦੀ ਅਸੀਸਾਂ ਲੈਂਦੀ ਸੀ। ਆਹ ਦਾਣਿਆਂ ਵਾਲੀ ਬੋਰੀ ਇੱਕਲੀ ਚੁੱਕ ਕੇ ਆਹ ਡੰਡੇ ਵਾਲੀ ਪਾਉੜੀ ਚੜ੍ਹ ਸੁੱਕਣੇ ਪਾ ਦਿੰਦੀ ਸੀ।

ਸੱਚ ਮਾਂ ਜੀ! ਮੈਨੂੰ ਤਾਂ ਇਸ 'ਤੇ ਇਕੱਲੇ ਚੜ੍ਹਦੇ ਹੀ ਡਰ ਲੱਗਦਾ।

ਨਾ ਧੀਏ! ਤੂੰ ਐਵੇਂ ਨਾ ਡਰਿਆ ਕਰ, ਕਹਿੰਦਿਆਂ ਮਾਂ ਜੀ ਨੇ ਮੈਨੂੰ ਗਲ ਨਾਲ ਲਾ ਲਿਆ।

ਮਾਂ ਜੀ ਕੁਝ ਰੁਕ ਕੇ ਫਿਰ ਬੋਲੀ, ਹੁਣ ਤਾਂ ਪੁੱਤ ਜ਼ਮਾਨੇ ਨੂੰ ਅੱਗ ਲੱਗੀ ਹੋਈ ਆ, ਮੈਥੋਂ ਤਾਂ ਅੱਖੀਂ ਦੇਖ ਕੇ ਮੱਖੀ ਨਹੀਂ ਨਿਗਲ ਹੋਈ, ਆਹ ਦੇਖ ਵੱਡੇ ਨੇ ਕੀ ਕੀਤਾ! ਧੀਏ! ਭਰਾ ਦਾ ਸਿਵਾ ਠੰਢਾ ਨਹੀਂ ਹੋਇਆ, ਇਹ ਧੀ ਦਾ ਵਿਆਹ ਰੱਖ ਕੇ ਬੈਠ ਗਿਆ। ਅਖੇ! ਬਾਹਰਲਾ ਰਿਸ਼ਤਾ ਮਸਾਂ ਮਿਲਿਆ। ਮੈਥੋਂ ਨਹੀਂ ਇਹ ਜ਼ਰ ਹੁੰਦਾ ਸਭ, ਮੈਂ ਤਾਂ ਅੱਡ ਕਰ'ਤੇ,...ਤੇ ਆਪਣੀ ਇੱਜ਼ਤ ਦੀ ਰੋਟੀ ਬਣਾ ਕੇ ਖਾਧੀ ਆ।

ਮੈਨੂੰ ਲੱਗਦੈ ਜਿਵੇਂ ਕਿਸੇ ਨੇ ਮੇਰੇ ਬਦਨ 'ਤੇ ਮਣਾਂ-ਮੂੰਹੀਂ ਭਾਰ ਪਾ ਦਿੱਤੈ। ਮਾਂ ਜੀ ਮੇਰੇ ਕੋਲੋਂ ਪਾਣੀ ਮੰਗ ਰਹੀ ਐ। ਮੈਂ ਤ੍ਰਭਕ ਕੇ ਉਠ ਬੈਠੀ ਆਂ। ਮਾਂ ਜੀ ਅਮਰੀਕਾ 'ਚ ਕਿਵੇਂ ਆ ਸਕਦੀ ਆ? ਨਹੀਂ! ਇਹ ਮੇਰਾ ਖ਼ਿਆਲ ਈ ਐ ਤੇ ਜਾਂ ਸੁਪਨਾ!

ਮਾਂ ਜੀ ਮੈਂ ਇਸ ਵਾਰੀ ਤੁਹਾਨੂੰ ਨਹੀਂ ਮਿਲ ਸਕਾਂਗੀ। ਮਾਂ ਜੀ! ਮਾਂ ਜੀ! ਮੈਂ ਤੁਹਾਨੂੰ ਅੰਤਿਮ ਸਮੇਂ ਦੇਖ ਵੀ ਨਾ ਸਕੀ। ਮੇਰੀ ਚੀਕ ਨਿਕਲਦੀ ਆ ਅਤੇ ਮੈਨੂੰ ਲੱਗਦਾ ਕਿ ਮੈਂ ਪਿੰਡ ਪਹੁੰਚ ਗਈ ਆਂ। ਪਿੰਡ ਉਦਾਸ ਲੱਗ ਰਿਹੈ। ਮੈਂ ਮਾਂ ਜੀ ਦੇ ਘਰ ਪਹੁੰਚ ਗਈ ਆਂ। ਕੋਈ ਕਹਿ ਰਿਹਾ, ਨਿਧੀ! ਚੰਗਾ ਹੋਇਆ ਤੂੰ ਆ ਗਈ। ਮਾਂ ਜੀ ਤੈਨੂੰ ਬਹੁਤ ਚੇਤੇ ਕਰਦੀ ਸੀ। ਕਿਸੇ ਹੋਰ ਕਿਹਾ, ਗੀਤੂ ਦੀ ਦਾਦੀ ਮਰ ਗਈ।

ਮੈਂ ਉਚੀ ਸਾਰੀ ਚੀਕਦੀ ਹਾਂ..ਨਹੀਂ ਮਾਂ ਜੀ, ਨਹੀਂ। ਲੋਕ ਗੀਤਾਂ ਦੀ ਰਾਣੀ ਮਾਂ ਮਰ ਗਈ! ਮਾਂ ਜੀ! ਮਾਂ ਜੀ! ਮੇਰੀਆਂ ਚੀਕਾਂ ਹਉਕਿਆਂ 'ਚ ਬਦਲ ਰਹੀਆਂ ਨੇ। ਲੋਕ ਗੀਤਾਂ ਦੀ ਰਾਣੀ ਮਾਂ ਮਰ ਗਈ।

ਮਿੰਨੀ ਕਹਾਣੀ

ਮਨਜੋਤ ਕੌਰ

## ਦਹਿਲੀਜ਼



ਦਹਿਲੀਜ਼ ਪਾਰ ਕਰਨ ਦਾ ਸਿਲਸਿਲਾ ਮੇਰੇ ਨਾਲ ਕਈ ਰੋਜ਼ ਤੋਂ ਚੱਲ ਰਿਹਾ ਸੀ । ਇਹ ਕਈ ਰੋਜ਼ ਸੀ ਤਾਂ ਉਮਰ ਦੇ ਅਲੱਗ - ਅਲੱਗ ਪੜਾਵ ਮਗਰ ਮੇਰੇ ਲਈ ਇਹ ਪਲਾਂ ਦੇ ਮਾਨਦ ਸਨ। ਇਹਨਾਂ ਦੀ ਸ਼ੁਰੂਆਤ ਮਾਂ ਦੀ ਕੁੱਖ ਤੋਂ ਹੋਈ ਫ਼ਿਰ ਮਾਂ ਦੀ ਗੋਦੀ ਤੋਂ ਦਾਦੇ ਦੀ ਬੁੱਕਲ ਦੀ ਦਹਿਲੀਜ਼ ਨੂੰ ਪਾਰ ਕਰਦਿਆਂ ਬਾਪੂ ਦੇ ਮੋਢੇ 'ਤੇ ਫਿਰ ਕਿੰਨੀਆਂ ਕੁ ਦਹਲੀਜਾਂ? ਪਿੱਛੇ ਛੱਡ ਆਈ ਕੁੱਝ ਖ਼ਬਰ ਨਹੀਂ ।ਜਦੋਂ ਕੁੱਖ ਛੱਡ ਆਈ ਤਾਂ ਦੁਨੀਆਂ ਦੇ ਮੌਸਮ ਤਕਲੀਫ਼ਦੇਹ ਲੱਗੇ , ਖ਼ੈਰ ! ਮਾਂ ਦਿਆਂ ਹੱਥਾਂ ਵਿੱਚ ਸਾਂ , ਗੋਦੀ 'ਚ ਖੇਡਦੀ ਇਸੇ ਕਰਕੇ ਬੱਚਦੀ ਰਹੀ ।ਉਸ ਮਗਰੋਂ ਦਾਦੇ ਦੀ ਬੁੱਕਲ ਹਿਫ਼ਾਜ਼ਤ ਬਣੀ , ਸਮਾਜ ਦੀ ਕੌੜੀ ਨਜ਼ਰ ਤੋਂ। ਬਾਪੂ ਮੋਂਢੇ 'ਤੇ ਬਿਠਾ ਦੁਨੀਆਂ ਨੂੰ ਉੱਤੋਂ ਦੇਖਣ ਦਾ ਤਜਰਬਾ ਸਿਖਾ ਰਿਹਾ ਸੀ । ਦੁਨੀਆਂ ਦੇ ਰੰਗ ਦਿਖਾ ਰਿਹਾ ਸੀ । ਉਸ ਸਮਝਾਇਆ ਤੈਂਨੂੰ ਇੱਥੇ ਬਿਠਾਉਣਾ ਮਸਲਨ ਪੱਗ ਦੀ ਨਿਗਰਾਨੀ ਕਰਨੀ ਹਿਫ਼ਾਜ਼ਤ ਕਰਨੀ ।ਉਮਰ ਨਿਆਣੀ ਸਮਝਣ ਤੋਂ ਕਾਸਰ ਰਹੀ।

ਪੜ੍ਹਾਈ ਸ਼ੁਰੂ ਹੋਈ ਘਰ ਦੀ ਦਹਿਲੀਜ਼ ਪਾਰ ਕੀਤੀ ।ਜਵਾਨੀ ਵੱਲ ਨੂੰ ਵੱਧ ਤੁਰੀ , ਮੋਹਢਿਆਂ ਤੱਕ ਦਾ ਸਫ਼ਰ ਭੁੱਲ ਗਈ । ਤੁਰਦਿਆਂ - ਤੁਰਦਿਆਂ ਸਮਝ 'ਤੇ ਸਿਆਣਪ ਦੀ ਦਹਿਲੀਜ਼ ਦਿਖਾਈ ਨਾ ਦਿੱਤੀ । ਇੱਕ ਦਿਨ ਇਹ ਵੀ ਆਇਆ ਕਿ ਘਰ 'ਤੇ ਦੇਸ਼ ਦੀ ਦਹਿਲੀਜ਼ ਪਾਰ ਕਰ ਪ੍ਰਦੇਸ਼ ਪੁੱਜ ਗਈ। ਅਕਸਰ ਜਦੋਂ ਵੀ ਕੋਈ ਦਹਿਲੀਜ਼ ਟੱਪ ਨਿੱਕਲੀ , ਫਾਇਦਾ ਘੱਟ ਨੁਕਸਾਨ ਜਿਆਦਾ ਹੋਇਆ । ਪਹਿਲਾਂ ਕੁੱਖ ਤਿਆਗੀ ਤਾਂ ਸਕੂਨ 'ਤੇ ਰੱਬ ਨਾਲੋਂ ਲਗਨ ਖੋਹ ਆਈ । ਗੋਦੀ ਵਿੱਚੋਂ ਉੱਠ ਖੜੀ ਹੋਈ ਤਾਂ ਪੈਰਾਂ 'ਤੇ ਭਾਰ ਨਾ ਆਇਆ , 'ਤੇ ਬਾਰ - ਬਾਰ ਠੋਕਰ ਲਗਵਾਈ । ਖ਼ੈਰ , ਤੁਰਨਾ ਕਿਸੇ ਹੱਦ ਤੱਕ ਆਉਣ ਲੱਗਿਆ। ਬਾਬੇ ਦੀ ਬੁੱਕਲ ਦਾ ਸਾਥ ਛੱਡਿਆ ਤਾਂ ਸਮਝਾਏ ਹੋਏ ਜ਼ਿੰਦਗੀ ਦੇ ਤੱਥ ਉਸੇ ਬੁੱਕਲ ਵਿੱਚ ਭੁੱਲ ਆਈ । ਬਾਪੂ ਦੀ ਉਂਗਲ ਦੇ ਭੁਲੇਖੇ ਦੁਨੀਆਂ ਵਿੱਚ ਕਿੱਧਰੇ ਗੁੰਮ ਗਈ 'ਤੇ ਬੇਗਾਨੀ ਉਂਗਲੀ ਨੂੰ ਅਪਣੀ ਸਮਝ ਉੱਧਰ ਹੋ ਤੁਰੀ । ਘਰ ਵਿੱਚੋਂ ਨਿੱਕਲ ਕੇ ਪੜ੍ਹਾਈ ਕਰਨ ਲੱਗੀ ਕੁੱਝ ਸਮਝ ਆਣ ਪਈ, ਮਗਰ ਇਹ ਸਮਾਜ ਦੇ ਰੰਗ - ਢੰਗ ਸਮਝ ਤੋਂ ਬਾਹਰ ਸਨ ।

ਹੁਣ ਦੇਸ਼ ਦੀ ਦਹਿਲੀਜ਼ ਲੰਘ ਕਿ ਪ੍ਰਦੇਸ਼ ਆਈ ਮਾਂ ਦੀ ਖਵਾਇਸ਼ ਪੂਰੀ ਹੋਈ , ਇਸ ਜ਼ਿੰਦਗੀ ਨੂੰ ਸੇਧ ਮਿਲ ਗਈ , ਲੇਕਿਨ ਕੁੱਝ ਅਲੱਗ ਹੀ ਦੇਖਣ ਨੂੰ ਮਿਲਿਆ । ਸੁਣਿਆ ਸੀ ਕਿ ਇਨਸਾਨ ਇਕੱਲਾ ਹੀ ਆਉਂਦਾ ਏ 'ਤੇ ਇਕੱਲਾ ਹੀ ਜਾਂਦਾ ਏ , ਮਗਰ ਰਹਿੰਦਾ ਵੀ ਇਕੱਲਾ ਹੀ ਏ ਇਹ ਇਸ ਨਵੀਂ ਦੁਨੀਆਂ ਨੇ ਸਮਝਾਇਆ । ਐਂਨੀ ਰਫ਼ਤਾਰ ਜਿਸ ਦਾ ਮੁਕਾਬਲਾ ਜੋਤ ਦੇ ਵੱਸ ਦੀ ਗੱਲ ਨਹੀ । ਇੱਥੇ ਠਹਿਰਾਓ ਨਹੀਂ , ਜਦੋਂ ਸਰੀਰ ਆਰਾਮ 'ਚ ਏ ਤਾਂ ਦਿਮਾਗ ਨੂੰ ਸਕੂਨ ਨਹੀਂ , ਜਦੋਂ ਕਦੀ ਜਿਹਨ ਸ਼ਾਂਤ ਏ ਤਾਂ ਜਿਸਮ ਟੁੱਟਿਆ ਹੁੰਦਾ ਏ ।ਰਫ਼ਤਾਰ ਐਂਨੀ ਕਿ ਕਈ ਮਰਤਵਾ ਖੋਹ ਜਾਨੀ ਆਂ , ਇਸ ਜੰਜਾਲ ਵਿੱਚ ਉੱਲਝ ਜਾਨੀ ਆਂ ,ਰਸਤਾ ਨਹੀਂ ਮਿਲਦਾ ਤੇ ਕੋਈ ਅਪਣਾ ਵੀ ਨਹੀਂ ਦਿੱਸਦਾ ਜਿਹੜਾ ਰਾਸਤਾ ਦਿਖਾ ਦੇਵੇ । ਪਿਆਰ ਮੁਹੱਬਤ ਦੀ ਅਸਲੀਅਤ ਪੈਸਾ ਏ , ਇਹ ਇਥੋਂ ਦੇ ਲੋਕਾਂ ਦਾ ਕਹਿਣਾ ਏ। ਇੱਕ ਨਜ਼ਰ ਨਾਲ ਹੀ ਜਿਸਮ ਟਟੋਲ ਦੇਣਗੇ । ਲੇਕਿਨ ! ਇਕ ਗੱਲ ਗੌਰ ਕਰਨ ਵਾਲ਼ੀ ਰਹੀ , ਇਸ ਸਾਰੇ ਸਫ਼ਰ ਦੌਰਾਨ ਦਿਲਾਂ ਦੀ ਦਹਿਲੀਜ਼ ਪਾਰ ਕਰਨ ਦੀ ਹਿੰਮਤ ਜੋਤ ਕਦੀ ਨਾ ਕਰ ਸਕੀ। ਉਹ ਅੱਜ ਵੀ ਆਪਣੀ ਹੀ ਦੁਨੀਆਂ ਵਿੱਚ ਕੈਦ ਏ । ਯਕੀਨਨ, ਇਹੀ ਇੱਕ ਲਿਖ਼ਾਰੀ ਦਾ ਵਜ਼ੂਦ ਵੀ ਏ ।




## ਛੁਪਾ ਕੇ ਹਿੱਕ ਵਿੱਚ ਸੁਫ਼ਨੇ

ਅਮਨਦੀਪ ਸਿੰਘ ਅਮਨ

ਛੁਪਾ ਕੇ ਹਿੱਕ ਵਿੱਚ ਸੁਫ਼ਨੇ, ਸਦਾ ਮੁਸਕਾਉਂਦੀਆਂ ਰਹੀਆਂ ।
ਸਹੇੜੇ ਸਾਕ ਬਾਬਲ ਦੇ, ਧੀਆਂ ਅਪਣਾਉਂਦੀਆਂ ਰਹੀਆਂ ।
ਜਿਨ੍ਹਾਂ ਦੀ ਪੇਕਿਆਂ ਦੇ ਘਰ, ਕਰੀ ਹੱਤਕ ਭਰਾਵਾਂ ਨੇ,
ਉਹ ਸਹੁਰੇ ਬੈਠੀਆਂ, ਵੀਰਾਂ ਦੇ ਗੁਣ ਹੀ ਗਾਉਂਦੀਆਂ ਰਹੀਆਂ ।
ਬਿਨਾਂ ਮਾਂ ਬਾਪ ਦੇ ਵਿਹੜਾ, ਸਦਾ ਸੁੰਨਾ ਜਿਹਾ ਲੱਗਾ,
ਧੀਆਂ ਤਾਂ ਮੋਹ ਦੇ ਵਿੱਚ ਬੱਝੀਆਂ, ਹੀ ਫੇਰਾ ਪਾਉਂਦੀਆਂ ਰਹੀਆਂ ।
ਹਮੇਸ਼ਾਂ ਬਾਜ਼, ਗਿਰਝਾਂ ਦੀ, ਨਿਗਾਹ ਤੋਂ ਬਚ ਬਚਾ ਕੇ ਹੀ,
ਇਹ ਚਿੜੀਆਂ ਖ਼ਾਬ ਦਾ ਅੰਬਰ, ਬਣਾ ਕੇ ਭਾਉਂਦੀਆਂ ਰਹੀਆਂ ।
ਕਦੇ ਖੁਲ ਕੇ ਨਹੀਂ ਦੱਸੇ, ਦਿਲਾਂ ਦੇ ਚਾਅ ਵੀ ਕੁੜੀਆਂ ਨੇ,
ਤੀਆਂ ਦੇ ਦਿਨ ਜਾਂ ਤਿਉਹਾਰਾਂ, ਤੇ ਮਨ ਪਰਚਾਉਂਦੀਆਂ ਰਹੀਆਂ ।
ਜਦੋਂ ਹੱਕਾਂ ਦੀ ਗੱਲ ਛਿੜਦੀ, ਤਾਂ ਬਾਬਲ ਵੀਰ ਵੱਲ ਖੜਦੈ,
ਧੀਆਂ ਬਾਬਲ ਦਿਆਂ ਹੁਕਮਾਂ, ਤੇ ਮਨ ਸਮਝਾਉਂਦੀਆਂ ਰਹੀਆਂ ।
'ਅਮਨ' ਸ਼ਗਨਾਂ ਦੇ ਦਿਨ ਵੇਲੇ, ਸਮਾਂ ਐਸਾ ਵੀ ਆਉਂਦਾ ਹੈ,
ਧੀਆਂ ਡੋਲੀ 'ਚ ਬਹਿ ਕੇ ਵੀ, ਜਦੋਂ ਕੁਰਲਾਉਂਦੀਆਂ ਰਹੀਆਂ ।

## ਕਿਹੋ ਜਿਹੇ ਨੇ ਤੇਰੇ ਸ਼ਹਿਰ ਦੇ

ਅਜਮੇਰ ਗਿੱਲ

ਕਿਹੋ ਜਿਹੇ ਨੇ ਤੇਰੇ ਸ਼ਹਿਰ ਦੇ ਅਵਾਮ ਸੱਜਣ।
ਛੁਪਾਕੇ ਰੱਖਦੇ ਨੇ ਕਾਤਲ ਮਿਰੇ ਦਾ ਨਾਮ ਸੱਜਣ।
ਉਤਰਦੀ ਹੁਣ ਵੀ ਹੈ, ਪਰ ਪਹਿਲੀ ਤਰ੍ਹਾਂ ਸਹਿਜ ਨਹੀਂ,
ਡਰੀ ਡਰੀ ਹੈ ਬੜੀ, ਸਹਿਮੀ ਸਹਿਮੀ ਸ਼ਾਮ ਸੱਜਣ।
ਬੜਾ ਹੈ ਲੰਬਾ ਸਫ਼ਰ ਰਾਤ ਦੇ ਨੇ ਬਾਰਾਂ ਵਜੇ,
ਕਰੋ ਜਨਾਬ ਦਾ ਕੁਛ ਹੋਰ ਇੰਤਜ਼ਾਮ ਸੱਜਣ।
ਪੜਾਅ ਤਾਂ ਮੈਂ ਵੀ ਹਾਂ ਤੇਰਾ ਮਗਰ ਨਸੀਬ ਨਹੀਂ,
ਨਵੇਂ ਸਫ਼ਰ 'ਚ ਤਿਰਾ ਫਿਰ ਵੀ ਹਾਂ ਕਿਆਮ ਸੱਜਣ।
ਤਮਾਮ ਰਾਤ ਰਹੇ ਟੁੱਟਦਾ ਕੁਛ ਨਾ ਕੁਛ ਦਿਲ 'ਚੋਂ,
ਤਿਰੇ ਬਿਨਾਂ ਵੀ ਜਿਵੇਂ ਨੀਂਦ ਹੈ ਹਰਾਮ ਸੱਜਣ।
ਕਿਹੋ ਜਿਹੀ ਤਿਰੇ 'ਅਜਮੇਰ' ਨੂੰ ਮਿਲੀ ਹਿਜਰਤ,
ਦਿਨੇ ਹੈ ਚੈਨ, ਤੇ ਨਾ ਹੈ ਰਾਤ ਨੂੰ ਆਰਾਮ ਸੱਜਣ।

## ਕਿਸੇ ਦਾ ਸੂਰਜ ਕਿਸੇ ਦਾ ਦੀਵਾ ਕਿਸੇ ਦਾ ਤੀਰ ਕਮਾਨ

ਸੁਰਜੀਤ ਪਾਤਰ



ਕਿਸੇ ਦਾ ਸੂਰਜ ਕਿਸੇ ਦਾ ਦੀਵਾ ਕਿਸੇ ਦਾ ਤੀਰ ਕਮਾਨ
ਸਾਡੀ ਅੱਖ 'ਚੋਂ ਡਿਗਦਾ ਹੰਝੂ ਸਾਡਾ ਚੋਣ-ਨਿਸ਼ਾਨ
ਤਾਨਸੇਨ ਤੋਂ ਬਾਪ ਦਾ ਬਦਲਾ ਬੈਜੂ ਲੈਣ ਗਿਆ
ਤਾਨ ਸੁਣੀ ਤਾਂ ਕਿਰ ਗਈ ਹੱਥੋਂ ਹੰਝੂ ਕਿਰਪਾਨ
ਕਾਲੀ ਰਾਤ ਵਰਾਨੇ ਟਿੱਲੇ ਏਦਾਂ ਬਰਸੇ ਮੀਂਹ
ਜਿਉਂ ਕੋਈ ਅਧਖੜ ਔਤ ਜਨਾਨੀ ਨਾਹਵੇ ਵਿੱਚ ਸ਼ਮਸ਼ਾਨ
ਰਾਤ ਟਿਕੀ ਵਿੱਚ ਰੋਵੇ ਸ਼ਾਇਰ ਜਾਂ ਲੱਕੜ ਦਾ ਖੂਹ
ਦੋਹਾਂ ਉੱਤੇ ਹੱਸੀ ਜਾਵੇ ਅੱਜ ਦਾ ਜੱਗ ਜਹਾਨ
ਟਿੰਡਾਂ ਦੇ ਵਿੱਚ ਗੁਟਕੂੰ ਬੋਲੇ ਕਦੀ ਨਾ ਚੱਲੇ ਖੂਹ
ਟਿੰਡਾਂ ਵਿੱਚ ਮੇਰੇ ਬਚੜੇ ਸੁੱਤੇ ਬੱਚੜਿਆਂ ਵਿੱਚ ਜਾਨ
ਧੁਖਦੀ ਧਰਤੀ, ਤਪਦੇ ਪੈਂਡੇ, ਸੜਦੇ ਰੱਬ ਦੇ ਜੀਅ
ਸ਼ਾਇਦ ਓਹੀ ਰੱਬ ਹੈ ਜਿਹੜਾ ਚੁੱਪ ਲਿਸ਼ਕੇ ਅਸਮਾਨ

## ਪੈਣ ਭੁਲੇਖੇ ਸਰਘੀ ਦੇ ਪਰ ਦੂਰ ਅਜੇ ਪ੍ਰਭਾਤ ਕਿਤੇ

ਸੁਰਜੀਤ ਸਖੀ

ਪੈਣ ਭੁਲੇਖੇ ਸਰਘੀ ਦੇ ਪਰ ਦੂਰ ਅਜੇ ਪ੍ਰਭਾਤ ਕਿਤੇ।
ਚਲੋ ਦੀਵਿਓ ਰਲ਼ ਕੇ ਬਲ਼ੀਏ, ਬੜੀ ਹਨ੍ਹੇਰੀ ਰਾਤ ਅਜੇ।
ਖ਼ਬਰਾਂ ਦੀ ਇੱਕ ਸੁਰਖ਼ੀ ਪੜ੍ਹ ਕੇ, ਕਿਉਂ ਏਨਾ ਘਬਰਾਉਂਦੇ ਹੋ,
ਜ਼ਹਿਰ ਬਥੇਰਾ, ਸ਼ਹਿਰ ਮਿਰੇ ਵਿੱਚ, ਘਰ ਘਰ ਨੇ ਸੁਕਰਾਤ ਅਜੇ।
ਡਰ ਡਰ ਕੇ ਕੀ ਜੀਣਾ ਹੋਇਆ,ਐਨੀ ਵੀ ਤੇ ਦੂਰੀ ਨਹੀਂ,
ਹੋਠਾਂ ਉੱਤੇ ਕਿਉਂ ਨਹੀਂ ਔਂਦੀ,ਅੱਖਾਂ ਵਿਚਲੀ ਬਾਤ ਅਜੇ।
ਰੁੱਤਾਂ ਸੰਗ ਯਾਰਾਨਾ ਹੈ ਤਾਂ, ਕਮਰੇ ਦੀ ਪਾਬੰਦੀ ਕਿਉਂ,
ਕੀ ਹੋਇਆ ਜੇ ਨਹੀਂ ਸੁਖਾਵੇਂ , ਬਾਹਰ ਦੇ ਹਾਲਾਤ ਅਜੇ।
ਹੰਝੂਆਂ ਦੀ ਇਹ ਬੂੰਦਾ ਬਾਂਦੀ,ਤੁਪਕਾ ਤੁਪਕਾ ਮੁੜ੍ਹਕੇ ਦਾ,
ਇਸ ਨਗਰੀ ਦੀ ਕਿਸਮਤ ਵਿੱਚ ਹੈ,ਐਸੀ ਹੀ ਬਰਸਾਤ ਅਜੇ।

## ਵੇ ਪਰਦੇਸੀਆ

ਅੰਮ੍ਰਿਤਾ ਪ੍ਰੀਤਮ



ਪੂਰਬ ਨੇ ਕੁਝ ਲੱਭਿਆ
ਕਿਹੜੇ ਅੰਬਰ ਫੋਲ !
ਜਿਉਂ ਹੱਥ ਕਟੋਰਾ ਦੁੱਧ ਦਾ
ਵਿੱਚ ਕੇਸਰ ਦਿੱਤਾ ਘੋਲ।
ਚਾਨਣ ਲਿੱਪੀ ਰਾਤ ਨੇ
ਸੱਤ ਸਗੰਧਾਂ ਡੋਹਲ
ਅੰਬਰ ਫ਼ਸਲਾਂ ਪੱਕੀਆਂ
ਤਾਰਿਆਂ ਲਾ ਲਏ ਬੋਹਲ
ਆਸਾਂ ਕੱਤਣ ਬੈਠੀਆਂ
ਤੰਦ ਸੁਬਕ ਤੇ ਸੋਹਲ
ਭਰ ਭਰ ਲੱਛੇ ਪੈਣ ਵੇ
ਰੇਸ਼ਮੀ ਅੱਟੀ ਝੋਲ
ਅਰਪੀ ਕਿਸ ਨੇ ਜਿੰਦੜੀ
ਚਾਰੇ ਕੰਨੀਆਂ ਖੋਹਲ
ਬੱਦਲਾਂ ਭਰ ਲਈ ਅੱਖ ਵੇ
ਪੌਣਾਂ ਭਰ ਲਈ ਝੋਲ
ਪੰਛੀ ਤੋਲੇ ਪਰਾਂ ਨੂੰ
ਟਾਹਣਾ ਗਾਈਆਂ ਡੋਲ
ਲੈ ਦੇ ਖੰਭ ਵਿਕੰਦੜੇ
ਜਾਂ ਰਹਿ ਪਉ ਸਾਡੇ ਕੋਲ
ਵੇ ਪਰਦੇਸੀਆ !

## ਵੰਡ ਨੇ ਪਾਈ ਜੋ ਲੀਕ

ਕਮਲਜੀਤ ਕੌਰ ਕਮਲ

ਵੰਡ ਨੇ ਪਾਈ ਸੀ ਜੋ ਲੀਕ,
ਸਾਡੇ ਵਿਚਕਾਰ ।
ਝੱਲ ਰਹੀਆਂ ਨੇ ਅੱਜ ਵੀ,
ਉਸੇ ਵੰਡ ਦੀ ਮਾਰ ।
ਧੀਆਂ ਜੋ ਰਹਿ ਗਈਆਂ,
ਕੁਝ ਏਸ ਪਾਰ !
ਕੁਝ ਓਸ ਪਾਰ !
ਹਉਕੇ ਤੇ ਹਾਵਾਂ ਨੇ ਪੱਲੇ,
ਕੀ ਭਾਣਾ ਵਰਤਿਆ ?
ਮੇਰੇ ਪਰਵਰਦਿਗਾਰ !
ਕਿਉਂ ਹੋ ਗਈਆਂ
ਆਪਣਿਆਂ ਤੋਂ ਪਰੇ,
ਨਾ ਹੋਇਆ ਮੁੜ ਦੀਦਾਰ !
ਭੁੱਲੀਆਂ ਨਾ ਮਰਦੇ ਦਮ ਤੱਕ,
ਰੂਹ ਤੇ ਝੱਲੇ ਉਨ੍ਹਾਂ ਜੋ ਵਾਰ ।
ਹੁੰਦੀਆਂ ਰਹੀਆਂ ਜੋ,
ਰਿਸ਼ਤਿਆਂ ਦੇ ਨਾਂ 'ਤੇ ।
ਹੈਵਾਨੀਅਤ ਦਾ ਸ਼ਿਕਾਰ
ਕੁਝ ਸਰਹੱਦ ਦੇ ਏਸ ਪਾਰ !
ਕੁਝ ਸਰਹੱਦ ਦੇ ਓਸ ਪਾਰ !

## ਹਾਦਸਾ

ਸ਼ਿਵ ਕੁਮਾਰ ਬਟਾਲਵੀ



ਗੀਤ ਦਾ ਤੁਰਦਾ ਕਾਫ਼ਲਾ
ਮੁੜ ਹੋ ਗਿਆ ਬੇਆਸਰਾ
ਮੱਥੇ 'ਤੇ ਹੋਣੀ ਲਿਖ ਗਈ
ਇੱਕ ਖ਼ੂਬਸੂਰਤ ਹਾਦਸਾ ।
ਇੱਕ ਨਾਗ ਚਿੱਟੇ ਦਿਵਸ ਦਾ
ਇੱਕ ਨਾਗ ਕਾਲੀ ਰਾਤ ਦਾ
ਇੱਕ ਵਰਕ ਨੀਲਾ ਕਰ ਗਏ
ਕਿਸੇ ਗੀਤ ਦੇ ਇਤਿਹਾਸ ਦਾ ।
ਸ਼ਬਦਾਂ ਦੇ ਕਾਲੇ ਥਲਾਂ ਵਿੱਚ
ਮੇਰਾ ਗੀਤ ਸੀ ਜਦ ਮਰ ਰਿਹਾ
ਉਹ ਗੀਤ ਤੇਰੀ ਪੈੜ ਨੂੰ
ਮੁੜ ਮੁੜ ਪਿਆ ਸੀ ਝਾਕਦਾ ।
ਅੰਬਰ ਦੀ ਥਾਲੀ ਤਿੜਕ ਗਈ
ਸੁਣ ਜ਼ਿਕਰ ਮੋਏ ਗੀਤ ਦਾ
ਧਰਤੀ ਦਾ ਛੰਨਾ ਕੰਬਿਆ
ਭਰਿਆ ਹੋਇਆ ਵਿਸ਼ਵਾਸ ਦਾ ।
ਜ਼ਖ਼ਮੀ ਹੈ ਪਿੰਡਾ ਸੋਚ ਦਾ
ਜ਼ਖ਼ਮੀ ਹੈ ਪਿੰਡਾ ਆਸ ਦਾ
ਅੱਜ ਫੇਰ ਮੇਰੇ ਗੀਤ ਲਈ
ਕਫ਼ਨ ਨਾ ਮੈਥੋਂ ਪਾਟਦਾ ।
ਅੱਜਫੇਰ ਹਰ ਇੱਕ ਸ਼ਬਦ ਦੇ
ਨੈਣਾਂ 'ਚ ਹੰਝੂ ਆ ਗਿਆ
ਧਰਤੀ 'ਤੇ ਕਰਜ਼ਾ ਚੜ੍ਹ ਗਿਆ
ਮੇਰੇ ਗੀਤ ਦੀ ਇੱਕ ਲਾਸ਼ ਦਾ ।
ਕਾਗਜ਼ ਦੀ ਨੰਗੀ ਕਬਰ 'ਤੇ
ਇਹ ਗੀਤ ਜੋ ਅੱਜ ਸੌਂ ਗਿਆ
ਇਹ ਗੀਤ ਸਾਰੇ ਜੱਗ ਨੂੰ
ਪਾਵੇ ਵਫ਼ਾ ਦਾ ਵਾਸਤਾ ।



## ਪੋਹ ਦਾ ਮਹੀਨਾ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਪੋਹ ਦਾ ਮਹੀਨਾ, ਸੀਤ ਚੱਲਣ ਹਵਾਵਾਂ ਵੇ।
ਆਜਾ ਮੇਰੇ ਮਾਹੀ ਸੁਣ, ਮੇਰੀਆਂ ਸਦਾਵਾਂ ਵੇ।

ਕਹਿੰਦੇ ਨੇ ਸਿਆਣੇ, ਮਹੀਨਾ ਚੜ੍ਹੇ ਜਦੋਂ ਪੋਹ ਵੇ।
ਜ਼ਰੂਰੀ ਹੈ ਜਤਾਉਣਾ, ਇੱਕ ਦੂਜੇ ਨਾਲ ਮੋਹ ਵੇ।
ਮੁੜ ਬੂਹੇ ਆਜਾ, ਦਿਨੇ ਰਾਤੀਂ ਮੈਂ ਪੁਕਾਰਾਂ ਵੇ।
ਆਜਾ ਮੇਰੇ ਮਾਹੀ ਸੁਣ, ਮੇਰੀਆਂ ਸਦਾਵਾਂ ਵੇ।
ਪੋਹ ਦਾ ਮਹੀਨਾ ........

ਚਾਵਾਂ ਨਾਲ ਮੈਂ ਤੇ, ਸੋਹਣੀ ਸੇਜ ਵੀ ਸਜਾਈ ਵੇ।
ਕੂਲ਼ੀ ਜਿਹੀ ਰੇਸ਼ਮੀ, ਨਗੰਦੀ ਏ ਰਜਾਈ ਵੇ।
ਠੰਢੀਆਂ ਇਹ ਰਾਤਾਂ ਕਿੰਝ, ਕੱਲੀ ਮੈਂ ਗੁਜ਼ਾਰਾਂ ਵੇ।
ਆਜਾ ਮੇਰੇ ਮਾਹੀ ਸੁਣ, ਮੇਰੀਆਂ ਸਦਾਵਾਂ ਵੇ।
ਪੋਹ ਦਾ ਮਹੀਨਾ ........

ਗਰੀਆਂ ਛੁਹਾਰੇ, ਨਾਲੇ ਪਿੰਨੀਆਂ ਬਣਾਈਆਂ ਨੇ।
ਹਾਰ ਤੇ ਸ਼ਿੰਗਾਰ ਉੱਤੇ, ਰੀਝਾਂ ਖੂਬ ਲਾਈਆਂ ਨੇ।
ਉਮੀਦਾਂ ਦੀਆਂ ਕਿਤੇ, ਟੁੱਟ ਜਾਣ ਨਾ ਤਣਾਵਾਂ ਵੇ।
ਆਜਾ ਮੇਰੇ ਮਾਹੀ ਸੁਣ, ਮੇਰੀਆਂ ਸਦਾਵਾਂ ਵੇ।

ਪਿਆਰਾਂ ਵਾਲੀ ਰੁੱਤ, ਰੋਜ਼ ਰੋਜ਼ ਨਹੀਓਂ ਆਉਂਦੀ ਵੇ।
ਤਾਲੋਂ ਘੁੱਥੀ ਡੂੰਮਣੀ, ਬੇਤਾਲ ਗੀਤ ਗਾਉਂਦੀ ਵੇ।
ਸੁਰੀਲਾ ਜ਼ਿੰਦਗੀ ਦਾ ਗੀਤ, ਤੇਰੇ ਨਾਲ ਗਾਵਾਂ ਵੇ।
ਆਜਾ ਮੇਰੇ ਮਾਹੀ ਸੁਣ, ਮੇਰੀਆਂ ਸਦਾਵਾਂ ਵੇ।

ਪੋਹ ਦਾ ਮਹੀਨਾ, ਸੀਤ ਚੱਲਣ ਹਵਾਵਾਂ ਵੇ।
ਆਜਾ ਮੇਰੇ ਮਾਹੀ ਸੁਣ, ਮੇਰੀਆਂ ਸਦਾਵਾਂ ਵੇ।




ਮਾਏ ਨੀ
ਮਾਏ ਨੀ ! ਦਰਦ ਸੁਣਾਵਣ ਅੱਖੀਆਂ।
ਮਾਏ ਨੀ ! ਵਰ੍ਹਦਾ ਸਾਵਣ ਅੱਖੀਆਂ।
ਉਹਦੇ ਪਿਆਰ ਨੂੰ ਯਾਦ ਕਰਦਿਆਂ,
ਛਮ ਛਮ ਨੀਰ ਵਹਾਵਣ ਅੱਖੀਆਂ
ਮਾਏ ਨੀ ! ਨੀਂਦ ਚੁਰਾਵਣ ਅੱਖੀਆਂ।
ਜਿਸ ਪਲ ਉਹ ਨਜ਼ਰੀਂ ਨਾ ਆਵੇ,
ਹੰਝੂਆਂ ਵਿੱਚ ਢਲ ਜਾਵਣ ਅੱਖੀਆਂ
ਮਾਏ ਨੀ ! ਪੀੜ ਸੁਣਾਵਣ ਅੱਖੀਆਂ।
ਰੁੱਸ ਕੇ ਉਹ ਤਾਂ ਦੂਰ ਤੁਰ ਗਿਆ ,
ਰਾਤਾਂ ਕਿੰਜ ਲੰਘਾਵਣ ਅੱਖੀਆਂ।
ਮਾਏ ਨੀ ! ਦਰਦ ਸੁਣਾਵਣ ਅੱਖੀਆਂ।
ਬਿਨ ਬੋਲੇ ਹੀ ਸਭ ਕੁਝ ਆਖਣ,
ਬਿਨ ਸ਼ਬਦਾਂ ਤੋਂ ਗਾਵਣ ਅੱਖੀਆਂ
ਮਾਏ !ਨਾ ਦਰਦ ਭੁਲਾਵਣਅੱਖੀਆਂ।
ਨਿੱਕੀ ਉਮਰੇ ਦਰਦ ਪਰਾਗਾ
'ਬੁੱਟਰ' ਝੋਲੀ ਪਾਵਣਅੱਖੀਆਂ
ਮਾਏ ! ਸੁਣੀਂ ! ਸੁਣਾਵਣ ਅੱਖੀਆਂ।

## ਤਲੀ 'ਤੇ ਉੱਕਰੇ ਅੱਖ਼ਰ...

ਉੱਤਮਵੀਰ ਸਿੰਘ ਦਾਊਂ



ਕਈ ਦਿਨਾਂ ਤੋਂ ਦੇਖ ਰਿਹਾ ਸਾਂ
ਗੁੰਮਸੁਮ ਹੋਇਆ ਚਿਹਰਾ
ਓਹ ਚੁੱਪ ਚਾਪ ਸੀ ਬੈਠੀ ਰਹਿੰਦੀ
ਪਾਰਕ ਵਿਚਲੇ ਬੈਂਚ ਦੇ ਉੱਤੇ
ਅੱਖੀਂ ਕੁਝ ਸਵਾਲ ਜੇ ਫੜ ਕੇ... ?
ਮੈਨੂੰ ਜਾਪਿਆ ਤਰਸ ਰਹੀ ਏ
ਓਹ ਕਰਨ ਲਈ ਗੱਲਾਂ ਅਣਭੋਲ
ਮੈਂ ਵੀ ਓਹਦੇ ਕੋਲ ਜਾ ਬੈਠਾ
ਓਹਨੇ ਨਜ਼ਰ ਘੁੰਮਾ ਕੇ ਤੱਕਿਆ
ਮੈਂ ਪੁੱਛਿਆ ਦੱਸ ਨਾਂ ਕੀ ਤੇਰਾ... ?
ਮੇਰੀ ਤਲੀ ਦੇ ਉੱਤੇ ਓਹਨੇ
ਉਂਗਲ ਦੇ ਨਾਲ ਅੱਖ਼ਰ ਉੱਕਰੇ
ਪਰ, ਬੁੱਲ੍ਹਾਂ ਥੀਂ ਕੁਝ ਨਈਂ ਬੋਲੀ...
ਲਗਦਾ ਕੋਈ ਰਿਸ਼ਤਾ ਤਿੜਕ ਕੇ
ਛੱਡ ਗਿਆ ਏ ਛਾਪ ਦਿਮਾਗ਼ 'ਚ
ਪਿਓ ਦੀ ਲਾਡਲੀ ਤੇ ਮਾਂ ਦੀ ਜਾਈ
ਸਮਝਣਾ ਚਾਹੁੰਦੀ ਰਿਸ਼ਤਿਆਂ
ਨੂੰ...!
ਪਰ, ਹਾਲੇ ਹੈ ਉਮਰ ਬਾਲੜੀ
ਮੈਂ ਓਹਨੂੰ ਇੱਕ ਬਾਤ ਸੁਣਾਈ
ਪਰੀ ਦੇਸ ਦੀ ਸ਼ਹਿਜ਼ਾਦੀ ਦੀ...
ਕੁਝ ਚਿਰ ਮੇਰੀ ਬਾਤ ਨੂੰ ਸੁਣ ਕੇ
ਚੱਲਦੀ ਬਾਤ ਨੂੰ ਰੋਕ ਕੇ ਪੁੱਛਿਆ-
"ਹੁਣ ਕਿੱਥੇ ਹੈ, ਓਹ ਸ਼ਹਿਜ਼ਾਦੀ"
ਮੇਰੇ ਮੂੰਹੋਂ ਇਕਦਮ ਨਿਕਲਿਆ-
"ਤੂੰ ਏਂ ਨਿੱਕੀਏ ਓਹ ਸ਼ਹਿਜ਼ਾਦੀ"
ਓਹ ਅਚਾਨਕ ਖਿੜ-ਖਿੜ ਹੱਸੀ
ਪੱਬਾਂ ਭਾਰ ਓਹ ਘਾਹ 'ਤੇ ਨੱਚੀ
ਸਾਹਮਣੇ ਓਹਦੀ ਮਾਂ ਖੜ੍ਹੀ ਸੀ
ਅੱਖੀਆਂ ਵਿੱਚ ਸੀ ਖ਼ੁਸ਼ੀ ਦੇ ਹੰਝੂ...।

# ਸੁਰਾਂ ਦਾ ਸਿਰਨਾਵਾਂ ਸਰਦੂਲ ਸਿਕੰਦਰ





ਸੁਖਵਿੰਦਰ ਸਿੰਘ ਮੁੱਲਾਂਪੁਰ



ਸਰਦੂਲ ਸਿਕੰਦਰ ਦਾ ਜਨਮ 15 ਜਨਵਰੀ 1961 ਨੂੰ ਪਿੰਡ ਖੇੜੀ ਨੌਧ ਸਿੰਘ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਵਿਖੇ ਪਿਤਾ ਤਬਲਾਵਾਦਕ ਸਾਗਰ ਮਸਤਾਨਾ ਦੇ ਘਰ ਅਤੇ ਮਾਤਾ ਲੀਲਾਵਤੀ ਦੀ ਕੁੱਖੋਂ ਹੋਇਆ। ਇਸ ਦੇ ਪਿਤਾ ਬਹੁਤ ਵਧੀਆ ਗਾ ਲੈਂਦੇ ਸਨ, ਆਪਣੀ ਗਾਇਕੀ ਦੀ ਸੇਵਾ ਮੰਦਰਾਂ ਅਤੇ ਗੁਰਦੁਆਰਿਆਂ ਵਿੱਚ ਕਰਦੇ ਰਹਿੰਦੇ। ਸਰਦੂਲ ਸਿਕੰਦਰ ਨੇ ਆਪਣੀ ਗਾਇਕੀ ਆਪਣੇ ਪਿਤਾ ਕੋਲੋਂ ਸਿੱਖੀ ਪਰ ਇਹ ਚਰਨਜੀਤ ਅਹੂਜਾ ਨੂੰ ਆਪਣਾ ਉਸਤਾਦ ਮੰਨਦਾ। ਇਹ ਪਰਿਵਾਰ ਸੰਗੀਤ ਦੇ ਪਟਿਆਲਾ ਘਰਾਣੇ ਨਾਲ ਸਬੰਧਿਤ ਹੈ।

ਸਰਦੂਲ ਸਿਕੰਦਰ ਹੋਰੀ ਤਿੰਨ ਭਰਾ ਸਨ ਸਭ ਤੋਂ ਵੱਡਾ ਗਮਦੂਰ, ਇਸ ਤੋਂ ਛੋਟਾ ਭਰਭੂਰ ਅਲੀ, ਸਭ ਤੋਂ ਛੋਟਾ ਸਰਦੂਲ ਸਿਕੰਦਰ ਸੀ। ਸਰਦੂਲ ਫ਼ਾਰਸੀ ਦਾ ਸ਼ਬਦ ਹੈ ਜਿਸ ਦਾ ਮਤਲਬ ਬੱਬਰ ਸ਼ੇਰ ਹੁੰਦਾ ਹੈ। ਸਿਕੰਦਰ ਸ਼ਬਦ ਸਿਕੰਦਰ ਮਹਾਨ ਹੋਣ ਕਰਕੇ ਇਸ ਦੇ ਨਾਮ ਨਾਲ ਦਰਸ਼ਕਾਂ ਨੇ ਲਾ ਦਿੱਤਾ। ਇਹ ਤਿਨੇ ਭਰਾ 1976-77 ਵਿੱਚ ਬਹੁਤ ਵਧੀਆ ਧਾਰਮਿਕ ਪ੍ਰੋਗਰਾਮ ਕਰਦੇ ਸਨ। ਸਰਦੂਲ ਸਿਕੰਦਰ ਬਹੁਤ ਵਧੀਆ ਕੀਰਤਨ ਕਰ ਲੈਂਦਾ ਸੀ। ਪਰ ਅਫ਼ਸੋਸ ਅੱਜ ਤਿੰਨੇ ਭਰਾ ਹੀ ਇਸ ਦੁਨੀਆਂ 'ਤੇ ਨਹੀ ਹਨ।

ਸਰਦੂਲ ਸਿਕੰਦਰ ਦਾ ਵਿਆਹ ਫ਼ਿਲਮੀ ਕਲਾਕਾਰ ਅਮਰ ਨੂਰੀ ਨਾਲ 1993 ਵਿੱਚ ਹੋਇਆ। ਇਸ ਦੇ ਘਰ ਦੋ ਪੁਤਰਾਂ ਅਲਾਪ ਸਿਕੰਦਰ ਅਤੇ ਸਾਰੰਗ ਸਿਕੰਦਰ ਨੇ ਜਨਮ ਲਿਆ, ਦੋਵੇ ਹੀ ਸੰਗੀਤਕ ਇੰਡਸਟਰੀ ਨਾਲ ਜੁੜੇ ਹੋਏ ਹਨ।

ਸਰਦੂਲ ਸਿਕੰਦਰ ਨੇ ਆਪਣੀ ਗਾਇਕੀ ਦੀ ਸ਼ੁਰੂਆਤ 1980 ਵਿੱਚ ਰੇਡੀਓ ਅਤੇ ਟੈਲੀਵੀਜ਼ਨ ਤੋਂ ਸ਼ੁਰੂ ਕੀਤੀ। ਸਰਦੂਲ ਸਿਕੰਦਰ ਇੱਕ ਵਾਰ ਦਿੱਲੀ ਐਚ ਐਮ ਵੀ ਕੰਪਨੀ ਵਿੱਚ ਕਰਤਾਰ ਰਮਲੇ ਦੇ ਗੀਤ ਵਿੱਚ ਤੂੰਬੀ ਵਜਾਉਣ ਗਿਆ ਉੱਥੇ ਇਹ ਆਪਣੀ ਆਵਾਜ਼ ਵਿੱਚ ਗੁਣ ਗੁਣਾ ਰਿਹਾ ਸੀ ਅਤੇ ਇਸ ਦੀ ਆਵਾਜ਼ ਕੰਪਨੀ ਦੇ ਕੰਨੀ ਪੈ ਗਈ। ਕੰਪਨੀ ਨੇ ਇਸ ਨੂੰ ਰਿਕਾਡਿੰਗ ਲਈ ਹਾਮੀ ਭਰ ਦਿੱਤੀ। ਇਹ ਮਜ਼ਾਕੀਆ ਸੁਭਾਹ ਦਾ ਇੰਨਸਾਨ ਸੀ ਇਹ ਹੋਰ ਵਿਅਕਤੀਆਂ ਦੀ ਬੋਲੀ ਆਪਣੀ ਆਵਾਜ਼ ਵਿੱਚ ਸਹਿਜੇ ਹੀ ਬੋਲ ਲੈਂਦਾ ਸੀ। ਲਗਭਗ 1980 ਨੂੰ ਐਚ ਐਮ ਵੀ ਕੰਪਨੀ ਵਿੱਚ ਇਸ ਦੀ ਇਕ ਕੈਸਿਟ 'ਆ ਗਈ ਰੋਡਵੇਜ਼ ਦੀ ਲਾਰੀ' ਆਈ ਇਸ ਗੀਤ ਵਿੱਚ ਇਸ ਨੇ ਕਈ ਕਲਾਕਾਰਾਂ ਦੇ ਸਟਾਇਲ ਨੂੰ ਆਪਣੀ ਆਵਾਜ਼ ਵਿੱਚ ਗਾਇਆ ਜੋ ਬੇਹੱਦ ਮਕਬੂਲ ਹੋਇਆ ਸੀ ਅਤੇ ਇਸ ਗੀਤ ਤੋਂ ਹੀ ਇਸ ਦੀ ਗਾਇਕੀ ਦਾ ਮੁੱਢ ਬੱਝਿਆ ਸੀ।

ਜਦ ਸਾਡੀ ਪੰਜਾਬੀ ਗਾਇਕੀ 'ਤੇ ਪੱਛਮੀ ਸੱਭਿਆਚਾਰ ਦਾ ਅਸਰ ਹੋਣ ਲੱਗਿਆ ਤਾਂ ਸਾਡੇ ਗਾਇਕਾਂ ਨੇ ਆਪਣੀ ਗਾਇਕੀ ਦੀ ਟਿਊਨ ਬਦਲਣੀ ਸ਼ੁਰੂ ਕਰ ਦਿੱਤੀ ਫਿਰ ਇਸ ਨੇ ਸਮਸ਼ੇਰ ਸੰਧੂ ਦਾ ਲਿਖਿਆ ਗੀਤ ਗਾਇਆ 'ਗਾਉਣ ਵਾਲਿਆਂ ਨੂੰ ਡਿਸਕੋ ਬੁਖਾਰ ਹੋ ਗਿਆ' ਇਹ ਗੀਤ ਬੇਹੱਦ ਮਕਬੂਲ ਹੋਇਆ।

ਇਸ ਦੇ ਹੋਰ ਗੀਤ, ਸਿੱਖ ਲੈ ਕਲਿਹਰੀਆ ਮੋਰਾ ਤੁਰਨਾ ਤੋਰ ਪੰਜਾਬਣ ਦੀ, ਫੁੱਲਾਂ ਦੀਏ ਕੱਚੀਏ ਵਪਾਰਨੇ, ਸਾਡਿਆਂ ਪਰਾਂ ਤੋਂ ਸਿੱਖੀ ਉਡਣਾ, ਇੱਕ ਚਰਖ਼ਾ ਗਲੀ ਦੇ ਵਿੱਚ ਡਾਹ ਲਿਆ, ਹਾਸੇ ਨਾਲ ਸੀ ਚਲਾਵਾਂ ਫੁੱਲ ਮਾਰਿਆ, ਭਾਬੀਏ ਗਿੱਧੇ ਦੇ ਵਿੱਚ ਨੱਚ ਲੈ, ਤੇਰਾ ਲਿਖਦੂ ਸਫੈਦਿਆਂ 'ਤੇ ਨਾਂ ਆਦਿ ਬਹੁਤ ਸਾਰੇ ਹਿਟ ਗੀਤ ਗਾ ਕੇ ਸਰੋਤਿਆਂ ਦੀ ਝੋਲੀ ਪਾਏ। ਸਰਦੂਲ ਸਿਕੰਦਰ ਨੇ ਲਗਭਗ 50 ਦੇ ਕਰੀਬ ਸੰਗੀਤ ਦੀਆਂ ਐਲਬਮਾਂ ਸਰੋਤਿਆਂ ਦੀ ਝੋਲੀ ਪਾਈਆਂ।

ਇਸ ਨੇ ਬਹੁਤ ਸਾਰੀਆਂ ਫਿਲਮਾਂ ਵਿੱਚ ਕੰਮ ਕੀਤਾ ਜਿਵੇ ਜੱਗਾ ਡਾਕੂ, ਖੁਸ਼ੀਆਂ, ਪਿੰਡ ਦੀ ਕੁੜੀ, ਚੂੜੀਆਂ, ਪੰਚਾਇਤ, ਪੁਲੀਸ ਇੰਨ ਪੋਲੀਵੁਡ ਆਦਿ ਫਿਲਮਾਂ ਵਿੱਚ ਕੰਮ ਕੀਤਾ।

ਸਰਦੂਲ ਸਕੰਦਰ ਦੇ ਸਰੀਰ ਛੱਡਣ ਤੋਂ ਪੰਜ ਸਾਲ ਪਹਿਲਾਂ ਸਰਦੂਲ ਸਿਕੰਦਰ ਦਾ ਗੁਰਦਾ ਬਦਲੀ ਕੀਤਾ ਗਿਆ ਇਹ ਗੁਰਦਾ ਅਮਰ ਨੂਰੀ ਵੱਲੋਂ ਦਿੱਤਾ ਗਿਆ ਸੀ। ਕਰੋਨਾ ਦੀ ਲਹਿਰ ਵੇਲੇ ਦਸੰਬਰ 2020 ਵਿੱਚ ਸਰਦੂਲ ਸਿਕੰਦਰ ਨੂੰ ਕਰੋਨਾ ਪਾਜ਼ਿਟਵ ਆ ਗਿਆ ਅਤੇ ਸਾਹ ਲੈਣ ਵਿੱਚ ਸਮੱਸਿਆ ਆ ਰਹੀ ਸੀ। ਇਸ ਕਰਕੇ ਡੇਢ ਮਹੀਨਾ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਦਾਖ਼ਲ ਰਿਹਾ, ਉਹ ਦਿਲ ਅਤੇ ਸ਼ੂਗਰ ਦਾ ਮਰੀਜ਼ ਵੀ ਸੀ ਉਸ ਦੀ ਹਾਲਤ ਦਿਨੋ ਦਿਨ ਵਿਗੜਦੀ ਜਾ ਰਹੀ ਕਰਕੇ 24 ਫ਼ਰਵਰੀ 2021 ਨੂੰ ਸਾਡੇ ਕੋਲੋ ਸਦਾ ਲਈ ਵਿੱਛੜ ਗਿਆ। 25 ਫ਼ਰਵਰੀ ਨੂੰ ਉਸ ਦੇ ਪਿੰਡ ਖੇੜੀਨੋਧ ਸਿੰਘ ਵਿਖੇ ਸਪੁਰਦ-ਏ-ਖਾਕ ਕੀਤਾ ਗਿਆ।

# ਬਦਲਾਅ ਲਿਆਉਣ ਵੱਲ ਤੁਰਿਆ ਪੰਜਾਬੀ ਸਿਨੇਮਾ

ਸੁਰਜੀਤ ਜੱਸਲ




ਪੰਜਾਬੀ ਸਿਨੇਮਾ ਨੇ ਸਮੇਂ ਦੇ ਬਦਲਣ ਅਨੁਸਾਰ ਆਪਣੇ ਰੰਗ ਵੀ ਬਦਲੇ ਹਨ ਅਤੇ ਬੀਤੇ ਸਮੇਂ ਵਿੱਚ ਕਈ ਮਿਆਰੀ ਫ਼ਿਲਮਾਂ ਵੀ ਬਣੀਆਂ ਹਨ, ਜਿਸ ਤੋਂ ਪਤਾ ਚਲਦਾ ਹੈ ਕਿ ਪੰਜਾਬੀ ਸਿਨੇਮਾ ਦਾ ਭਵਿੱਖ ਚੰਗੇਰਾ ਰਹੇਗਾ। ਫ਼ਿਲਮਾਂ ਦਾ ਮਕਸਦ ਦਰਸ਼ਕਾਂ ਦਾ ਮਨੋਰੰਜਨ ਕਰਨ ਦੇ ਨਾਲ ਨਾਲ ਸਮਾਜ ਪ੍ਰਤੀ ਨਜ਼ਰੀਏ ਵਿੱਚ ਇੱਕ ਤਬਦੀਲੀ ਲਿਆਉਣਾ ਵੀ ਹੈ। ਪੰਜਾਬੀ ਸਿਨੇਮਾ ਦਾ ਰੂਪ ਹਰ ਸਾਲ ਬਦਲ ਰਿਹਾ ਹੈ। ਕਹਾਣੀਆਂ ਵਿੱਚ ਆ ਰਹੀ ਗਹਿਰਾਈ ਅਤੇ ਪਾਤਰਾਂ ਦੀ ਗੰਭੀਰਤਾ ਮੁੱਖ ਚੀਜ਼ ਬਣ ਗਈ ਹੈ।

ਪੰਜਾਬੀ ਸਿਨੇਮਾ ਨੇ ਪਿਛਲੇ ਸਾਲ ਦਰਸ਼ਕਾਂ ਨੂੰ ਨਵੀਆਂ ਕਹਾਣੀਆਂ ਨਾਲ ਰੂ-ਬ-ਰੂ ਕਰਵਾ ਕੇ ਸਿਨੇਮਾ ਦਾ ਰੂਪ ਹੀ ਬਦਲ ਦਿੱਤਾ। ਨਿਰਦੇਸ਼ਕ ਅਮਰ ਹੁੰਦਲ ਦੀ ਪੰਜਾਬੀ ਫ਼ਿਲਮ 'ਵਾਰਨਿੰਗ' ਦੇ ਰਿਲੀਜ਼ ਤੋਂ ਬਾਅਦ ਅੱਗੇ ਆਉਣ ਵਾਲੀਆਂ ਫ਼ਿਲਮਾਂ ਦੀ ਕਹਾਣੀ ਵਿੱਚ ਗੰਭੀਰਤਾ ਆਉਣ ਲੱਗੀ। 2023 ਵਿੱਚ ਪੰਜਾਬੀ ਸਿਨਮਾ ਨੇ ਸਾਨੂੰ 50 ਦੇ ਕਰੀਬ ਫ਼ਿਲਮਾਂ ਦਿੱਤੀਆਂ, ਜਿਨ੍ਹਾਂ ਨੇ ਸਾਡੀ ਜ਼ਿੰਦਗੀ ਨੂੰ ਹਰ ਪੱਖ ਤੋਂ ਪ੍ਰਭਾਵਿਤ ਕੀਤਾ।

ਪਿਛਲੇ ਸਾਲ ਫ਼ਰਵਰੀ ਵਿੱਚ ਹਰਿੰਦਰ ਕੌਰ ਵੱਲੋਂ ਲਿਖੀ ਅਤੇ ਵਿਜੈ ਕੁਮਾਰ ਅਰੋੜਾ ਵੱਲੋਂ ਨਿਰਦੇਸ਼ਿਤ ਕੀਤੀ ਫ਼ਿਲਮ 'ਕਲੀ ਜੋਟਾ' ਔਰਤ ਦੀ ਸਮਾਜ ਵਿੱਚ ਮਾੜੀਆਂ ਪ੍ਰਸਥਿਤੀਆਂ ਵਿੱਚੋਂ ਗੁਜ਼ਰ ਕੇ ਆਪਣੀ ਮਾਨਸਿਕ ਸਥਿਤੀ ਗਵਾ ਦੇਣਾ ਵਿਖਾਉਂਦੀਹੈ। ਨੀਰੂ ਬਾਜਵਾ ਦੇ ਕਿਰਦਾਰ 'ਰਾਬੀਆ' ਵਿੱਚ ਉਸ ਦੀ ਬਾਕਮਾਲ ਅਦਾਕਾਰੀ ਦਿਲਾਂ ਨੂੰ ਹਲੂਣ ਦਿੰਦੀ ਹੈ। ਕਾਲਜ ਦੇ ਪਿਆਰ ਤੋਂ ਸਕੂਲ ਅਧਿਆਪਕ ਅਤੇ ਅਧਿਆਪਕ ਤੋਂ ਪਾਗਲਖਾਨੇ ਤੱਕ ਦਾ ਉਸ ਦਾ ਸਫ਼ਰ ਸਾਨੂੰ ਸਮਾਜ 'ਤੇ ਵਿਚਾਰ ਕਰਨ ਲਈ ਮਜਬੂਰ ਕਰਦਾ ਹੈ। ਫ਼ਿਲਮ ਦਾ ਇਹ ਵਿਸ਼ਾ ਸਮਾਜ ਦੀ ਅਸਲ ਮਾਨਸਿਕਤਾ ਦੱਸਦਾ ਹੋਇਆ ਸਾਨੂੰ ਆਪਣੀ ਸੋਚ ਵਿੱਚ ਤਬਦੀਲੀ ਲਿਆਉਣ ਦੀ ਸਲਾਹ ਦਿੰਦਾ ਹੈ। ਇਸ ਫ਼ਿਲਮ ਦਾ ਖ਼ੂਬਸੂਰਤ ਗੀਤ 'ਰੁਤਬਾ' ਵੀ ਪ੍ਰਸ਼ੰਸਕਾਂ ਦੇ ਬੁੱਲ੍ਹਾਂ 'ਤੇ ਕਾਫ਼ੀ ਸਮੇਂ ਤੱਕ ਗੂੰਜਦਾ ਰਿਹਾ। ਇਹ ਫ਼ਿਲਮ ਸਾਲ ਦੀ ਸ਼ੁਰੂਆਤ ਵਿੱਚ ਆਪਣੀ ਸਫ਼ਲਤਾ ਦੇ ਝੰਡੇ ਗੱਡਦੀ ਹੋਈ ਪੰਜਾਬੀ ਦਰਸ਼ਕਾਂ ਵਿੱਚ ਚਰਚਾ ਦਾ ਵਿਸ਼ਾ ਬਣੀ।




ਇਸੇ ਮਹੀਨੇ ਤਿੰਨ ਹੋਰ ਫ਼ਿਲਮਾਂ- 'ਤੂੰ ਹੋਵੇਂ ਮੈਂ ਹੋਵਾਂ', 'ਗੋਲ ਗੱਪੇ' ਅਤੇ 'ਜੀ ਵਾਈਫ਼ ਜੀ' ਰਿਲੀਜ਼ ਹੋਈਆਂ। ਇਨ੍ਹਾਂ ਵਿੱਚੋਂ 'ਤੂੰ ਹੋਵੇਂ ਮੈਂ ਹੋਵਾਂ' ਫ਼ਿਲਮ ਵਿਆਹੇ ਜੋੜੇ ਦੇ ਰਿਸ਼ਤੇ ਦੀਆਂ ਟੁੱਟਦੀਆਂ ਗੰਢਾਂ ਦਾ ਪ੍ਰਭਾਵ, ਉਨ੍ਹਾਂ ਦੇ ਬੱਚਿਆਂ ਦੇ ਨਜ਼ਰੀਏ ਅਤੇ ਉਨ੍ਹਾਂ ਦੀ ਆਪਣੀ ਜ਼ਿੰਦਗੀ ਦੀ ਉਲਟ-ਪੁਲਟ ਵਿੱਚ ਵਿਖਾਇਆ ਗਿਆ ਹੈ। ਇਹ ਫ਼ਿਲਮ ਭਾਵੁਕਤਾ ਦੇ ਨਾਲ-ਨਾਲ ਕਾਮੇਡੀ ਭਰਪੂਰ ਵੀ ਹੈ। 'ਗੋਲ ਗੱਪੇ' ਅਤੇ 'ਜੀ ਵਾਈਫ਼ ਜੀ' ਦੋਵੇਂ ਫ਼ਿਲਮਾਂ ਦਰਸ਼ਕਾਂ ਲਈ ਮਨੋਰੰਜਨ ਭਰਪੂਰ ਸਾਬਤ ਹੋਈਆਂ। ਮਾਰਚ ਮਹੀਨੇ ਦੀ ਸ਼ੁਰੂਆਤ ਗਿੱਪੀ ਗਰੇਵਾਲ ਦੀ ਫ਼ਿਲਮ 'ਮਿੱਤਰਾਂ ਦਾ ਨਾਂ ਚੱਲਦਾ' ਨਾਲ ਹੁੰਦੀ ਹੈ। ਇਹ ਫ਼ਿਲਮ ਚਾਰ ਕੁੜੀਆਂ 'ਤੇ ਲੱਗੇ ਇਲਜ਼ਾਮ ਦੀ ਵਕਾਲਤੀ ਜੰਗ ਨੂੰ ਹਕਲਾਅ ਕੇ ਗੱਲ ਕਰਨ ਵਾਲੇ ਇਨਸਾਨ ਦੇ ਨਜ਼ਰੀਏ ਤੋਂ ਪੇਸ਼ ਕਰਦੀ ਹੈ। ਇਸ ਫ਼ਿਲਮ ਵਿੱਚ ਔਰਤਾਂ 'ਤੇ ਹੁੰਦੇ ਅੱਤਿਆਚਾਰਾਂ ਦੀ ਪੇਸ਼ਕਾਰੀ ਕੀਤੀ ਗਈ ਹੈ।




ਜਗਦੀਪ ਵੜਿੰਗ ਵੱਲੋਂ ਲਿਖੀ ਅਤੇ ਉਦੈ ਪ੍ਰਤਾਪ ਸਿੰਘ ਵੱਲੋਂ ਨਿਰਦੇਸ਼ਿਤ ਫ਼ਿਲਮ 'ਐਸ ਜਹਾਨੋਂ ਦੂਰ ਕਿਤੇ ਚੱਲ ਜਿੰਦੀਏ' ਬਾਕੀ ਫ਼ਿਲਮਾਂ ਨਾਲੋਂ ਚੰਗੀ ਸਾਬਤ ਹੋਈ। ਬੇਗਾਨੇ ਮੁਲਕ ਵਿੱਚ ਵੱਸਦੇ ਪੰਜਾਬੀਆਂ ਦੀ ਅਣਕਹੀ ਕਹਾਣੀ 'ਤੇ ਬਣੀ ਇਹ ਫ਼ਿਲਮ ਦਰਸ਼ਕਾਂ ਦੀਆਂ ਅੱਖਾਂ ਵਿੱਚੋਂ ਹੰਝੂ ਕੱਢਾ ਕੇ ਆਪਣਾ ਸੁਨੇਹਾ ਦਿੰਦੀ ਹੈ। ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਬਾਹਰ ਗਏ ਪੰਜਾਬੀਆਂ ਨੂੰ ਜਦ ਉਧਰਲੇ ਸਮਾਜ ਦੇ ਵੱਖਰ ਤੌਰ ਤਰੀਕਿਆਂ ਅਤੇ ਪ੍ਰਸਥਿਤੀਆਂ ਵਿੱਚੋਂ ਗੁਜ਼ਰ ਕੇ ਸੰਘਰਸ਼ ਕਰਨਾ ਪੈਂਦਾ ਹੈ, ਉਦੋਂ ਉਨ੍ਹਾਂ ਨੂੰ ਆਪਣੀ ਮਿੱਟੀ ਤੋਂ ਵੱਖ ਹੋਣ ਦਾ ਮੁੱਲ ਪਤਾ ਲੱਗਦਾ ਹੈ।




ਜੈ ਰੰਧਾਵਾ ਦੀ ਫ਼ਿਲਮ 'ਮੈਡਲ' ਦਾ ਐਕਸ਼ਨ ਬੌਲੀਵੁੱਡ ਅਤੇ ਸਾਊਥ ਦੀਆਂ ਸ਼ਾਨਦਾਰ ਫ਼ਿਲਮਾਂ ਦੇ ਐਕਸ਼ਨ ਦਾ ਪੱਧਰ ਨਾਲ ਆ ਕੇ ਖੜ੍ਹਦਾ ਹੈ। ਫ਼ਿਲਮ ਵਿੱਚ ਜੈ ਰੰਧਾਵਾ ਵੱਲੋਂ ਨਿਭਾਏ ਕਿਰਦਾਰ ਦੀ ਜ਼ਿੰਦਗੀ ਦੇ ਦੋ ਪਹਿਲੂ ਉਸ ਨੂੰ ਕਲਾ ਪ੍ਰਤੀ ਗੰਭੀਰ ਅਦਾਕਾਰ ਸਿੱਧ ਕਰਦੇ ਹਨ। ਫ਼ਿਲਮ ਦੀ ਐਕਸ਼ਨ ਕੋਰਿਓਗ੍ਰਾਫ਼ੀ ਇਸ ਦੀ ਜਾਨ ਹੈ।

ਅਗਸਤ ਵਿੱਚ ਸਰਨ ਆਰਟ ਵੱਲੋਂ ਨਿਰਦੇਸ਼ਿਤ ਫ਼ਿਲਮ 'ਮਸਤਾਨੇ' ਰਿਲੀਜ਼ ਹੁੰਦੀ ਹੈ ਜਿਸ ਦੇ ਪ੍ਰਭਾਵ ਸਦਕਾ ਅਗਲੇ ਇੱਕ ਮਹੀਨੇ ਤੱਕ ਇਸ ਦੇ ਸਾਰੇ ਸ਼ੋਅ ਹਾਊਸਫ਼ੁੱਲ ਰਹੇ। ਬੌਲੀਵੁੱਡ ਪੱਧਰ ਦੇ ਸੈੱਟ ਡਿਜ਼ਾਇਨ 'ਚ ਨਵਾਬਾਂ ਦੇ ਰਾਜ ਵੇਲੇ ਦੀ ਕਹਾਣੀ ਦੱਸਦੀ ਇਹ ਫ਼ਿਲਮ ਔਰਤਾਂ 'ਤੇ ਹੁੰਦੇ ਅੱਤਿਆਚਾਰਾਂ ਦਾ ਟਾਕਰਾਂ ਕਰਨ ਲਈ ਸਿੱਖਾਂ ਦਾ ਸੰਘਰਸ਼ ਵਿਖਾਉਂਦੀ ਹੈ। ਪੰਜਾਬੀ ਤੋਂ ਇਲਾਵਾ ਇਸ ਫ਼ਿਲਮ ਨੂੰ ਤਮਿਲ, ਤੇਲਗੂ ਅਤੇ ਮਰਾਠੀ ਵਿੱਚ ਵੀ ਡੱਬ ਕਰਕੇ ਰਿਲੀਜ਼ ਕੀਤਾ ਗਿਆ। ਤਰਸੇਮ ਜੱਸੜ, ਗੁਰਪ੍ਰੀਤ ਘੁੱਗੀ, ਬਨਿੰਦਰ ਬਨੀ, ਕਰਮਜੀਤ ਅਨਮੋਲ, ਹਨੀ ਮੱਟੂ ਦੇ ਮਸਤ ਕਿਰਦਾਰਾਂ 'ਤੇ ਪਿਆ ਸਿੱਖਾਂ ਦਾ ਪ੍ਰਭਾਵ ਫ਼ਿਲਮ ਦੇ ਕਲਾਈਮੈਕਸ ਵਿੱਚ ਦਸਤਾਰ ਸਜਾ ਕੇ ਮੁਗਲਾਂ ਨਾਲ ਲੜਨ ਵਿੱਚ ਵਿਖਾਇਆ ਗਿਆ ਹੈ। ਫ਼ਿਲਮ ਦੇ ਆਖ਼ਰ ਵਿੱਚ ਗੁਰਪ੍ਰੀਤ ਘੁੱਗੀ ਦੇ ਕਿਰਦਾਰ ਵੱਲੋਂ ਕੀਤੀ ਅਰਦਾਸ ਵਿੱਚ ਸਿਨੇਮਾ ਅੰਦਰ ਬੈਠੇ ਦਰਸ਼ਕ ਵੀ ਸੀਟ ਤੋਂ ਖੜ੍ਹੇ ਹੋ ਕੇ ਸਿਰ ਢੱਕ ਕੇ ਸ਼ਾਮਲ ਹੋਏ। ਇਸ ਤੋਂ ਵੱਡਾ ਸਿਨੇਮਾ ਦਾ ਦਰਸ਼ਕਾਂ ਉੱਪਰ ਪ੍ਰਭਾਵ ਹੋਰ ਕਿਤੇ ਨਹੀਂ ਵੇਖਿਆ ਗਿਆ ਹੋਵੇਗਾ। ਇਸ ਫ਼ਿਲਮ ਨੇ 69 ਕਰੋੜ ਦੀ ਕਮਾਈ ਕੀਤੀ।

ਨਸ਼ਿਆਂ ਦੇ ਮੁੱਦੇ ਨੂੰ ਲੈ ਕੇ ਇਸ ਸਾਲ ਦੋ ਫ਼ਿਲਮਾਂ 'ਜ਼ਿੰਦਗੀ ਜ਼ਿੰਦਾਬਾਦ' ਅਤੇ 'ਵ੍ਹਾਈਟ ਪੰਜਾਬ' ਰਿਲੀਜ਼ ਹੋਈਆਂ। 'ਜ਼ਿੰਦਗੀ ਜ਼ਿੰਦਾਬਾਦ' ਰਾਹੀਂ ਪ੍ਰੇਮ ਸਿੰਘ ਸਿੱਧੂ ਨੇ ਨਸ਼ਿਆਂ ਦੇ ਦਲਦਲ ਨੂੰ ਹਰ ਪੱਖੋਂ ਵਿਖਾ ਕੇ ਨਿਰਦੇਸ਼ਿਤ ਕੀਤਾ। ਦੂਜੇ ਪਾਸੇ ਫ਼ਿਲਮ 'ਵ੍ਹਾਈਟ ਪੰਜਾਬ' 'ਚ ਵੀ ਨਸ਼ੇ ਦੇ ਜਾਲ 'ਚ ਫ਼ਸੀ ਪੰਜਾਬ ਦੀ ਨੌਜਵਾਨੀ ਨੂੰ ਬਾਹਰ ਕੱਢਣ ਦਾ ਯਤਨ ਕੀਤਾ ਗਿਆ।

ਬੀਤੇ ਸਾਲ ਪੰਜਾਬੀ ਸਿਨੇਮਾ ਨੇ ਆਪਣੇ ਜੌਹਰ ਹਰ ਜਗ੍ਹਾ ਵਿਖਾਏ। ਫ਼ਿਲਮ 'ਮਸਤਾਨੇ' ਅਤੇ 'ਚੇਤਾ ਸਿੰਘ' ਦੀ ਬੌਲੀਵੁੱਡ ਦੀਆਂ ਫ਼ਿਲਮਾਂ ਨਾਲ ਤੁਲਨਾ ਕਰਕੇ ਵੱਖ ਵੱਖ ਮੀਡੀਆ ਚੈਨਲਾਂ ਨੇ ਇਸ ਦੀ ਪ੍ਰਸ਼ੰਸਾ ਕੀਤੀ। ਹੁਣ ਸਾਲ 2024 ਵਿੱਚ ਵੀ ਚੰਗੀਆਂ ਪੰਜਾਬੀ ਫ਼ਿਲਮਾਂ ਬਣਨ ਦੀ ਉਮੀਦ ਹੈ।

# ਕੀ ਮਹਿਲਾ ਪਹਿਲਵਾਨਾਂ ਨੂੰ ਮਿਲੇਗਾ ਇਨਸਾਫ਼ ?

## ਪਹਿਲਵਾਨ ਜਾਟ ਧੀ ਨੇ ਸਾਬਿਤ ਕੀਤਾ ਕਿ ਹੈਂਕੜਬਾਜ਼ ਸਰਕਾਰ ਖ਼ਿਲਾਫ਼ ਲੜਿਆ ਤੇ ਜਿੱਤਿਆ ਜਾ ਸਕਦੈ



ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ






ਬਾਹੂ-ਬਲੀਏ ਗੈਂਗ ਗਰੁੱਪ ਦੀਆਂ ਵਧੀਕੀਆਂ ਤੋਂ ਹਾਰੀ ਪਹਿਲਵਾਨ ਸਾਕਸ਼ੀ ਮਲਿਕ ਨੇ ਉਸੇ ਦਿਨ ਹੀ ਆਪਣੇ ਪਹਿਲਵਾਨੀ ਬੂਟ ਮੇਜ਼ 'ਤੇ ਰੱਖ ਕੇ ਸੰਨਿਆਸ ਲੈ ਲਿਆ ਸੀ, ਜਿਸ ਦਿਨ ਸੰਜੇ ਸਿੰਘ ਦੇ ਨਾਂਅ ਦੀ ਭਾਰਤੀ ਕੁਸ਼ਤੀ ਫ਼ੈਡਰੇਸ਼ਨ ਦੀ ਪ੍ਰਧਾਨ ਬਣਨ ਦੀ ਘੋਸ਼ਣਾ ਹੋਈ ਸੀ। ਉਸ ਨੇ ਸਾਫ਼-ਸਾਫ਼ ਕਿਹਾ ਕਿ ਮੌਜੂਦਾ ਕੇਂਦਰੀ ਸਰਕਾਰ ਨੇ ਆਪਣਾ ਦਿੱਤਾ ਉਹ ਵਚਨ ਆਪ ਹੀ ਭੰਗ ਕਰ ਦਿੱਤਾ ਹੈ, ਜਿਸ ਉੱਤੇ ਅਸੀਂ ਭਰੋਸਾ ਕਰਕੇ ਆਪਣਾ ਅੰਦੋਲਨ ਵਾਪਸ ਲਿਆ ਸੀ। ਭਰੋਸਾ ਇਹ ਦਿੱਤਾ ਗਿਆ ਸੀ ਕਿ ਸੰਬੰਧਤ ਚੋਣਾਂ ਵਿੱਚ ਬਦਨਾਮ ਬ੍ਰਿਜ ਭੂਸ਼ਨ ਨਾ ਆਪ, ਨਾ ਹੀ ਉਸ ਦਾ ਕੋਈ ਨੇੜਲਾ ਭਾਗ ਲਵੇਗਾ। ਚੋਣਾਂ ਅਜ਼ਾਦ ਅਤੇ ਬਿਨਾਂ ਬ੍ਰਿਜ ਭੂਸ਼ਨ ਦੀ ਮਿਲਾਵਟ ਤੋਂ ਹੋਣਗੀਆਂ, ਪਰ ਹੋਇਆ ਸਭ ਕੁਝ ਦਿੱਤੇ ਭਰੋਸੇ ਦੇ ਉਲਟ। ਜਿੱਤਣ ਵਾਲਾ ਸੰਜੇ ਸਿੰਘ ਬ੍ਰਿਜ ਭੂਸ਼ਣ ਦਾ ਨਜ਼ਦੀਕੀ ਅਤੇ ਉਸ ਦਾ ਕਰੀਬੀ ਪਾਰਟਨਰ ਨਿਕਲਿਆ, ਜਿਸਦੇ ਜਿੱਤਣ ਤੋਂ ਬਾਅਦ ਲੱਗੇ ਨਾਅਰਿਆਂ ਨੇ ਸਭ ਕਾਸੇ ਤੋਂ ਪੜ੍ਹਦਾ ਚੁੱਕ ਕੇ ਬ੍ਰਿਜ ਭੂਸ਼ਨ ਸਭ ਦੇ ਸਾਹਮਣੇ ਨੰਗਾ ਕਰ ਦਿੱਤਾ। ਬ੍ਰਿਜ ਭੂਸ਼ਨ ਦੇ ਲੜਕੇ ਵੱਲੋਂ ਨਾਅਰਿਆਂ ਅਤੇ ਦੀਵਾਰਾਂ ਦੇ ਇਸ਼ਤਿਹਾਰਾਂ ਨੇ ਸਭ ਕਸਰਾਂ ਕੱਢ ਦਿੱਤੀਆਂ, ਜਿਸ ਨਾਲ ਸਭ ਭੁਲੇਖੇ ਦੂਰ ਹੋ ਗਏ। ਲੱਗੇ ਅਤੇ ਲਿਖੇ ਗਏ ਨਾਅਰਿਆਂ 'ਤੇ ਜ਼ਰਾ ਧਿਆਨ ਦਿਓ। ਦਬਦਬਾ ਸੀ, ਦਬਦਬਾ ਹੈ ਅਤੇ ਦਬਦਬਾ ਰਹੇਗਾ। ਜਿਨ੍ਹਾਂ ਨਾਅਰਿਆਂ ਨੇ ਸਾਕਸ਼ੀ ਮਲਿਕ ਗਰੁੱਪ ਵਿੱਚ ਕਾਫ਼ੀ ਨਿਰਾਸ਼ਤਾ ਫ਼ੈਲਾਈ, ਜਿਸਦਾ ਸਾਕਸ਼ੀ ਮਲਿਕ ਧੀ ਨੇ ਤਕੜੀ ਹੋ ਕੇ ਵਿਰੋਧ ਜਿਤਾਇਆ ਅਤੇ ਕੁਸ਼ਤੀ ਬੂਟ ਹਵਾਲੇ ਕਰਕੇ ਕੁਸ਼ਤੀ ਤੋਂ ਸੰਨਿਆਸ ਲੈਣ ਦਾ ਐਲਾਨ ਕਰਕੇ ਆਪਣਾ ਸੁਨੇਹਾ ਢੀਠ ਭਾਰਤੀ ਕੁਸ਼ਤੀ ਦੀ ਫ਼ੈਡਰੇਸ਼ਨ ਦੇ ਮੈਂਬਰਾਂ ਤੋਂ ਲੈ ਕੇ ਖੇਡ ਮੰਤਰਾਲੇ ਦੇ ਮੈਂਬਰਾਂ ਦੇ ਕੰਨਾਂ ਤੱਕ ਸਮੇਤ ਕੇਂਦਰੀ ਸਰਕਾਰ ਪਹੁੰਚਾ ਦਿੱਤਾ। ਇਸ ਸਾਕਸ਼ੀ ਮਲਿਕ ਦੇ ਐਕਸ਼ਨ ਤੋਂ ਬਾਅਦ ਇੱਕ ਹੋਰ ਨੌਜਵਾਨ ਭਰਾ ਸ੍ਰੀ ਬਜਰੰਗ ਪੂਨੀਆ ਨੇ ਵੀ ਆਪਣਾ ਪਦਮਸ੍ਰੀ, ਜੋ ਸਿਰ ਦਾ ਸਿਰਤਾਜ ਸਮਝਿਆ ਜਾਂਦਾ ਹੈ, ਰੋਸ ਵਜੋਂ ਪ੍ਰਧਾਨ ਮੰਤਰੀ ਦੇ ਘਰ ਦੇ ਬਾਹਰ ਉਸ ਦੇ ਪੈਰਾਂ ਦੀ ਮਿੱਟੀ ਵਿੱਚ ਰੱਖ ਕੇ ਸਮੇਤ ਆਪਣੀ ਰੋਹ ਭਰੀ ਚਿੱਠੀ ਰਾਹੀਂ ਆਪਣਾ ਰੋਸ ਪ੍ਰਗਟ ਕਰ ਦਿੱਤਾ। ਇਸ ਤੋਂ ਬਾਅਦ ਪੈਰਾ ਐਥਲੀਟ ਵਰਿੰਦਰ ਸਿੰਘ ਵੀ ਆਪਣਾ ਪਦਮਸ੍ਰੀ ਵਾਪਸ ਕਰਨ ਲਈ ਆਖ ਰਿਹਾ ਹੈ। ਹੋਰ ਵੀ ਖਿਡਾਰੀ ਅਜਿਹਾ ਕਰਨ ਲਈ ਸੋਚ ਰਹੇ ਹਨ।ਕੋਈ ਕੁਝ ਵੀ ਆਖੇ, ਪਰ ਸਾਕਸ਼ੀ ਮਲਿਕ ਦੇ ਐਕਸ਼ਨ ਨੇ ਸਾਫ਼ ਕਰ ਦਿੱਤਾ ਹੈ ਕਿ ਜੇਕਰ ਕੋਈ ਜਾਟ ਹੈ, ਜਿਸਦੀ ਗੱਲ ਸਾਡੇ ਉੱਪ ਰਾਸ਼ਟਰਪਤੀ ਕਰ ਰਹੇ ਹਨ ਤਾਂ ਉਹ ਅਸਲ ਸਾਕਸ਼ੀ ਮਲਿਕ ਹੈ, ਜਿਸ ਨੇ ਲੋਕਾਂ ਦੇ ਸੋਚਣ ਤੋਂ ਵੱਧ ਕੀਤਾ, ਪਰ ਦੂਜੇ ਪਾਸੇ ਉਸ ਸ਼ਖਸੀਅਤ ਵੱਲ ਝਾਤੀ ਮਾਰੋ, ਜੋ ਆਪਣੇ-ਆਪ ਨੂੰ ਕਿਸਾਨ ਅਤੇ ਜਾਟ ਆਖ ਕੇ ਇਸਦੀ ਤੁਲਨਾ ਦੋ ਜਾਤੀਆਂ ਦੇ ਅਪਮਾਨ ਦੀ ਗੱਲ ਕਰ ਰਿਹਾ ਹੈ। ਜਿਸ ਨੇ ਡੇਢ ਸੌ ਤੋਂ ਉੱਪਰ ਕਰੋੜਾਂ ਬੰਦਿਆਂ ਦੀ ਨੁਮਾਇੰਦਗੀ ਕਰਦੇ ਪਾਰਲੀਮੈਂਟ ਮੈਂਬਰਾਂ ਦੀ ਮੈਂਬਰੀ ਰੱਦ ਕਰਦਿਆਂ ਨਾ ਅਸਤੀਫ਼ਾ ਦਿੱਤਾ, ਨਾ ਹੀ ਦੇਣ ਬਾਰੇ ਸੋਚਿਆ। ਜਿਸਦੇ ਮੌਜੂਦਾ ਅਹੁਦੇ 'ਤੇ ਰਹਿੰਦਿਆਂ ਕਿਸਾਨ ਅੰਦੋਲਨ ਦੇ ਚੱਲਦਿਆਂ ਤਕਰੀਬਨ ਸਾਢੇ ਸੱਤ ਸੌ ਕਿਸਾਨ ਔਕੜਾਂ ਦਾ ਮੁਕਾਬਲਾ ਕਰਦੇ ਹੋਏ ਸ਼ਹਾਦਤ ਪ੍ਰਾਪਤ ਕਰ ਗਏ।ਮੋਦੀ ਰਾਜ ਦੌਰਾਨ ਅੱਜ ਵੀ ਅਨੇਕਾਂ ਆਪਣੀਆਂ ਜਾਇਜ਼ ਮੰਗਾਂ ਲਈ ਲੜਦਿਆਂ ਵੱਖ-ਵੱਖ ਸਰਕਾਰਾਂ ਤੋਂ ਵੱਖ-ਵੱਖ ਸਮੇਂ ਡਾਂਗਾਂ ਖਾ ਰਹੇ ਹਨ। ਸਿਰੇ ਦੀ ਠੰਢ ਵਿੱਚ ਪਾਣੀ ਦੀਆਂ ਬੁਛਾੜਾਂ ਦਾ ਸਾਹਮਣਾ ਕਰ ਰਹੇ ਹਨ। ਪਤਾ ਨਹੀਂ ਉਪ ਰਾਸ਼ਟਰਪਤੀ ਜੀ ਤੁਹਾਡੇ ਅੰਦਰਲਾ ਅਖੌਤੀ ਜਾਟਪੁਣਾ ਅਤੇ ਕਿਸਾਨ ਕਦੋਂ ਜਾਗੇਗਾ ? ਅੱਜ ਦੇ ਦਿਨ ਤਾਂ ਤੁਸੀਂ ਹਰਿਆਣੇ ਦੀ ਧੀ ਸਾਕਸ਼ੀ ਮਲਿਕ ਤੋਂ ਕੋਹਾਂ ਦੂਰ ਹੋ।

ਇਹ ਸਾਕਸ਼ੀ ਮਲਿਕ ਦੇ ਜਿੱਤ ਐਕਸ਼ਨ ਦਾ ਕਮਾਲ ਹੈ ਕਿ ਚੁਣੀ ਗਈ ਭਾਰਤੀ ਕੁਸ਼ਤੀ ਫ਼ੈਡਰੇਸ਼ਨ ਦੋ ਦਿਨ ਬਾਅਦ ਹੀ ਭੰਗ ਕਰ ਦਿੱਤੀ ਹੈ। ਉਸ ਦੀ ਜਗ੍ਹਾ ਨਵੀਂ ਐਡਹਾਕ ਕਮੇਟੀ ਸ੍ਰੀ ਬਾਜਵਾ ਦੀ ਨਿਗਰਾਨੀ ਹੇਠ ਤਿੰਨ ਮੈਂਬਰਾਂ ਦੀ ਕਮੇਟੀ ਬਣਾ ਦਿੱਤੀ ਹੈ। ਹੌਲੀ-ਹੌਲੀ ਬਾਕੀ ਭਰੋਸੇ ਵੀ ਬਹਾਲ ਕੀਤੇ ਜਾ ਰਹੇ ਹਨ। ਉਪਰੋਕਤ ਕਹਾਣੀ ਦੇ ਪਿੱਛੇ ਅਸਲ ਡਾਇਰੈਕਟਰ ਬ੍ਰਿਜ ਭੂਸ਼ਨ ਉਹ ਪਹਿਲਵਾਨ ਪਾਰਲੀਮੈਂਟ ਮੈਂਬਰ ਹੈ, ਜੋ ਪੰਜ ਵਾਰ ਲਈ ਮੈਂਬਰ ਪਾਰਲੀਮੈਂਟ ਮੈਂਬਰ ਚੁਣਿਆ ਗਿਆ, ਜਿਸ ਵਿੱਚੋਂ ਇੱਕ ਵਾਰ ਐੱਸ ਪੀ ਤੇ ਚਾਰ ਵਾਰ ਤੋਂ ਭਾਜਪਾ ਦਾ ਮੈਂਬਰ ਚਲਿਆ ਆ ਰਿਹਾ ਹੈ। ਬਾਹੂ-ਬਲੀ ਹੋਣ ਕਰਕੇ ਉਸ ਦਾ ਆਪਣਾ ਇੱਕ ਗਰੁੱਪ ਹੈ। ਉਸ ਨਾਲ ਕੋਈ ਪੰਗਾ ਨਹੀਂ ਲੈਣਾ ਚਾਹੁੰਦਾ। ਉਸ ਦੇ ਭਾਰਤੀ ਕੁਸ਼ਤੀ ਫ਼ੈਡਰੇਸ਼ਨ ਦੇ ਪ੍ਰਧਾਨ ਰਹਿੰਦਿਆਂ ਭਾਰਤ ਦੀਆਂ ਖਿਡਾਰਨ ਧੀਆਂ ਨੇ ਲਗਭਗ ਵੱਖ-ਵੱਖ ਧਾਰਾਵਾਂ ਹੇਠ ਤਕਰੀਬਨ ਉੱਨੀ ਸ਼ਿਕਾਇਤਾਂ ਦਿੱਤੀਆਂ, ਪਰ ਪ੍ਰਧਾਨ ਦੇ ਬਹੂ-ਬਲੀ ਹੋਣ ਕਰਕੇ ਇੱਕ ਵੀ ਸ਼ਿਕਾਇਤ ਐੱਫ ਆਈ ਆਰ ਵਿੱਚ ਤਬਦੀਲ ਨਹੀਂ ਕੀਤੀ ਗਈ। ਇੱਥੋਂ ਤਕ ਕਿ ਧੀਆਂ ਖਿਡਾਰਨਾਂ ਦੀ ਸਮੂਹਕ ਆਵਾਜ਼ ਨੂੰ ਵੀ ਦੇਸ਼ ਦੇ ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ ਨੇ ਜਦੋਂ ਪੂਰਨ ਨਜ਼ਰ-ਅੰਦਾਜ਼ ਕਰ ਦਿੱਤਾ, ਫ਼ਿਰ ਸੁਪਰੀਮ ਕੋਰਟ ਦੇ ਦਖ਼ਲ ਨਾਲ ਐੱਫ਼ ਆਈ ਆਰ ਦਰਜ ਹੋਈ, ਜੋ ਵੱਖ-ਵੱਖ ਸਰਕਾਰੀ ਪ੍ਰੈੱਸ਼ਰ ਕਰਕੇ ਕਮਜ਼ੋਰ ਹੀ ਹੋਈ। ਬਣਦੀਆਂ ਧਾਰਾਵਾਂ ਵੀ ਨਾ ਲਾਈਆਂ ਗਈਆਂ। ਮੁਲਜ਼ਮ ਇੰਨਾ ਬਾਹੂ-ਬਲੀ ਨਿਕਲਿਆ ਕਿ ਅਖੀਰ ਡੇਢ ਦਰਜਨ ਸ਼ਿਕਾਇਤਾਂ ਜਾਂ ਸ਼ਿਕਾਇਤਾਂ ਦੇਣ ਵਾਲੇ ਬਾਹੂ-ਬਲੀ ਦੇ ਪ੍ਰਭਾਵ ਸਿਰਫ਼ ਪੌਣੀ ਦਰਜਨ ਤਕ ਸੀਮਤ ਹੋ ਗਏ। ਹੁਣ ਵੀ ਜੋ ਹੋਇਆ ਹੈ, ਉਹ ਕਦੇ ਨਾ ਹੁੰਦਾ ਅਗਰ ਵੀਹ ਸੌ ਚੌਵੀ ਦੀਆਂ ਪਾਰਲੀਮੈਂਟ ਚੋਣਾਂ ਸਿਰ 'ਤੇ ਨਾ ਹੁੰਦੀਆਂ।

ਅਗਰ ਅਸੀਂ ਸਭ ਦਿਲੋਂ ਚਾਹੁੰਦੇ ਹਨ ਕਿ ਅੱਗੇ ਤੋਂ ਅਜਿਹੀਆਂ ਘਟਨਾਵਾਂ ਘੱਟ ਵਾਪਰਨ ਜਾਂ ਨਾ ਵਪਰਨ ਤਾਂ ਸਾਨੂੰ ਸਭ ਨੂੰ ਅੱਜ ਤੋਂ ਹੀ ਸਾਨੂੰ ਕੀ ? ਦੀ ਪਾਲਿਸੀ ਛੱਡ ਕੇ ਹਰ ਮਾੜੇ ਕੰਮ, ਮਾੜੀ ਭਾਸ਼ਾ ਖ਼ਿਲਾਫ਼, ਹਰ ਗਲਤ ਕੰਮ ਖਿਲਾਫ਼ ਖੜ੍ਹੇ ਹੋਣਾ ਚਾਹੀਦਾ ਹੈ, ਲੜਨਾ ਚਾਹੀਦਾ ਹੈ ਅਤੇ ਲੜਨ ਵਾਲਿਆਂ ਲਈ ਸਹੀ-ਸਹੀ ਮਦਦ ਜਟਾਉਣੀ ਚਾਹੀਦੀ ਹੈ। ਹਮੇਸ਼ਾ ਇੱਕ ਵੱਡਾ ਦੁਸ਼ਮਣ ਚੁਣੋ, ਉਸ ਖ਼ਿਲਾਫ਼ ਇਕੱਠੇ ਹੋ ਕੇ ਲੜੋ। ਆਪਸੀ ਮੱਤ-ਭੇਦ ਲੋਕ ਭਲੇ ਲਈ ਭੁਲਾ ਦਿਓ। ਮੌਜੂਦਾ ਕੇਂਦਰ ਸਰਕਾਰ ਨੂੰ ਹਰਾਉਣ ਲਈ ਜੇਕਰ ਮੌਜੂਦਾ ਸਰਕਾਰ ਦੇ ਕੈਂਡੀਡੇਟ ਖ਼ਿਲਾਫ਼ ਇੱਕ ਹੀ ਕੈਂਡੀਡੇਟ ਲੜ ਰਿਹਾ ਹੋਵੇ, ਉਸ ਨੂੰ ਰਲ਼ ਕੇ ਵੋਟਾਂ ਪਾਓ ਅਤੇ ਬਾਕੀਆਂ ਥਾਵਾਂ 'ਤੇ ਵੀ ਪੁਆਓ।ਅਜਿਹਾ ਕਰਨ ਨਾਲ ਹੀ ਹੈਂਕੜਬਾਜ਼ ਸਰਕਾਰ ਖ਼ਿਲਾਫ਼ ਲੜਿਆ ਅਤੇ ਜਿੱਤਿਆ ਜਾ ਸਕਦਾ ਹੈ। ਇਸ ਆਸ ਨਾਲ ਕਿ ਤੁਸੀਂ ਵੋਟਾਂ ਤੋਂ ਪਹਿਲਾਂ ਅੱਛਾ ਮਾਹੌਲ ਬਣਾਓਗੇ, ਫ਼ਿਰ ਵੋਟਾਂ ਵੇਲੇ ਵੋਟਾਂ ਪਾ ਕੇ ਅਤੇ ਬਾਕੀਆਂ ਤੋਂ ਪੁਆ ਕੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਵੱਲ ਵਧੋਗੇ। ਫ਼ਿਰ ਹੀ ਭੁੱਖਿਆਂ ਰਹਿ ਕੇ, ਕਰਜ਼ਾ ਲੈ ਕੇ, ਮਿਹਨਤ ਕਰਕੇ, ਤਮਗੇ ਜਿੱਤਣ ਵਾਲੀਆਂ ਧੀਆਂ ਨੂੰ ਜਿੱਤ ਕੇ ਆਪਣੇ ਸੋਨ ਤਗਮੇ ਵਾਪਸ ਨਹੀਂ ਕਰਨੇ ਪੈਣਗੇ।

# ਕੜਾਕੇ ਦੀ ਠੰਡ 'ਚ ਹੀ ਖੇਡੀਆਂ ਜਾਂਦੀਆਂ ਹਨ ਇਹ 5 ਖੇਡਾਂ









ਦੁਨੀਆਂ ਭਰ ਵਿੱਚ ਕਈ ਤਰ੍ਹਾਂ ਦੀਆਂ ਖੇਡਾਂ ਖੇਡੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ ਕੁਝ ਰੁੱਤ ਅਨੁਸਾਰ ਵੀ ਹਨ। ਕੁਝ ਅਜਿਹੀਆਂ ਮੌਸਮੀ ਖੇਡਾਂ ਹਨ ਜਿਨ੍ਹਾਂ ਨੂੰ ਆਈਸ ਗੇਮਜ਼ ਕਿਹਾ ਜਾਂਦਾ ਹੈ। ਇਹ ਖੇਡਾਂ ਬਰਫ਼ ਵਿੱਚ ਹੀ ਖੇਡੀਆਂ ਜਾਂਦੀਆਂ ਹਨ।

### ਅਲਪਾਈਨ ਸਕੀਇੰਗ

ਸਭ ਤੋਂ ਮਨਪਸੰਦ ਬਰਫ਼ ਦੀ ਖੇਡ ਅਲਪਾਈਨ ਸਕੀਇੰਗ ਹੈ। ਇਸਨੂੰ 1936 ਵਿੱਚ ਵਿੰਟਰ ਉਲੰਪਿਕ ਖੇਡਾਂ ਵਿੱਚ ਪੇਸ਼ ਕੀਤਾ ਗਿਆ ਸੀ। ਪਿਛਲੇ 83 ਸਾਲਾਂ ਵਿੱਚ ਇਸ ਖੇਡ ਵਿੱਚ ਕਈ ਵੱਡੇ ਖਿਡਾਰੀ ਆਏ ਅਤੇ ਚਲੇ ਗਏ। ਐਲਪਾਈਨ ਸਕੀਇੰਗ ਰਵਾਇਤੀ ਸਕੀਇੰਗ ਤੋਂ ਥੋੜੀ ਵੱਖਰੀ ਹੈ। ਜਦੋਂ ਕਿ ਆਮ ਸਕੀਇੰਗ ਵਿੱਚ ਖਿਡਾਰੀ ਆਪਣੇ ਪੈਰਾਂ ਨੂੰ ਪੂਰੀ ਤਰ੍ਹਾਂ ਠੀਕ ਨਹੀਂ ਕਰਦੇ ਹਨ, ਅਲਪਾਈਨ ਸਕੀਇੰਗ ਵਿੱਚ ਪੈਰਾਂ ਨੂੰ ਫ਼ਿਕਸ ਰੱਖਣਾ ਪੈਂਦਾ ਹੈ। ਇਸ ਸਕੀਇੰਗ ਨੂੰ ਕਰਨ ਲਈ ਤੁਹਾਨੂੰ ਚਾਰ ਚੀਜ਼ਾਂ ਦੀ ਲੋੜ ਹੈ। ਪਹਿਲੀ ਸਕੀ, ਦੂਜੀ ਸਕੀ ਨਾਲ ਪੈਰਾਂ ਨੂੰ ਬੰਨ੍ਹਣ ਲਈ ਬਾਈਡਿੰਗ, ਇਸ ਤੋਂ ਇਲਾਵਾ ਠੰਡ ਤੋਂ ਬਚਾਅ ਲਈ ਜੁੱਤੀ ਅਤੇ ਹੈਲਮੇਟ। ਐਲਪਾਈਨ ਸਕੀਇੰਗ ਨਾਲ ਸਬੰਧਤ ਤਿੰਨ ਪ੍ਰਮੁੱਖ ਮੁਕਾਬਲੇ ਹਨ। ਇਸ ਵਿੱਚ ਵਿਸ਼ਵ ਕੱਪ, ਵਿਸ਼ਵ ਚੈਂਪੀਅਨਸ਼ਿਪ ਅਤੇ ਵਿੰਟਰ ਉਲੰਪਿਕ ਸ਼ਾਮਲ ਹਨ।

### ਬਾਇਥਲੋਨ

ਵਿੰਟਰ ਉਲੰਪਿਕ ਵਿੱਚ ਖੇਡੀ ਜਾਣ ਵਾਲੀ ਇੱਕ ਹੋਰ ਪਸੰਦੀਦਾ ਖੇਡ ਬਾਇਥਲੋਨ ਹੈ। ਇਹ ਕਾਫ਼ੀ ਵਿਲੱਖਣ ਖੇਡ ਹੈ, ਇਸ 'ਚ ਪ੍ਰਤੀਯੋਗੀਆਂ ਨੂੰ ਸਕੀਇੰਗ ਕਰਦੇ ਹੋਏ ਰੇਸ ਕਰਨੀ ਹੁੰਦੀ ਹੈ ਅਤੇ ਫ਼ਿਰ ਸ਼ੂਟਿੰਗ ਕਰਨੀ ਹੁੰਦੀ ਹੈ। ਇੰਨਾ ਹੀ ਨਹੀਂ, ਸਕੀਇੰਗ ਦੌਰਾਨ ਪ੍ਰਤੀਯੋਗੀ ਨੂੰ ਰਾਈਫ਼ਲ ਨੂੰ ਪੂਰੇ ਸਮੇਂ ਮੋਢੇ 'ਤੇ ਲਟਕਾਈ ਰੱਖਣਾ ਪੈਂਦਾ ਹੈ। ਇਹ ਮੁਕਾਬਲਾ ਸਮਾਂ ਨਿਸ਼ਚਿਤ ਹੈ। ਯਾਨੀ ਜੋ ਖਿਡਾਰੀ ਸਕੀਇੰਗ ਕਰਦੇ ਹੋਏ ਸ਼ੂਟਿੰਗ ਰੇਂਜ ਵਿੱਚ ਆਉਂਦਾ ਹੈ ਅਤੇ ਘੱਟ ਤੋਂ ਘੱਟ ਸਮੇਂ ਵਿੱਚ ਟੀਚਾ ਲੈ ਲੈਂਦਾ ਹੈ, ਉਹ ਜਿੱਤ ਜਾਂਦਾ ਹੈ। ਪਹਿਲੀ ਬਾਇਥਨ ਵਿਸ਼ਵ ਚੈਂਪੀਅਨਸ਼ਿਪ 1958 ਵਿੱਚ ਆਸਟਰੀਆ ਵਿੱਚ ਖੇਡੀ ਗਈ ਸੀ। ਇਸ ਤੋਂ ਬਾਅਦ ਇਸਨੂੰ 1960 ਵਿੱਚ ਉਲੰਪਿਕ ਵਿੱਚ ਸ਼ਾਮਿਲ ਕੀਤਾ ਗਿਆ।

### ਆਈਸ ਹਾਕੀ

ਕੜਾਕੇ ਦੀ ਠੰਡ ਵਿੱਚ ਖੇਡੀ ਜਾਣ ਵਾਲੀ ਇੱਕ ਹੋਰ ਪ੍ਰਸਿੱਧ ਖੇਡ ਆਈਸ ਹਾਕੀ ਹੈ। ਇਹ ਹਾਕੀ ਵਾਂਗ ਖੇਡੀ ਜਾਂਦੀ ਹੈ, ਇਸ ਵਿੱਚ ਸਟਿਕਸ ਵੀ ਹੁੰਦੇ ਹਨ ਪਰ ਮੂਲ ਅੰਤਰ ਇਹ ਹੈ ਕਿ ਜਦੋਂ ਹਾਕੀ ਐਸਟ੍ਰੋ ਟਰਫ਼ 'ਤੇ ਖੇਡੀ ਜਾਂਦੀ ਹੈ ਤਾਂ ਆਈਸ ਹਾਕੀ ਬਰਫ਼ 'ਤੇ ਖੇਡੀ ਜਾਂਦੀ ਹੈ। ਇਸ ਵਿੱਚ ਹਾਕੀ ਵਾਂਗ ਗੇਂਦ ਦੀ ਵਰਤੋਂ ਨਹੀਂ ਕੀਤੀ ਜਾਂਦੀ, ਸਗੋਂ ਇੱਕ ਚਪਟੀ ਰਬੜ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਨੂੰ 'ਪੁਕ' ਕਿਹਾ ਜਾਂਦਾ ਹੈ। ਜਦੋਂ ਕਿ ਹਾਕੀ ਵਿੱਚ ਗੇਂਦ ਨੂੰ ਗੋਲ ਪੋਸਟ ਵਿੱਚ ਪਾ ਦਿੱਤਾ ਜਾਂਦਾ ਹੈ, ਆਈਸ ਹਾਕੀ ਵਿੱਚ ਪੱਕ ਨੂੰ ਗੋਲ ਪੋਸਟ ਵਿੱਚ ਪਾਉਣਾ ਹੁੰਦਾ ਹੈ। ਇਹ ਇੱਕ ਬਹੁਤ ਹੀ ਪ੍ਰਸਿੱਧ ਖੇਡ ਸਮਾਗਮ ਹੈ ਜਿਸ ਨੂੰ 1924 ਤੋਂ ਵਿੰਟਰ ਉਲੰਪਿਕ ਵਿੱਚ ਖੇਡਿਆ ਜਾ ਰਿਹਾ ਹੈ।



### ਸਕੈਲਟਨ

ਸਕੈਲਟਨ ਇੱਕ ਬਹੁਤ ਹੀ ਮਜ਼ੇਦਾਰ ਅਤੇ ਦਿਲਚਸਪ ਖੇਡ ਹੈ। ਇਹ ਵੀ ਵਿੰਟਰ ਉਲੰਪਿਕ ਦਾ ਹਿੱਸਾ ਹੈ। ਇਹ ਇੱਕ ਕਿਸਮ ਦੀ ਸਲਾਈਡਿੰਗ ਗੇਮ ਹੈ ਜਿਸ ਵਿੱਚ ਰਾਈਡਰ ਬਰਫ਼ ਦੇ ਬਣੇ ਰਸਤੇ ਤੋਂ ਹੇਠਾਂ ਖਿਸਕਦਾ ਹੈ ਅਤੇ ਫ਼ਾਈਨਲ ਲਾਈਨ ਤੱਕ ਪਹੁੰਚਦਾ ਹੈ। ਇਹ ਕਾਫ਼ੀ ਡਰਾਉਣਾ ਲੱਗਦਾ ਹੈ ਕਿਉਂਕਿ ਸਲਾਈਡ ਕਰਦੇ ਸਮੇਂ ਰਾਈਡਰ ਦਾ ਸਿਰ ਸਾਹਮਣੇ ਵੱਲ ਹੁੰਦਾ ਹੈ। ਇੰਨਾ ਹੀ ਨਹੀਂ, ਰਾਈਡਰ ਨੂੰ ਸਲਾਈਡ ਦੌਰਾਨ ਦਿਸ਼ਾ ਬਦਲਣ ਜਾਂ ਮੋੜਨ ਲਈ ਆਪਣੇ ਹੱਥਾਂ ਦੀ ਵਰਤੋਂ ਨਹੀਂ ਕਰਨੀ ਪੈਂਦੀ। ਪਹਿਲੀ ਵਾਰ ਇਸ ਨੂੰ 1928 ਵਿੱਚ ਉਲੰਪਿਕ ਵਿੱਚ ਸ਼ਾਮਲ ਕੀਤਾ ਗਿਆ ਸੀ, ਪਰ ਇਸ ਤੋਂ ਬਾਅਦ ਇਸਨੂੰ 1948 ਵਿੱਚ ਦੂਜੀ ਵਾਰ ਮੌਕਾ ਮਿਲਿਆ। ਹਾਲਾਂਕਿ, ਇਹ ਖੇਡ 2002 ਤੋਂ ਉਲੰਪਿਕ ਵਿੱਚ ਲਗਾਤਾਰ ਖੇਡੀ ਜਾਂਦੀ ਹੈ।

### ਕਰਲਿੰਗ

ਕਰਲਿੰਗ ਵੀ ਵਿੰਟਰ ਉਲੰਪਿਕ ਵਿੱਚ ਖੇਡੀ ਜਾਣ ਵਾਲੀ ਇੱਕ ਖੇਡ ਹੈ। ਇਸ ਵਿੱਚ ਬਰਫ਼ ਦੀ ਇੱਕ ਸ਼ੀਟ ਉੱਤੇ ਇੱਕ ਨਿਰਵਿਘਨ ਪੱਥਰ ਨੂੰ ਸਲਾਈਡ ਕਰਨਾ ਸ਼ਾਮਲ ਹੈ। ਅਸਲ ਵਿੱਚ ਕਰਲਿੰਗ ਪੂਰੀ ਤਰ੍ਹਾਂ ਇੱਕ ਆਈਸ ਗੇਮ ਹੈ। ਇਸ ਵਿੱਚ, ਪੱਥਰ ਨੂੰ ਇੱਕ ਨਿਰਧਾਰਤ ਚੱਕਰ ਵਿੱਚ ਖਿਸਕਾਉਣਾ ਹੁੰਦਾ ਹੈ। ਇਸ ਵਿੱਚ ਚਾਰ ਖਿਡਾਰੀ ਸ਼ਾਮਲ ਹੁੰਦੇ ਹਨ ਜਿਸ ਵਿੱਚ ਇੱਕ ਦੌੜਦਾ ਹੈ ਅਤੇ ਪੱਥਰ ਸੁੱਟਦਾ ਹੈ ਜਦੋਂ ਕਿ ਇਸਦੇ ਕੋਲ ਖੜ੍ਹੇ ਦੋ ਖਿਡਾਰੀ ਪੱਥਰ ਦੇ ਸਾਹਮਣੇ ਰਗੜਦੇ ਹਨ ਅਤੇ ਪੱਥਰ ਨੂੰ ਆਪਣੀ ਦਿਸ਼ਾ ਵਿੱਚ ਮੋੜਦੇ ਹਨ। ਇਹ ਖੇਡ ਪਹਿਲੀ ਵਾਰ 1924 ਵਿੱਚ ਉਲੰਪਿਕ ਵਿੱਚ ਖੇਡੀ ਗਈ ਸੀ ਪਰ ਇਸਨੂੰ ਅਧਿਕਾਰਤ ਤੌਰ 'ਤੇ 1998 ਵਿੱਚ ਸ਼ਾਮਲ ਕੀਤਾ ਗਿਆ ਸੀ।

## ਪੂਰੇ ਵਿਸ਼ਵ 'ਚ ਸ਼ੁਰੂ ਹੋਇਆ

ਜਦੋਂ ਕਿ ਕੁਝ ਦੇਸ਼ਾਂ ਵਿੱਚ ਚੋਣਾਂ ਮਹਿਜ਼ ਰਸਮੀ ਤੌਰ 'ਤੇ ਰਹਿ ਜਾਣਗੀਆਂ, ਜਿੱਥੇ ਬਦਲਾਅ ਦੀ ਉਮੀਦ ਬਹੁਤ ਘੱਟ ਹੈ। ਇਸ ਵਿੱਚ ਸਭ ਤੋਂ ਅਹਿਮ ਨਾਂ ਰੂਸ ਦਾ ਹੈ। ਵਲਾਦੀਮੀਰ ਪੁਤਿਨ ਦੀ ਰੂਸ ਵਿੱਚ ਵਾਪਸੀ ਯਕੀਨੀ ਮੰਨੀ ਜਾ ਰਹੀ ਹੈ।

ਬੰਗਲਾਦੇਸ਼ ਵਿੱਚ ਇਸ ਸਾਲ ਦੇ ਪਹਿਲੇ ਮਹੀਨੇ 7 ਜਨਵਰੀ ਨੂੰ ਹੋਈਆਂ ਆਮ ਚੋਣਾਂ ਤੋਂ ਬਾਅਦ, ਫ਼ਰਵਰੀ ਵਿੱਚ, ਦੁਨੀਆਂ ਵਿੱਚ ਸਭ ਤੋਂ ਵੱਧ ਮੁਸਲਿਮ ਆਬਾਦੀ ਵਾਲੇ ਦੋ ਦੇਸ਼ਾਂ – ਪਾਕਿਸਤਾਨ ਅਤੇ ਇੰਡੋਨੇਸ਼ੀਆ ਵਿੱਚ ਇੱਕ ਹਫ਼ਤੇ ਦੇ ਅੰਤਰਾਲ 'ਤੇ ਚੋਣਾਂ ਹੋਣਗੀਆਂ। ਪਾਕਿਸਤਾਨ ਵਿੱਚ ਪੀ.ਪੀ.ਪੀ., ਪੀ.ਐਮ.ਐਲ.ਐਨ. ਅਤੇ ਪੀ.ਟੀ.ਆਈ. ਵਿਚਾਲੇ ਤਿਕੋਣਾ ਮੁਕਾਬਲਾ ਮੰਨਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਮਾਹਿਰ ਇੰਡੋਨੇਸ਼ੀਆ 'ਚ ਮੌਜੂਦਾ ਸਰਕਾਰ ਦੀ ਵਾਪਸੀ ਦੀ ਸੰਭਾਵਨਾ ਜਤਾ ਰਹੇ ਹਨ।

ਮਈ ਵਿੱਚ ਦੱਖਣੀ ਅਫ਼ਰੀਕਾ ਵਿੱਚ ਚੋਣਾਂ ਹੋਣਗੀਆਂ, ਇਨ੍ਹਾਂ ਚੋਣਾਂ ਨੂੰ 1994 ਵਿੱਚ ਰੰਗਭੇਦ ਖ਼ਤਮ ਹੋਣ ਤੋਂ ਬਾਅਦ ਸਭ ਤੋਂ ਮਹੱਤਵਪੂਰਨ ਮੰਨਿਆ ਜਾਂਦਾ ਹੈ। ਦੱਖਣੀ ਅਫ਼ਰੀਕਾ ਦੇ ਇਸ ਮਹਾਂਦੀਪ ਵਿੱਚ ਅਲਜੀਰੀਆ, ਬੋਤਸਵਾਨਾ, ਚਾਡ, ਕੋਮੋਰੋਸ, ਘਾਨਾ, ਮੌਰੀਤਾਨੀਆ, ਮਾਰੀਸ਼ਸ ਮੋਜ਼ਾਮਬੀਕ, ਨਾਮੀਬੀਆ, ਰਵਾਂਡਾ, ਸੇਨੇਗਲ, ਸੋਮਾਲੀਲੈਂਡ, ਦੱਖਣੀ ਸੂਡਾਨ, ਟਿਊਨੀਸ਼ੀਆ ਅਤੇ ਟੋਗੋ ਵਿੱਚ ਵੀ ਚੋਣਾਂ ਹੋਣੀਆਂ ਹਨ।

ਯੂਰਪ ਵਿੱਚ ਵੀ ਇਸ ਸਾਲ ਕਈ ਦੇਸ਼ਾਂ ਵਿੱਚ ਸੱਤਾ ਲਈ ਸੰਘਰਸ਼ ਹੋਵੇਗਾ। ਯੂਰਪ ਵਿੱਚ ਇਸ ਸਾਲ 10 ਤੋਂ ਵੱਧ ਸੰਸਦੀ ਅਤੇ ਰਾਸ਼ਟਰਪਤੀ ਚੋਣਾਂ ਹੋਣ ਜਾ ਰਹੀਆਂ ਹਨ। ਜਿਨ੍ਹਾਂ ਦੇਸ਼ਾਂ ਵਿੱਚ ਚੋਣਾਂ ਹੋਣੀਆਂ ਹਨ, ਉਨ੍ਹਾਂ ਵਿੱਚ ਫ਼ਿਨਲੈਂਡ, ਬੇਲਾਰੂਸ, ਪੁਰਤਗਾਲ, ਯੂਕਰੇਨ, ਸਲੋਵਾਕੀਆ, ਲਿਥੁਆਨੀਆ, ਆਈਸਲੈਂਡ, ਬੈਲਜੀਅਮ, ਯੂਰਪੀ ਸੰਸਦ, ਕਰੋਸ਼ੀਆ, ਆਸਟਰੀਆ, ਜਾਰਜੀਆ, ਮੋਲਡੋਵਾ ਅਤੇ ਰੋਮਾਨੀਆ ਸ਼ਾਮਲ ਹਨ।

**ਅਮਰੀਕਾ ਦੀਆਂ ਚੋਣਾਂ 'ਤੇ ਦੁਨੀਆਂ ਦੀਆਂ ਨਜ਼ਰਾਂ**

ਇਸ ਸਾਲ ਅਮਰੀਕਾ ਵਿੱਚ ਰਾਸ਼ਟਰਪਤੀ ਚੋਣਾਂ ਵੀ ਹਨ। ਸਾਲ ਦੇ ਅੰਤ 'ਚ ਹੋਣ ਵਾਲੀਆਂ ਚੋਣਾਂ ਨੂੰ ਲੈ ਕੇ ਪਹਿਲਾਂ ਹੀ ਭਾਰੀ ਰੱਸਾਕਸ਼ੀ ਚੱਲ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ ਨਵੰਬਰ 'ਚ ਡੈਮੋਕ੍ਰੇਟ ਰਾਸ਼ਟਰਪਤੀ ਜੋ ਬਿਡੇਨ ਅਤੇ ਰਿਪਬਲਿਕਨ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਾਲੇ ਸਿੱਧਾ ਮੁਕਾਬਲਾ ਹੋ ਸਕਦਾ ਹੈ। ਇਸ ਚੋਣ ਦੇ ਨਤੀਜੇ ਯਕੀਨੀ ਤੌਰ 'ਤੇ ਅਮਰੀਕੀ ਵਿਦੇਸ਼ ਨੀਤੀ ਨੂੰ ਪ੍ਰਭਾਵਿਤ ਕਰਨਗੇ, ਜਿਸ ਦਾ ਅਸਰ ਦੁਨੀਆਂ ਦੇ ਕਈ ਦੇਸ਼ਾਂ 'ਤੇ ਵੀ ਪਵੇਗਾ।

ਇਸ ਸਾਲ ਯੂਰਪੀ ਸੰਘ ਦੇ 27 ਦੇਸ਼ਾਂ ਵਿੱਚ ਵੀ ਚੋਣਾਂ ਹੋਣੀਆਂ ਹਨ। ਇਨ੍ਹਾਂ ਵਿੱਚ ਫ਼ਰਾਂਸ, ਜਰਮਨੀ ਅਤੇ ਸਵੀਡਨ ਵਰਗੇ ਦੇਸ਼ ਵੀ ਸ਼ਾਮਲ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਯੂਰਪ ਇਸ ਸਾਲ ਇੱਕ ਖੰਡਿਤ ਸਿਆਸੀ ਦ੍ਰਿਸ਼ ਦੇਖ ਸਕਦਾ ਹੈ। ਭਾਵ, ਬਹੁਤ ਘੱਟ ਦੇਸ਼ਾਂ ਵਿੱਚ, ਸਥਿਰ ਬਹੁਮਤ ਵਾਲੀਆਂ ਸਰਕਾਰਾਂ ਬਣਨਗੀਆਂ, ਜੋ ਬਹੁ-ਪਾਰਟੀ ਗੱਠਜੋੜ ਨੂੰ ਜਨਮ ਦੇਵੇਗੀ। ਇਸ ਸਾਲ ਯੂਰਪੀਅਨ ਚੋਣਾਂ ਵੀ 6 ਤੋਂ 9 ਜੂਨ ਤੱਕ ਹੋਣਗੀਆਂ, ਜੋ ਹਰ ਪੰਜ ਸਾਲ ਬਾਅਦ ਹੁੰਦੀਆਂ ਹਨ। ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਕਹੇ ਜਾਣ ਵਾਲੇ ਭਾਰਤ ਵਿੱਚ ਵੀ ਇਸ ਸਾਲ ਚੋਣਾਂ ਹੋਣੀਆਂ ਹਨ। ਭਾਰਤੀ ਲੋਕ ਸਭਾ ਲਈ ਮਾਰਚ-ਅਪ੍ਰੈਲ ਵਿੱਚ ਦੇਸ਼ ਭਰ ਵਿੱਚ ਵੋਟਿੰਗ ਹੋਣ ਦੀ ਸੰਭਾਵਨਾ ਹੈ। ਭਾਰਤ ਵਿੱਚ 60 ਕਰੋੜ ਤੋਂ ਵੱਧ ਵੋਟਰ ਨਵੀਂ ਸਰਕਾਰ ਦਾ ਫ਼ੈਸਲਾ ਕਰਨਗੇ। ਇਸ ਸਾਲ ਤਾਈਵਾਨ ਵਿੱਚ ਵੀ ਚੋਣਾਂ ਹੋਣ ਜਾ ਰਹੀਆਂ ਹਨ। ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਇਸ ਵਾਰ ਤਾਈਵਾਨ ਦੇ ਲੋਕ ਅਜਿਹੇ ਨੇਤਾ ਨੂੰ ਚੁਣਦੇ ਹਨ ਜੋ ਚੀਨ ਨਾਲ ਸਬੰਧਾਂ ਨੂੰ ਸੁਧਾਰਦਾ ਹੈ ਜਾਂ ਅਜਿਹਾ ਨੇਤਾ ਚੁਣਨਗੇ ਜੋ ਚੀਨ ਪ੍ਰਤੀ ਸਖ਼ਤ ਰਵੱਈਆ ਰੱਖਦਾ ਹੈ। ਦਰਅਸਲ, ਚੀਨ ਤਾਇਵਾਨ ਨੂੰ ਆਪਣੇ ਦੇਸ਼ ਦਾ ਹਿੱਸਾ ਮੰਨਦਾ ਹੈ। ਹਾਲ ਹੀ ਦੇ ਸਾਲਾਂ ਵਿੱਚ, ਦੋਵਾਂ ਦੇਸ਼ਾਂ ਵਿੱਚ ਕੁੜੱਤਣ ਅਤੇ ਟਕਰਾਅ ਰਿਹਾ ਹੈ।

ਯੂ.ਕੇ. ਵਿੱਚ ਪਿਛਲੇ ਕੁਝ ਸਾਲਾਂ ਵਿੱਚ ਲਗਾਤਾਰ ਸੱਤਾ ਪਰਿਵਰਤਨ ਹੋ ਰਿਹਾ ਹੈ। ਇੱਥੇ ਵੀ ਅਮਰੀਕਾ ਵਾਂਗ ਮੁੱਖ ਤੌਰ 'ਤੇ ਦੋ ਪਾਰਟੀਆਂ ਚੋਣਾਂ ਲੜਦੀਆਂ ਹਨ। ਇਸ ਚੋਣ ਵਿੱਚ ਕੰਜ਼ਰਵੇਟਿਵ ਪਾਰਟੀ ਦੇ ਨੇਤਾ ਅਤੇ ਪੀ.ਐਮ. ਰਿਸ਼ੀ ਸੁਨਕ ਆਪਣੇ ਵਿਰੋਧੀ ਲੇਬਰ ਪਾਰਟੀ ਕੀਰ ਸਟਾਰਮਰ ਤੋਂ ਪਿੱਛੇ ਹਨ। ਸੁਨਕ ਨੇ ਕੁਝ ਹਫ਼ਤੇ ਪਹਿਲਾਂ ਕਿਹਾ ਸੀ ਕਿ ਯੂ. ਕੇ. ਵਿੱਚ 2024 ਵਿੱਚ ਚੋਣਾਂ ਹੋ ਸਕਦੀਆਂ ਹਨ।

ਇਸ ਸਾਲ ਹਰ ਮਹਾਂਦੀਪ ਵਿੱਚ ਹੀ ਚੋਣਾਂ ਹੋਣ ਕਾਰਨ ਜਿਥੇ ਅੰਤਰਰਾਸ਼ਟਰੀ ਸਿਆਸਤ ਪ੍ਰਭਾਵਿਤ ਹੋਵੇਗੀ, ਉਥੇ ਇਹਨਾਂ ਚੋਣਾਂ ਨਾਲ ਵਿਸ਼ਵ ਦੀਆਂ ਅਹਿਮ ਸ਼ਕਤੀਆਂ ਦੀ ਵਿਦੇਸ਼ ਨੀਤੀ ਅਤੇ ਦੁਵੱਲੇ ਵਿਦੇਸ਼ੀ ਸਬੰਧਾਂ ਵਿੱਚ ਵੀ ਬਦਲਾਓ ਆਉਣ ਦੀ ਸੰਭਾਵਨਾ ਹੈ।

***

## ਗ਼ਰੀਬ ਤੋਂ ਲੈ ਕੇ ਅਮੀਰ ਭਾਰਤੀ ਵੱਡੀ

ਕੋਲੰਬੀਆ ਤੋਂ ਅਗਲਾ ਸੁਰੱਖਿਅਤ ਪੜਾਅ ਪਨਾਮਾ ਹੁੰਦਾ ਹੈ, ਜਿੱਥੋਂ ਜੰਗਲ ਰਾਹੀਂ ਪੈਦਲ ਚੱਲ ਕੇ ਨਿਕਾਰਾਗੁਆ ਰਾਹੀਂ ਮੈਕਸੀਕੋ ਪੁੱਜਦੇ ਹਨ। ਅਮਰੀਕਾ ਅਤੇ ਮੈਕਸੀਕੋ ਦੀ ਸਰਹੱਦ 3100 ਕਿੱਲੋਮੀਟਰ ਲੰਮੀ ਹੈ, ਉਥੋਂ ਦੇ ਵੱਡੇ ਹਿੱਸੇ ਵਿੱਚ ਕੰਧ ਬਣੀ ਹੋਈ ਹੈ। ਕੰਧ ਟੱਪ ਕੇ ਅਮਰੀਕਾ ਵਿੱਚ ਦਾਖ਼ਲ ਕਰਵਾਇਆ ਜਾਂਦਾ ਹੈ। ਜਿਹੜੇ ਕੰਧ ਪਾਰ ਨਹੀਂ ਕਰ ਸਕਦੇ ਉਹ ਰੀਓ ਨਦੀ ਦਾ ਰਸਤਾ ਚੁਣਦੇ ਹਨ। ਅਮਰੀਕਾ ਪੁੱਜ ਕੇ ਜ਼ਿਆਦਾਤਰ ਲੋਕ ਸਿਆਸੀ ਸ਼ਰਨ ਲੈਂਦੇ ਹਨ। ਕਈ ਭਾਰਤੀ ਹਾਲੇ ਵੀ ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿੰਦੇ ਹਨ, ਜਿਨ੍ਹਾਂ ਵਿਚੋਂ ਹਰ ਸਾਲ ਹਜ਼ਾਰਾਂ ਪੁਲਿਸ ਦੇ ਹੱਥ ਲੱਗ ਜਾਂਦੇ ਹਨ। ਅਮਰੀਕਾ ਦੀ ਪੁਲਿਸ ਨੇ ਸਾਲ 2018 ਦੌਰਾਨ 8029 ਅਤੇ 2019 ਦੌਰਾਨ 19837 ਭਾਰਤੀਆਂ ਨੂੰ ਭਾਰਤ ਵਾਪਸ ਭੇਜਿਆ (ਡਿਪੋਰਟ) ਕੀਤਾ ਸੀ। ਸਾਲ 2020 ਵਿੱਚ ਇਹ ਗਿਣਤੀ 30662 ਅਤੇ 2021 ਨੂੰ 63927 ਨੂੰ ਪੁੱਜ ਗਈ ਸੀ। ਸਾਲ 2022 ਦੌਰਾਨ ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿੰਦੇ 96917 ਭਾਰਤੀਆਂ ਨੂੰ ਅਮਰੀਕਾ ਦੀ ਪੁਲਿਸ ਨੇ ਫ਼ੜ ਲਿਆ ਸੀ।

ਅਮਰੀਕਾ ਤੋਂ ਬਾਅਦ ਗ਼ੈਰ-ਕਾਨੂੰਨੀ ਤੌਰ 'ਤੇ ਇੰਗਲੈਂਡ ਅਤੇ ਕੈਨੇਡਾ ਲਈ 'ਡੰਕੀ' ਲਾਈ ਜਾਂਦੀ ਹੈ।

ਪਿਛਲੇ ਕੁਝ ਸਾਲਾਂ ਵਿੱਚ, ਬਹੁਤ ਸਾਰੇ ਭਾਰਤੀ ਗੁਜਰਾਤ ਨੂੰ ਛੱਡਕੇ ਵਿਦੇਸ਼ ਵਲ ਪ੍ਰਵਾਸ ਕਰ ਗਏ ਪਰ 2020 ਦਾ ਦਹਾਕੇ ਦਾ ਭਾਰਤ ਗੁਜਰਾਤੀਆਂ ਨੂੰ ਨਿਰਾਸ਼ਾ ਤੇ ਬੇਰੁਜ਼ਗਾਰੀ ਕਾਰਣ ਦੇਸ਼ ਛੱਡਣ ਲਈ ਮਜਬੂਰ ਕਰ ਰਿਹਾ ਹੈ। 'ਦਾ ਹਿੰਦੂ' ਅਖ਼ਬਾਰ ਦੁਆਰਾ ਇਕ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਸਿਰਫ਼ ਨਵੰਬਰ 2022 ਤੋਂ ਸਤੰਬਰ 2023 ਤੱਕ ਇਕੱਲੇ ਅਮਰੀਕਾ ਵਿੱਚ ਗੈਰ ਕਾਨੂੰਨੀ ਢੰਗ ਨਾਲ 96,917 ਭਾਰਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਦੀ ਤੁਲਨਾ ਵਿੱਚ 2019-20 ਵਿੱਚ 19,883 ਭਾਰਤੀ ਗੈਰਕਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਫ਼ੜੇ ਗਏ, ਜਦੋਂ ਕਿ 2021-22 ਵਿਚ 63,927 ਵਿਅਕਤੀ ਫ਼ੜੇ ਗਏ।

ਨਰਿੰਦਰ ਮੋਦੀ ਡਾਟ ਇਨ ਨਾਮ ਦੀ ਵੈਬਸਾਈਟ ਉੱਪਰ 2014 ਦਾ ਇੱਕ ਲੇਖ ਹੈ 'ਦਿ ਗੁਜਰਾਤ ਮਾਡਲ'। ਇਸ ਵਿੱਚ ਦਾਅਵਾ ਕੀਤਾ ਕਿ ਗੁਜਰਾਤ ਦੇ ਵਿਕਾਸ ਯਾਤਰਾ ਨੂੰ ਭਾਰਤ ਅਤੇ ਵਿਸ਼ਵ ਵਿੱਚ ਪ੍ਰਸ਼ੰਸਾ ਮਿਲੀ ਹੈ।

ਅੱਜ, ਇੱਕ ਪਾਸੇ ਰੁਜ਼ਗਾਰ ਦੀ ਭਾਲ ਵਿੱਚ ਗੁਜਰਾਤੀ ਵਿਦੇਸ਼ਾਂ ਵਿੱਚ ਜਾਣ ਲਈ ਗੈਰ ਕਾਨੂੰਨੀ ਰਾਹ ਅਪਨਾ ਰਹੇ ਹਨ ਅਤੇ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ, ਦੂਜੇ ਪਾਸੇ ਗੁਜਰਾਤ ਦੇ ਵਿਕਾਸ ਦੇ ਝੂਠੇ ਦਾਅਵੇ ਮੋਦੀ ਸਰਕਾਰ ਵੱਲੋਂ ਕੀਤੇ ਜਾ ਰਹੇ ਹਨ।

ਲੰਡਨ ਸਥਿਤ ਗਲੋਬਲ ਸਿਟੀਜ਼ਨਸ਼ਿਪ ਅਤੇ ਰਿਹਾਇਸ਼ੀ ਸਲਾਹਕਾਰ ਫ਼ਰਮ ਹੈਨਲੇ ਐਂਡ ਪਾਟਨਰਜ ਨੇ 2022 ਵਿੱਚ ਦਸਿਆ ਕਿ 7500 ਧੰਨਾ ਸੇਠਾਂ ਨੇ ਵਿਦੇਸ਼ਾਂ ਵਿੱਚ ਵੱਸਣ ਅਤੇ ਉਥੋਂ ਦੀ ਨਾਗਰਿਕਤਾ ਲੈਣ ਲਈ ਭਾਰਤ ਛੱਡ ਦਿਤਾ। ਵਿਸ਼ਵ ਨਿਵੇਸ਼ ਬੈਂਕ 'ਮੋਰਗਨ ਸਟੈਨਲੀ' ਨੇ ਅੰਦਾਜ਼ਾ ਲਗਾਇਆ ਕਿ 2014 ਅਤੇ 2018 ਦੇ ਵਿਚਕਾਰ, 23,000 ਕਰੋੜਪਤੀ ਭਾਰਤੀ ਭਾਰਤ ਛੱਡ ਗਏ ਤੇ ਵਿਦੇਸ਼ਾਂ ਦੇ ਨਿਵਾਸੀ ਹੋ ਗਏ। ਬਹੁਤ ਸਾਰੇ ਦੇਸ਼ ਅਮੀਰ ਭਾਰਤੀਆਂ ਨੂੰ ਨਾਗਰਿਕਤਾ ਵੇਚ ਰਹੇ ਹਨ।

ਹਰ ਸਾਲ, 2 ਮਿਲੀਅਨ ਤੋਂ ਵੱਧ ਭਾਰਤੀਆਂ ਦੇ ਪ੍ਰਵਾਸ ਕਾਰਣ, ਪ੍ਰਵਾਸੀ ਭਾਰਤੀਆਂ ਦੀ ਗਿਣਤੀ 3 ਕਰੋੜ ਹੋ ਚੁਕੀ ਹੈ। ਵਿਦੇਸ਼ੀ ਮਾਈਗ੍ਰੇਸ਼ਨ ਦੇ ਕਾਰਨ ਵਿਭਿੰਨ ਖੇਤਰਾਂ ਅਤੇ ਪੇਸ਼ਿਆਂ ਵਿੱਚ ਹੁਣ ਭਾਰਤੀ ਚੀਨੀਆਂ ਨਾਲੋਂ ਵਧੇਰੇ ਵਿਦੇਸ਼ਾਂ ਵਿੱਚ ਵਸੇ ਹਨ।

ਭਾਰਤ ਦੇ ਵਿਦੇਸ਼ ਮੰਤਰੀ ਐਸ ਜੈ ਸ਼ੰਕਰ ਨੇ 21 ਜੁਲਾਈ 2023 ਨੂੰ ਸੰਸਦ ਵਿੱਚ ਇੱਕ ਸਵਾਲ ਦਾ ਜਵਾਬ ਦਿੰਦੇ ਹੋਏ ਕਿਹਾ ਸੀ ਕਿ 2022 ਵਿੱਚ ਕੁੱਲ 2,25,260 ਭਾਰਤੀਆਂ ਨੇ ਆਪਣੀ ਭਾਰਤੀ ਨਾਗਰਿਕਤਾ ਦਿੱਤੀ ਸੀ। 2020 ਦੌਰਾਨ 85,256 ਭਾਰਤੀਆਂ ਨੇ ਨਾਗਰਿਕਤਾ ਤਿਆਗੀ। ਕੁਲ ਮਿਲਾ ਕੇ, ਸਾਲ 2011 ਤੋਂ 2022 ਤੱਕ 16,63,440 ਭਾਰਤੀਆਂ ਨੇ ਆਪਣੀ ਨਾਗਰਿਕਤਾ ਛੱਡ ਕੇ ਵਿਦੇਸ਼ਾਂ ਵਿੱਚ ਜਾ ਵਸੇ। 2023 ਦੇ ਪਹਿਲੇ ਛੇ ਮਹੀਨਿਆਂ ਵਿੱਚ, ਇਹ ਅੰਕੜਾ 87,026 ਹੋ ਗਿਆ ਸੀ।

ਵਿਦੇਸ਼ ਮੰਤਰੀ ਨੇ ਅੱਗੇ ਕਿਹਾ ਕਿ ਪਿਛਲੇ ਦੋ ਦਹਾਕਿਆਂ ਵਿੱਚ ਆਪਣੇ ਰੁਜ਼ਗਾਰ ਦੀ ਭਾਲ ਵਿੱਚ ਹੋਰਨਾਂ ਦੇਸ਼ਾਂ ਵਿੱਚ ਪ੍ਰਵਾਸ ਕਰਨ ਵਾਲੇ ਭਾਰਤੀ ਨਾਗਰਿਕਾਂ ਦੀ ਗਿਣਤੀ ਬਹੁਤ ਵੱਡੀ ਰਹੀ ਹੈ। ਉਨ੍ਹਾਂ ਵਿਚੋਂ ਬਹੁਤਿਆਂ ਨੇ ਨਿੱਜੀ ਸਹੂਲਤਾਂ ਦੇ ਕਾਰਨਾਂ ਕਰਕੇ ਵਿਦੇਸ਼ੀ ਨਾਗਰਿਕਤਾ ਲਈ ਸੀ।

ਅਸਲ ਗਲ ਇਹ ਹੈ ਕਿ ਭਾਰਤ ਦੀਆਂ ਵਿਰੋਧੀ ਸਥਿਤੀਆਂ ਗਰੀਬਾਂ ਅਤੇ ਮਿਡਲ ਕਲਾਸ ਭਾਰਤੀਆਂ ਨੂੰ ਵਿਦੇਸ਼ਾਂ ਵੱਲ ਮਾਈਗਰੇਟ ਕਰਨ ਲਈ ਮਜਬੂਰ ਕਰ ਰਹੀਆਂ ਹਨ। ਇਹ ਭਾਰਤੀਆਂ ਦੀ ਚਿੰਤਾ ਦੀ ਨਿਸ਼ਾਨੀ ਹੈ।

****

## ਪਹਿਲੀ ਵਾਰ 17 ਦਿਨਾਂ ਦੇ ਬੱਚੇ ਦਾ ਅੰਸ਼ਕ

ਦੀ ਲੋੜ ਹੈ। ਅਜਿਹੇ ਦਿਲ ਨੂੰ ਪ੍ਰਾਪਤ ਕਰਨ ਲਈ 6 ਮਹੀਨੇ ਲੱਗ ਸਕਦੇ ਸਨ ਅਤੇ ਉਨ੍ਹਾਂ ਦਾ ਬੱਚਾ ਓਵੇਨ ਇੰਨਾ ਜ਼ਿਆਦਾ ਇੰਤਜ਼ਾਰ ਨਹੀਂ ਕਰ ਸਕਦਾ ਸੀ। ਡਾਕਟਰਾਂ ਮੁਤਾਬਕ ਇੱਕ ਨਕਲੀ ਵਾਲਵ ਦੀ ਚੋਣ ਕਰਨ ਲਈ ਅਕਸਰ ਇਸ ਨੂੰ ਬਦਲਣ ਦੀ ਲੋੜ ਹੁੰਦੀ ਹੈ ਕਿਉਂਕਿ ਇਹ ਵੱਡਾ ਹੁੰਦਾ ਹੈ।

ਓਵੇਨ ਦੇ ਮਾਤਾ-ਪਿਤਾ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਲਈ ਕੋਈ ਵਿਕਲਪ ਨਹੀਂ ਸਨ, ਇਸ ਲਈ ਉਨ੍ਹਾਂ ਨੇ ਸਭ ਤੋਂ ਵਧੀਆ ਹੋਣ ਦੀ ਉਮੀਦ ਨਹੀਂ ਕੀਤੀ। ਓਵੇਨ ਦੇ ਕੇਸ ਵਿੱਚ ਜ਼ਿੰਦਾ ਟਿਸ਼ੂ ਪ੍ਰਭਾਵਸ਼ਾਲੀ ਨਹੀਂ ਸੀ, ਕਿਉਂਕਿ ਇਹ ਉਮਰ ਦੇ ਨਾਲ ਵਿਕਸਤ ਨਹੀਂ ਹੋ ਸਕਦਾ ਸੀ। ਓਵੇਨ ਕੇਨ ਵਰਗੇ ਬੱਚੇ ਨੂੰ ਟਰਾਂਸਪਲਾਂਟ ਦੀ ਲੋੜ ਸੀ ਪਰ ਉਸ ਦੇ ਵਾਲਵ ਵਧੀਆ ਕੰਮ ਕਰਦੇ ਸਨ। ਇਹ ਉਸ ਦੇ ਪਿਤਾ ਕੈਨ ਦੀ ਕੁਰਬਾਨੀ ਸੀ ਜਿਸ ਨੇ ਓਵੇਨ ਦੀ ਜਾਨ ਬਚਾਈ। ਡਾਕਟਰ ਜੋਸਫ ਤੁਰੇਕ ਮੁਤਾਬਕ ਬੱਚੇ ਓਵੇਨ ਦੀ ਮਾਂ ਨੇ ਪੁੱਛਿਆ ਕੀ ਤੁਸੀਂ ਪਹਿਲਾਂ ਇਸ ਤਰ੍ਹਾਂ ਦੀ ਕੋਈ ਸਰਜਰੀ ਕੀਤੀ ਹੈ? ਮੈਂ ਸਪੱਸ਼ਟ ਤੌਰ 'ਤੇ ਕਿਹਾ ਕਿ ਇਹ ਮੇਰਾ ਪਹਿਲਾ ਕੇਸ ਹੈ। ਤੁਸੀ ਸਾਡੇ 'ਤੇ ਭਰੋਸਾ ਕਰ ਸਕਦੇ ਹੋ।

ਬੱਚੇ ਦੇ ਮਾਤਾ ਪਿਤਾ ਲਾਈਵ ਟਿਸ਼ੂ ਦੇ ਅੰਸ਼ਕ ਦਿਲ ਦੇ ਟਰਾਂਸਪਲਾਂਟ ਲਈ ਸਹਿਮਤ ਹੋ ਗਏ। 8 ਘੰਟੇ ਦੀ ਸਰਜਰੀ ਦੌਰਾਨ ਡਾਕਟਰਾਂ ਨੇ ਕਿਸੇ ਦਾਨੀ ਤੋਂ ਵਾਲਵ ਨਾਲ ਧਮਨੀਆਂ ਨੂੰ ਜੋੜਿਆ। 28 ਦਿਨਾਂ ਬਾਅਦ ਉਹ ਘਰ ਜਾ ਸਕਿਆ। ਹੁਣ ਸਰਜਰੀ ਨੂੰ ਡੇਢ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਓਵਨ ਪੂਰੀ ਤਰ੍ਹਾਂ ਸਿਹਤਮੰਦ ਹੈ। ਉਸ ਦੇ ਵਾਲਵ ਅਤੇ ਧਮਨੀਆਂ ਇਸ ਤਰ੍ਹਾਂ ਵਧ ਰਹੀਆਂ ਹਨ ਜਿਵੇਂ ਉਹ ਉਸ ਦੀਆਂ ਆਪਣੀਆਂ ਸਨ। ਓਵੇਨ ਦੇ ਸਫਲ ਕੇਸ ਨੇ 12 ਹੋਰ ਬੱਚਿਆਂ ਲਈ ਜੀਵਨ ਬਚਾਉਣ ਦੀ ਪ੍ਰਕਿਰਿਆ ਦਾ ਰਾਹ ਪੱਧਰਾ ਕਰ ਦਿੱਤਾ ਹੈ। ਇਸ ਵਿੱਚ ਕਮਜ਼ੋਰ ਦਿਲਾਂ ਤੋਂ ਚੰਗੇ ਵਾਲਵ ਲੈ ਕੇ ਲੋੜਵੰਦਾਂ ਨੂੰ ਦਿੱਤੇ ਜਾ ਸਕਦੇ ਹਨ।

****

## ਪੰਜਾਬ ਦੀ ਝਾਕੀ ਨਾ ਹੋਣ

ਮੰਤਰਾਲੇ ਨੇ ਝਾਕੀ 'ਤੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀਆਂ ਤਸਵੀਰਾਂ ਲੱਗੀਆਂ ਹੋਣ ਦੀ ਕੋਈ ਪੁਸ਼ਟੀ ਨਹੀਂ ਕੀਤੀ ਹੈ ਜਿਸ ਤਰ੍ਹਾਂ ਕਿ ਸੁਨੀਲ ਜਾਖੜ ਆਖ ਰਹੇ ਸਨ। ਮੁੱਖ ਮੰਤਰੀ ਭਗਵੰਤ ਮਾਨ ਨੇ ਤਾਂ ਜਾਖੜ ਨੂੰ ਚੁਣੌਤੀ ਵੀ ਦੇ ਦਿੱਤੀ ਸੀ ਰੱਖਿਆ ਮੰਤਰਾਲੇ ਨੇ ਪੰਜਾਬ ਸਰਕਾਰ ਅੱਗੇ ਨਵਾਂ ਬਦਲ ਪੇਸ਼ ਕਰਦਿਆਂ ਕਿਹਾ ਹੈ ਕਿ ਪੰਜਾਬ ਦੀ ਝਾਕੀ ਨੂੰ ਭਾਰਤ ਪਰਵ 23 ਤੋਂ 31 ਜਨਵਰੀ ਦੌਰਾਨ ਲਾਲ ਕਿਲ੍ਹੇ ਲਈ ਭੇਜ ਦਿੱਤਾ ਜਾਵੇ ਪਰ ਮੁੱਖ ਮੰਤਰੀ ਨੇ ਇਸ ਤੋਂ ਇਨਕਾਰ ਕਰ ਦਿੱਤਾ ਹੈ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਦੀ 'ਨਾ-ਮਨਜ਼ੂਰ ਸ਼੍ਰੇਣੀ' ਵਿੱਚ ਉਹ ਝਾਕੀ ਨਹੀਂ ਭੇਜਣਗੇ ਅਤੇ ਨਾ ਹੀ ਉਨ੍ਹਾਂ ਨੂੰ ਦੇਸ਼ ਦੇ ਸ਼ਹੀਦਾਂ ਬਾਰੇ ਭਾਜਪਾ ਕੋਲੋਂ ਐੱਨਓਸੀ ਲੈਣ ਦੀ ਕੋਈ ਲੋੜ ਹੈ। ਮੁੱਖ ਮੰਤਰੀ ਨੇ ਜਾਰੀ ਬਿਆਨ ਵਿੱਚ ਕਿਹਾ ਹੈ, "ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ, ਸ਼ਹੀਦ ਸੁਖਦੇਵ, ਲਾਲਾ ਲਾਜਪਤ ਰਾਏ, ਸ਼ਹੀਦ ਊਧਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਮਾਈ ਭਾਗੋ, ਗ਼ਦਰੀ ਬਾਬਿਆਂ ਸਮੇਤ ਮਹਾਨ ਸ਼ਹੀਦਾਂ ਨੂੰ ਰੱਦ ਕੀਤੀ ਸ਼੍ਰੇਣੀ ਵਿੱਚ ਨਹੀਂ ਰੱਖਿਆ ਜਾ ਸਕਦਾ। ਕੇਂਦਰ ਸਰਕਾਰ ਅਜਿਹਾ ਕਰ ਕੇ ਇਨ੍ਹਾਂ ਨਾਇਕਾਂ ਦੇ ਮਹਾਨ ਯੋਗਦਾਨ ਅਤੇ ਕੁਰਬਾਨੀਆਂ ਦਾ ਮਹੱਤਵ ਘਟਾਉਣ ਦੀ ਕੋਸ਼ਿਸ਼ ਕਰ ਰਹੀ ਹੈ।" ਮੁੱਖ ਮੰਤਰੀ ਨੇ ਕਿਹਾ ਹੈ, "ਇਹ ਕਦਮ ਸਾਡੇ ਮਹਾਨ ਦੇਸ਼ ਭਗਤਾਂ ਅਤੇ ਕੌਮੀ ਨੇਤਾਵਾਂ ਦਾ ਘੋਰ ਨਿਰਾਦਰ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।" ਮੁੱਖ ਮੰਤਰੀ ਨੇ ਦੱਸਿਆ ਕਿ ਕੇਂਦਰ ਸਰਕਾਰ ਨੇ 30 ਦਸੰਬਰ ਨੂੰ ਇਕ ਪੱਤਰ ਲਿਖ ਕੇ ਸੂਬਾ ਸਰਕਾਰ ਨੂੰ ਕਿਹਾ ਹੈ ਕਿ ਗਣਤੰਤਰ ਦਿਵਸ ਦੀ ਪਰੇਡ ਲਈ ਸੂਬਿਆਂ ਨਾਲ ਕੀਤੇ ਐੱਮਓਯੂ ਦੇ ਕਲਾਜ਼-8 ਮੁਤਾਬਕ ਸੂਬਾ ਹੋਵੇ ਜਾਂ ਯੂਟੀ ਜਿਸ ਦੀ ਗਣਤੰਤਰ ਦਿਵਸ ਦੀ ਪਰੇਡ ਲਈ ਚੋਣ ਨਹੀਂ ਹੁੰਦੀ ਹੈ, ਉਸ ਸੂਬੇ ਜਾਂ ਯੂਟੀ ਨੂੰ 23 ਤੋਂ 31 ਜਨਵਰੀ ਦੌਰਾਨ ਨਵੀਂ ਦਿੱਲੀ ਦੇ ਲਾਲ ਕਿਲ੍ਹੇ ਵਿੱਚ ਹੋਣ ਵਾਲੇ 'ਭਾਰਤ ਪਰਵ' ਵਿੱਚ ਝਾਕੀ ਦਿਖਾਉਣ ਦਾ ਮੌਕਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਪਰਵ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਪ੍ਰਸਿੱਧ ਪਕਵਾਨ, ਰਵਾਇਤਾਂ, ਵਸਤਾਂ, ਦਸਤਕਾਰੀ ਅਤੇ ਤਿਉਹਾਰਾਂ 'ਤੇ ਆਧਾਰਿਤ ਹੁੰਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਆਪਣੀਆਂ ਝਾਕੀਆਂ ਨਹੀਂ ਭੇਜੇਗਾ ਕਿਉਂਕਿ ਦੇਸ਼ ਦੇ ਸ਼ਹੀਦਾਂ ਨੂੰ ਭਾਜਪਾ ਤੋਂ ਐੱਨਓਸੀ ਲੈਣ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ, "ਇਹ ਸ਼ਹੀਦ ਸਾਡੇ ਨਾਇਕ ਹਨ ਅਤੇ ਇਨ੍ਹਾਂ ਯੋਧਿਆਂ ਵੱਲੋਂ ਮੁਲਕ ਲਈ ਕੀਤੀਆਂ ਗਈਆਂ ਲਾਮਿਸਾਲ ਕੁਰਬਾਨੀਆਂ ਵਾਸਤੇ ਦੇਸ਼ ਉਨ੍ਹਾਂ ਦਾ ਹਮੇਸ਼ਾ ਰਿਣੀ ਰਹੇਗਾ।"

***

## ਨਾਸਾ ਵੱਲੋਂ 2026 ਤੱਕ

ਨਾਸਾ ਦੇ ਅਧਿਕਾਰੀਆਂ ਨੇ ਕਿਹਾ ਕਿ ਉਹ ਮੰਗਲ ਦੀ ਸਤ੍ਹਾ 'ਤੇ ਪੁਲਾੜ ਯਾਤਰੀਆਂ ਦੁਆਰਾ ਪਹਿਨੇ ਜਾਣ ਵਾਲੇ ਸਪੇਸ ਸੂਟ ਦੀ ਇੰਜੀਨੀਅਰਿੰਗ ਵਿੱਚ ਦੇਰੀ ਦੀ ਵੀ ਉਮੀਦ ਕਰ ਰਹੇ ਹਨ। ਸਪੇਸਐਕਸ ਦੇ ਸਟਾਰਸ਼ਿਪ ਡਿਵੈਲਪਮੈਂਟ ਅਤੇ ਸਪੇਸਸੂਟ ਦੋਵੇਂ ਅਜਿਹੇ ਕਾਰਕ ਸਨ ਜਿਨ੍ਹਾਂ ਨੂੰ ਸਰਕਾਰੀ ਨਿਗਰਾਨ, ਨਾਸਾ ਦੇ ਇੰਸਪੈਕਟਰ ਜਨਰਲ ਸਮੇਤ, ਸੰਭਾਵੀ ਕਾਰਕਾਂ ਵਜੋਂ ਦਰਸਾਇਆ ਗਿਆ ਹੈ ਜੋ ਆਰਟੇਮਿਸ -3 ਮਿਸ਼ਨ ਵਿੱਚ ਦੇਰੀ ਦਾ ਕਾਰਨ ਬਣ ਸਕਦੇ ਹਨ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ
ਸਾਡੀ ਈ.ਮੇਲ : asrnewwriters@gmail.com
'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

## ਸੰਸਾਰ ਦੇ ਜੰਗੀ ਮਾਹੌਲ ਨੂੰ

ਮਿਸਾਲ ਦੇ ਤੌਰ 'ਤੇ ਲੀਥੀਅਮ ਧਾਤ ਲਈ ਮੁਕਾਬਲਾ ਬਹੁਤ ਤੇਜ਼ ਹੋ ਚੁੱਕਾ ਹੈ। ਇਹ ਧਾਤ ਬਿਜਲਈ ਵਾਹਨਾਂ, ਸਮਾਰਟ ਯੰਤਰਾਂ, ਡਿਜੀਟਲ ਕੈਮਰਿਆਂ, ਮੋਬਾਈਲਾਂ, ਲੈਪਟੌਪਾਂ, ਬੈਟਰੀਆਂ ਆਦਿ ਵਿੱਚ ਵਰਤੀ ਜਾਣ ਵਾਲੀ ਧਾਤ ਹੈ। ਇਸ ਧਾਤ ਦੀ ਮੰਗ 2040 ਤੱਕ 42 ਗੁਣਾ ਵਧਣ ਦੇ ਆਸਾਰ ਹਨ। ਇਸ ਧਾਤ ਦੇ ਵਧੇਰੇ ਸਰੋਤ ਫ਼ਿਲਹਾਲ ਆਸਟਰੇਲੀਆ ਤੇ ਲਾਤੀਨੀ ਅਮਰੀਕਾ ਦੇ ਮੁਲਕਾਂ ਬੋਲੀਵੀਆ, ਅਰਜਨਟੀਨਾ ਤੇ ਚਿਲੀ ਵਿਚ ਹਨ। ਇਨ੍ਹਾਂ ਸਰੋਤਾਂ ਉੱਤੇ ਕਬਜ਼ੇ ਨੂੰ ਲੈ ਕੇ ਵੱਡੀਆਂ ਕੰਪਨੀਆਂ ਦਰਮਿਆਨ ਮੁਕਾਬਲਾ ਤੇਜ਼ ਹੋ ਗਿਆ ਹੈ। ਨਾਲ ਹੀ ਉੱਥੇ ਬੇਕਿਰਕ ਖਣਨ ਕਾਰਨ ਸਥਾਨਕ ਲੋਕਾਂ ਤੇ ਖਣਨ ਕੰਪਨੀਆਂ ਦਰਮਿਆਨ ਟਕਰਾਅ ਵੀ ਸ਼ੁਰੂ ਹੋ ਗਿਆ ਹੈ। ਇਸੇ ਤਰ੍ਹਾਂ ਹੋਰ ਅਨੇਕਾਂ ਬੁਨਿਆਦੀ ਧਾਤਾਂ ਹਨ ਜਿਨ੍ਹਾਂ ਲਈ ਸਰਮਾਏਦਾਰਾ ਸਾਮਰਾਜੀ ਮੁਕਾਬਲੇਬਾਜ਼ੀ ਆਉਣ ਵਾਲੇ ਸਾਲਾਂ ਵਿੱਚ ਹੋਰ ਤੇਜ਼ ਹੋਣੀ ਹੈ। ਅੱਜ ਦੀ ਦੁਨੀਆ ਦੇ ਇਹ ਹਾਲਾਤ ਸਪੱਸ਼ਟ ਕਰਦੇ ਹਨ ਕਿ ਕਿਵੇਂ ਸਾਮਰਾਜੀ ਦੁਨੀਆਂ ਮਨੁੱਖਤਾ ਨੂੰ ਕੁਝ ਵੀ ਉਸਾਰੂ ਦੇਣ ਦੀ ਹਾਲਤ ਵਿੱਚ ਨਹੀਂ ਸਗੋਂ ਇਹ ਜੰਗਾਂ ਤੇ ਹੋਰ ਤਬਾਹੀ ਦੀ ਸੂਰਤ ਵਿੱਚ ਮਨੁੱਖਤਾ ਵੱਲੋਂ ਸਿਰਜੀਆਂ ਹਾਂਦਰੂ ਚੀਜਾਂ, ਭਾਵੇਂ ਉਹ ਤਕਨੀਕ ਹੋਵੇ ਤੇ ਭਾਵੇਂ ਕਲਾਤਮਕ ਵਿਕਾਸ, ਸਭ ਦਾ ਵਿਨਾਸ਼ ਕਰ ਰਹੀ ਹੈ। ਇਹ ਜੰਗੀ ਮਾਹੌਲ ਤੇ ਮਾਰੂ ਜੰਗਾਂ ਖ਼ਤਮ ਕਰਨ ਲਈ ਇੱਕ ਹੋਰ ਵੱਡੀ, ਸਰਮਾਏਦਾਰਾ ਸਾਮਰਾਜ ਵਿਰੋਧੀ ਜੰਗ ਦੀ ਲੋੜ ਹੈ।

***

## ਦੂਰਸੰਚਾਰ ਕਾਨੂੰਨ-2023'

ਇਸ ਪ੍ਰਬੰਧ ਅਧੀਨ ਦੂਰਸੰਚਾਰ ਸੇਵਾਵਾਂ ਮੁਹੱਈਆ ਕਰਵਾਉਣ ਵਾਲ਼ੀਆਂ ਕੰਪਨੀਆਂ ਨੂੰ ਭਾਰਤ ਵਿੱਚ ਸਰਕਾਰ ਤੋਂ ਲਸੰਸ ਲੈਣਾ ਪਵੇਗਾ ਜਿਸ ਲਈ ਸਰਕਾਰੀ ਨਿਯਮਾਂ ਨੂੰ ਮੰਨਣਾ ਪਵੇਗਾ। ਇਹਨਾਂ ਨਿਯਮਾਂ ਵਿੱਚ ਵਰਤੋਂਕਾਰ ਦੀ ਜਾਣਕਾਰੀ ਤੇ ਉਹਨਾਂ ਦਾ ਡਾਟਾ ਜਾਂ ਸੁਨੇਹੇ ਪੜ੍ਹਨਯੋਗ ਜਾਂ ਸਮਝਣਯੋਗ ਰੂਪ 'ਚ ਮੁਹੱਈਆਂ ਕਰਵਾਉਣ, 'ਇੰਨਕ੍ਰਿਪਸ਼ਨ' ਆਦਿ ਲਈ ਵੀ ਇਹਨਾਂ ਕੰਪਨੀਆਂ ਨੂੰ ਸਰਕਾਰ ਦੁਆਰਾ ਦਿੱਤੇ ਗਏ 'ਇੰਟਕ੍ਰਿਪਸ਼ਨ ਸੈਂਟਡਰਡ' ਲਾਗੂ ਕਰਨੇ ਹੋਣਗੇ ਜਿਸਦਾ ਮਤਲਬ ਹੈ ਕਿ ਇਹਨਾਂ ਕੰਪਨੀਆਂ ਨੂੰ ਸਰਕਾਰ ਲਈ ਐਪ ਜਾਂ ਵੈਬਸਾਈਟ ਆਦਿ 'ਚ ਚੋਰ ਮੋਰੀਆਂ ਰੱਖਣੀਆਂ ਪੈਣਗੀਆਂ। ਇਸੇ ਕਾਰਨ ਇਹ ਬਿਲ ਪਾਸ ਹੋਣ ਤੋਂ ਬਾਅਦ 'ਸਿਗਨਲ ਫ਼ਾਉਂਡੇਸ਼ਨ', 'ਪ੍ਰੋਟੋਨ', 'ਟੌਰ ਪ੍ਰੋਜੈਕਟ' ਆਦਿ ਸਮੇਤ 68 ਇੰਟਰਨੈਟ ਉੱਪਰ ਨਿੱਜਤਾ ਤੇ ਸੁੱਰਖਿਆ ਦੇ ਹੱਕ ਲਈ ਯਤਨਸ਼ੀਲ ਸੰਸਾਰ ਦੇ ਵੱਖ-ਵੱਖ ਦੇਸ਼ਾਂ ਦੇ 68 ਅਦਾਰੇ ਅਤੇ ਵਿਅਕਤੀਆਂ ਦੁਆਰਾ ਭਾਰਤ ਸਰਕਾਰ ਨੂੰ ਚਿੱਠੀ ਵੀ ਲਿਖੀ ਗਈ ਜਿਸ 'ਚ ਇਸ ਬਿਲ ਨੂੰ ਗੈਰ-ਜਮਹੂਰੀ ਤੇ ਨਿੱਜਤਾ ਦੇ ਹੱਕ ਉੱਪਰ ਹਮਲਾ ਕਿਹਾ ਗਿਆ ਹੈ ਤੇ ਇਸਨੂੰ ਵਾਪਸ ਲੈਣ ਅਤੇ ਜਰੂਰੀ ਸੋਧਾ ਕਰਨ ਲਈ ਕਿਹਾ ਗਿਆ ਸੀ।

ਥੋੜੇ ਸ਼ਬਦਾਂ 'ਚ ਕਿਹਾ ਜਾਵੇ ਤਾਂ ਨਵਾਂ ਕਾਨੂੰਨ ਡਿਜੀਟਲ ਭਾਰਤ ਦੀ ਸੰਘੀ ਘੁੱਟਣ ਲਈ ਲਿਆਂਦਾ ਗਿਆ ਹੈ। ਇਹ ਕਾਨੂੰਨ ਨਾ ਸਿਰਫ਼ ਸਰਕਾਰ ਦੇ ਵਿਰੁੱਧ ਬੋਲਣ ਵਾਲ਼ੇ ਪੱਤਰਕਾਰਾਂ, ਸਮਾਜਿਕ ਕਾਰਕੁੰਨਾ ਆਦਿ ਦੀ ਆਵਾਜ਼ ਬੰਦ ਕਰਨ ਲਈ ਲਿਆਂਦਾ ਗਿਆ ਸਗੋਂ ਇਹ ਸਰਕਾਰ ਨੂੰ ਪੂਰੀ ਤਾਕਤ ਦਿੰਦਾ ਹੈ ਕਿ ਉਹ ਇੰਟਰਨੈੱਟ ਨੂੰ ਪੂਰੀ ਤਰ੍ਹਾਂ ਆਪਣੇ ਕੰਟਰੋਲ ਹੇਠ ਕਰ ਸਕੇ। ਟੀਵੀ ਮੀਡੀਆ ਜਿਸਦਾ ਦੂਜਾ ਨਾਮ ਅੱਜ ਗੋਦੀ ਮੀਡੀਆ ਹੈ, ਵਾਂਗ ਹੀ ਇੰਟਰਨੈੱਟ ਉੱਪਰ ਵੀ ਉਸੇ ਦੀ ਇਜ਼ਾਜਤ ਹੋਵੇਗੀ ਜੋ ਸਰਕਾਰ ਸੁਣਨਾ ਚਾਹੁੰਦੀ ਹੈ। ਇਹ ਕਾਨੂੰਨ ਜਿੱਥੇ ਇੱਕ ਪਾਸੇ ਸਰਕਾਰ ਨੂੰ ਲੋਕਾਂ ਦੀ ਜੁਬਾਨਬੰਦੀ ਕਰਨ ਦੀ ਅਥਾਹ ਤਾਕਤ ਦਿੰਦੇ ਹੈ ਓਥੇ ਦੂਜੇ ਪਾਸੇ ਇਸ ਤਾਕਤ ਦੀ ਵਰਤੋਂ ਸਬੰਧੀ ਸਰਕਾਰ ਤੇ ਇਸਦੇ ਅਧਿਕਾਰੀਆਂ ਦੀ ਨਾ ਤਾ ਕੋਈ ਜਵਾਬਦੇਹੀ ਤੈਅ ਕੀਤੀ ਗਈ ਹੈ ਅਤੇ ਨਾ ਹੀ ਕੋਈ ਪਾਰਦਰਸ਼ਤਾ ਰੱਖੀ ਗਈ ਹੈ। ਇਸ ਕਾਨੂੰਨ ਰਾਹੀਂ ਅਦਾਲਤਾਂ ਨੂੰ ਵੀ ਇੱਕ ਤਰ੍ਹਾਂ ਬਾਈਪਾਸ ਕੀਤਾ ਗਿਆ ਹੈ, ਸਰਕਾਰ ਕਿਹਨਾਂ ਲੋਕਾਂ ਦੀ ਨਿਗਰਾਨੀ ਕਰ ਰਹੀ ਹੈ ਤੇ ਕਿਉਂ ਕਰ ਰਹੀ ਹੈ ਇਸ ਲਈ ਸਰਕਾਰ ਜਾਂ ਇਸਦੇ ਅਧਿਕਾਰੀ ਜਵਾਬਦੇਹ ਨਹੀਂ ਹਨ ਅਤੇ ਨਾ ਹੀ ਇਸਨੂੰ ਕਨੂੰਨੀ ਤੌਰ 'ਤੇ ਕੋਈ ਚੁਣੌਤੀ ਦਿੱਤੀ ਜਾ ਸਕਦੀ ਹੈ ਕਿਉਂਕਿ ਸਰਕਾਰ ਜਨਤਕ ਸੁਰੱਖਿਆ ਦੇ ਨਾਮ 'ਤੇ ਇਸਨੂੰ ਗੁਪਤ ਰੱਖਣ ਲਈ ਆਜ਼ਾਦ ਹੈ।

ਨਵਾਂ 'ਦੂਰਸੰਚਾਰ ਕਨੂੰਨ-2023' ਅਜਿਹਾ ਇਕਲੌਤਾ ਕਨੂੰਨ ਨਹੀਂ ਹੈ ਜੋ ਨਾਗਰਿਕਾਂ ਦੇ ਨਿੱਜਤ ਤੇ ਬੋਲਣ ਦੀ ਅਜਾਦੀ ਦੇ ਹੱਕ 'ਤੇ ਡਾਕਾ ਮਾਰਦਾ ਹੈ। ਮੋਦੀ ਸਰਕਾਰ ਇਸੇ ਸਾਲ 'ਬਰੌਡਕਾਸਟ ਐਂਡ ਸਰਵਿਸ ਬਿਲ', 'ਡਾਟਾ ਪ੍ਰੋਟੈਸ਼ਨ ਕਨੂੰਨ', 'ਡਾਕਘਰ ਬਿਲ' ਅਤੇ 'ਸੂਚਨਾ ਤਕਨੀਕ ਨਿਯਮ' 2021 ਰਾਹੀਂ ਅਜਿਹਾ ਤੰਤਰ ਬਣਾਉਣ ਲਈ ਯਤਨਸ਼ੀਲ ਹੈ ਜਿਸ ਰਾਹੀਂ ਉਹ ਭਾਰਤ ਦੇ ਨਾਗਰਿਕਾਂ ਦੀ ਜੁਬਾਨਬੰਦੀ ਕਰ ਸਕੇ ਤੇ ਵਿਰੋਧ ਦੀ ਆਵਾਜ਼ ਕੁਚਲ ਸਕੇ। ਮੌਜਦਾ 'ਦੂਰਸੰਚਾਰ ਕਨੂੰਨ' ਵੀ ਇਸੇ ਤਾਨਾਸ਼ਾਹੀ ਤੰਤਰ ਦਾ ਹਿੱਸਾ ਹੈ। ਇਸ ਤਾਨਾਸ਼ਾਹ ਕਨੂੰਨ ਦਾ ਲਾਜ਼ਮੀ ਹੀ ਹਰ ਜਮਹੂਰੀਅਤ ਪਸੰਦ ਨਾਗਰਿਕ ਨੂੰ ਵਿਰੋਧ ਕਰਨਾ ਚਾਹੀਦਾ ਹੈ।

***

## ਕਿਉਂ ਪੰਜਾਬੀ ਗੁਰੂਆਂ ਦਾ ਰਾਹ ਤਿਆਗਕੇ

ਮੇਰੇ ਦਿਮਾਗ ਵਿੱਚ ਅਜਿਹੀ ਪਹੁੰਚ ਕਰਨ ਬਾਰੇ ਅਜੇ ਸੋਚ ਚੱਲ ਹੀ ਰਹੀ ਸੀ ਕਿ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੀ ਸੰਸਥਾ, ਸ਼੍ਰੋਮਣੀ ਕਮੇਟੀ ਦੀ ਨੁਮਾਇੰਦਗੀ ਕਰਨ ਵਾਲ਼ੇ ਖੁਦ ਵਿਵਾਦਾਂ ਦੇ ਘੇਰੇ ਵਿੱਚ ਰਹਿ ਚੁੱਕੇ ਹਨ, ਜਿਨ੍ਹਾਂ ਬਾਰੇ ਅਖਬਾਰਾਂ ਵਿੱਚ ਲੱਗੀਆਂ ਖਬਰਾਂ ਕਹਿ ਰਹੀਆਂ ਸਨ ਕਿ ਉਹ ਤਾਂ ਖੁਦ ਮੁਸ਼ਕਲਾਂ ਵਿੱਚੋਂ ਨਿਕਲਣ ਵਾਸਤੇ ਪੰਡਤਾਂ ਕੋਲੋਂ ਟੇਵੇ ਲਗਾਉਣ ਦੇ ਇਲਜ਼ਾਮਾਂ ਦਾ ਸਾਹਮਣਾ ਕਰ ਚੁੱਕੇ ਹਨ। ਸੁਣ ਕੇ ਮੈਨੂੰ ਬਹੁਤ ਨਮੋਸ਼ੀ ਹੋਈ ਕਿ ਸਿੱਖਾਂ ਦੀ ਸੁਪਰੀਮ ਸੰਸਥਾ ਦੇ ਉੱਚ ਅਹੁਦਿਆਂ 'ਤੇ ਬੈਠੇ ਲੋਕ ਜੇਕਰ ਅਜਿਹੇ ਕਾਰੇ ਕਰਨਗੇ ਤਾਂ ਆਮ ਲੋਕਾਂ ਉੱਤੇ ਇਸਦਾ ਕੀ ਪ੍ਰਭਾਵ ਪਵੇਗਾ। ਅੱਜ ਲੋੜ ਹੈ ਸਾਨੂੰ ਸਾਰਿਆਂ ਨੂੰ ਵਿਗਿਆਨਕ ਸੋਚ ਅਪਨਾਉਣ ਦੀ ਤੇ ਇਸ ਗੱਲ 'ਤੇ ਦ੍ਰਿੜ੍ਹ ਹੋਣ ਦੀ ਕਿ ਇਸ ਬ੍ਰਹਿਮੰਡ ਵਿੱਚ ਵਹਿਮ ਭਰਮ, ਭੂਤ ਪ੍ਰੇਤ ਨਾਂ ਦੀ ਕੋਈ ਚੀਜ਼ ਨਹੀਂ ਹੈ। ਸਾਰੇ ਆਪੋ ਆਪਣੇ ਇਲਾਕਿਆਂ ਵਿੱਚ, ਜਿੱਥੇ ਕਿਤੇ ਵੀ ਅਜਿਹੇ ਪਖੰਡ ਢੌਂਗ ਰਚੇ ਜਾ ਰਹੇ ਹੋਣ, ਉਹਨਾਂ ਦਾ ਡਟ ਕੇ ਵਿਰੋਧ ਕਰੀਏ। ਨੌਜਵਾਨਾਂ ਨੂੰ ਨਸ਼ਿਆਂ ਤੋਂ ਉੱਪਰ ਉੱਠ ਕੇ ਥਾਂ ਥਾਂ ਤਰਕਸ਼ੀਲ ਕਮੇਟੀਆਂ ਦਾ ਗਠਨ ਕਰਨਾ ਚਾਹੀਦਾ ਹੈ। ਅੱਜ ਅਖੌਤੀ ਬਾਬਿਆਂ ਨੂੰ ਚੈਲਿੰਜ ਕਰਨ 'ਤੇ ਉਹਨਾਂ ਨੂੰ ਤਰਕ ਦੇ ਅਧਾਰ 'ਤੇ ਅਜਿਹਾ ਨਾ ਕਰਨ ਤੋਂ ਰੋਕਣ ਲਈ ਲੋਕਾਂ ਅੰਦਰ ਵਿਗਿਆਨ ਦੇ ਯੁਗ ਅੰਦਰ ਗਿਆਨ ਦਾ ਦੀਪ ਜਗਾਉਂਦੇ ਹੋਏ ਉਪਰਾਲੇ ਕਰਨੇ ਚਾਹੀਦੇ ਹਨ। ਇਹ ਹੀ ਅੱਜ ਸਭ ਤੋਂ ਵੱਡੀ ਸਮਾਜ ਸੇਵਾ ਹੈ। ਸਾਨੂੰ ਜੋ ਗੁਰੂ ਨਾਨਕ ਸਾਹਿਬ ਨੇ ਸਿਖਾਇਆ ਹੈ, ਉਹ ਮਾਰਗ ਵਹਿਮਾਂ ਭਰਮਾਂ ਦਾ ਨਹੀਂ ਹੈ ਬਲਕਿ ਉਹ ਮਾਰਗ ਤਾਂ ਸਿੱਖੀ ਦੇ ਰਾਖੇ ਬਣ ਕੇ ਮਨੁੱਖਤਾ ਨੂੰ ਸਹੀ ਰਾਹ 'ਤੇ ਲਿਆਉਣ ਦਾ ਹੈ। ਅਫ਼ਸੋਸ ਤਾਂ ਇਸ ਗੱਲ ਦਾ ਹੈ ਕਿ ਜੋ ਸਾਡੇ ਗੁਰੂਆਂ ਸਾਨੂੰ ਰਾਹ ਦਿਖਾਇਆ ਸੀ ਅਸੀਂ ਉਸ ਨੂੰ ਵਿਸਾਰ ਕੇ ਇਹਨਾਂ ਅਖੌਤੀ ਬਾਬਿਆਂ ਦੇ ਚੱਕਰਾਂ ਵਿੱਚ ਫ਼ਸ ਗਏ ਹਾਂ। ਇਹ ਆਪਣੇ ਪੈਰਾਂ 'ਤੇ ਆਪ ਕੁਹਾੜੀ ਮਾਰਨ ਦੇ ਤੁਲ ਹੈ।

***

## ਮੁਸਲਮਾਨਾਂ ਦੇ ਨਾਮ 'ਤੇ ਆਈ.ਡੀ.

ਫ਼ਿਰ ਜਾਂਚ ਵਿੱਚ ਸਾਹਮਣੇ ਆਇਆ ਕਿ ਦੋਵੇਂ ਈ.ਮੇਲ. ਆਈ.ਡੀ. ਤਾਹਰ ਸਿੰਘ ਅਤੇ ਓਮ ਪ੍ਰਕਾਸ਼ ਮਿਸ਼ਰਾ ਦੁਆਰਾ ਬਣਾਈਆਂ ਗਈਆਂ ਸਨ, ਜਿਸ ਤੋਂ ਬਾਅਦ ਦੋਵਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਪੁੱਛਗਿੱਛ ਦੌਰਾਨ ਦੋਵਾਂ ਦੋਸ਼ੀਆਂ ਨੇ ਦੱਸਿਆ ਕਿ ਦੇਵੇਂਦਰ ਤਿਵਾੜੀ ਨੇ ਉਨ੍ਹਾਂ ਨੂੰ ਧਮਕੀ ਭਰੀ ਈ.ਮੇਲ. ਪੋਸਟ ਕਰਨ ਲਈ ਕਿਹਾ ਸੀ। ਉਸਦੇ ਖ਼ਿਲਾਫ਼ ਲਖਨਊ ਦੇ ਮਾਣਕ ਨਗਰ, ਆਸ਼ਿਆਨਾ, ਬਰਥਾ, ਗੌਤਮ ਪੱਲੀ ਅਤੇ ਆਲਮਬਾਗ ਥਾਣਿਆਂ ਵਿੱਚ ਕਈ ਮਾਮਲੇ ਦਰਜ ਹਨ। ਤਿਵਾੜੀ ਨੇ ਆਲਮਬਾਗ ਇਲਾਕੇ 'ਚ ਇੰਡੀਅਨ ਇੰਸਟੀਚਿਊਟ ਆਫ਼ ਪੈਰਾਮੈਡੀਕਲ ਸਾਇੰਸਜ਼ ਨਾਂ ਦਾ ਕਾਲਜ ਚਲਾਇਆ ਹੋਇਆ ਹੈ ਅਤੇ ਉਥੇ ਉਸ ਦਾ ਦਫ਼ਤਰ ਵੀ ਹੈ ਐਸ.ਟੀ.ਐਫ਼. ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਤਾਹਰ ਸਿੰਘ ਅਤੇ ਓਮ ਪ੍ਰਕਾਸ਼ ਮਿਸ਼ਰਾ ਵੀ ਤਿਵਾੜੀ ਦੇ ਦਫ਼ਤਰ ਵਿੱਚ ਕੰਮ ਕਰਦੇ ਹਨ। ਤਾਹਰ ਸਿੰਘ ਆਪਣਾ ਸੋਸ਼ਲ ਮੀਡੀਆ ਸੰਭਾਲਦਾ ਸੀ ਜਦਕਿ ਮਿਸ਼ਰਾ ਉਸ ਦਾ ਨਿੱਜੀ ਸਕੱਤਰ ਸੀ। ਮਿਸ਼ਰਾ ਵੀ ਇਸੇ ਕਾਲਜ ਤੋਂ ਦੋ ਸਾਲਾਂ ਦਾ ਡਿਪਲੋਮਾ ਕੋਰਸ ਕਰ ਰਿਹਾ ਸੀ।

ਯਾਦ ਰਹੇ ਕਿ ਜਿਵੇਂ ਹਿੰਦੂਤਵੀਆਂ ਵੱਲੋਂ ਭਾਰਤ ਵਿੱਚ ਮੁਸਲਮਾਨਾਂ ਨੂੰ ਬਦਨਾਮ ਕਰਨ ਦੀ ਮੁਹਿੰਮ ਚਲਾਈ ਜਾ ਰਹੀ ਹੈ, ਉਸੇ ਭਗਵੀਂ ਫ਼ਿਰਕੂ ਮੁਹਿੰਮ ਅਧੀਨ ਸਿੱਖਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਪ੍ਰਵਾਸੀ ਭਾਰਤੀ ਸਿੱਖਾਂ ਦਾ ਕਹਿਣਾ ਹੈ ਕਿ ਅਮਰੀਕਾ, ਕੈਨੇਡਾ ਆਸਟ੍ਰੇਲੀਆ ਦੇ ਮੰਦਰਾਂ ਉਪਰ ਧਮਕੀਆਂ ਤੇ ਖ਼ਾਲਿਸਤਾਨ ਦੇ ਨਾਰੇ ਲਿਖਕੇ ਸਿੱਖਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਪਰ ਆਸਟਰੇਲੀਆ ਸਰਕਾਰ ਨੇ ਕੁਝ ਹਿੰਦੂਤਵੀ ਗ੍ਰਿਫ਼ਤਾਰ ਕਰਕੇ ਪਰਦਾਫ਼ਾਸ਼ ਕਰ ਦਿਤਾ ਕਿ ਅਸਲ ਵਿੱਚ ਫ਼ਿਰਕੂ ਜ਼ਹਿਰ ਹਿੰਦੂਤਵੀਆਂ ਵੱਲੋਂ ਸਿੱਖਾਂ ਤੇ ਮੁਸਲਮਾਨਾਂ ਖ਼ਿਲਾਫ਼ ਚਲਾਈ ਜਾ ਰਹੀ ਹੈ।

****

## ਰਾਮਮੰਦਰ, ਹਿੰਦੁਤਵ ਤੋਂ

ਚੋਣ ਮੁਹਿੰਮ ਦੀ ਝਲਕ ਦਿੱਤੀ ਸੀ। ਕਰੀਬ 16 ਹਜ਼ਾਰ ਕਰੋੜ ਰੁਪਏ ਦੇ ਪ੍ਰਾਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਣ ਮੌਕੇ ਉਨ੍ਹਾਂ ਰਾਮ ਭਗਤਾਂ ਨੂੰ ਯਾਦ ਕਰਵਾਇਆ ਕਿ ਪੰਜ ਸੌ ਸਾਲ ਬਾਅਦ ਰਾਮ ਲੱਲਾ ਉਨ੍ਹਾਂ ਦੇ ਘਰ ਨਿਵਾਸ ਕਰਨ ਜਾ ਰਿਹਾ ਹੈ। ਚੇਤੇ ਰਹੇ ਕਿ ਪ੍ਰਧਾਨ ਮੰਤਰੀ ਇੱਕ ਹਜ਼ਾਰ ਸਾਲ ਦੀ ਗੁਲਾਮੀ ਨੂੰ ਵਾਰ-ਵਾਰ ਯਾਦ ਕਰਵਾ ਕੇ ਦੇਸ਼ ਨੂੰ ਗੁਲਾਮੀ ਦੀ ਮਾਨਸਿਕਤਾ ਤੋਂ ਮੁਕਤ ਕਰਵਾਉਣ ਦਾ ਦਾਅਵਾ ਕਰ ਰਹੇ ਹਨ, ਉਥੇ ਹੀ ਦੂਜੇ ਪਾਸੇ ਉਹ ਪੰਜ ਸੌ ਸਾਲ ਬਾਅਦ ਰਾਮ ਲੱਲਾ ਦੇ ਆਉਣ ਦੀ ਗੱਲ ਵੀ ਕਰ ਰਹੇ ਹਨ।ਪੰਜ ਸੌ ਸਾਲ ਬਾਅਦ ਰਾਮ ਲੱਲਾ ਦੇ ਬਿਰਾਜਮਾਨ ਹੋਣ ਦੀ ਗੱਲ ਕਹਿਣ ਦੇ ਨਾਲ ਹੀ ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਸੀ ਕਿ ਸਿਰਫ਼ ਰਾਮ ਲੱਲਾ ਨੂੰ ਹੀ ਨਹੀਂ, ਦੇਸ਼ ਦੇ ਚਾਰ ਕਰੋੜ ਲੋਕਾਂ ਨੂੰ ਘਰ ਵੀ ਮਿਲੇ ਹਨ। ਇਸ ਤੋਂ ਬਾਅਦ ਉਹ ਮੁਫ਼ਤ ਰਸੋਈ ਗੈਸ ਦੀ ਉੱਜਵਲਾ ਯੋਜਨਾ ਦੇ 10 ਕਰੋੜ ਲਾਭਪਾਤਰੀ ਦੇ ਘਰ ਗਏ ਅਤੇ ਟੁੱਟੇ ਹੋਏ ਘਰ ਵਿੱਚ ਬੈਠ ਕੇ ਚਾਹ ਪੀਤੀ। ਸੋਚੋ, ਇਹ ਕਿਤਨਾ ਮਜ਼ਬੂਤ ? ?ਭਗਵਾਂ ਬਿਰਤਾਂਤ ਹੈ ? ਇਸ ਬਿਰਤਾਂਤ ਦਾ ਭਾਜਪਾ ਨੂੰ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਵੀ ਕਾਫ਼ੀ ਫ਼ਾਇਦਾ ਹੋਇਆ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਅਜਿਹੀਆਂ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਹਨ, ਜਿਨ੍ਹਾਂ ਦਾ ਸਿੱਧਾ ਲਾਭ ਕਰੋੜਾਂ ਲੋਕਾਂ ਤੱਕ ਪਹੁੰਚ ਰਿਹਾ ਹੈ। ਪਿਛਲੀਆਂ ਚੋਣਾਂ ਵੇਲੇ ਕਿਸਾਨ ਸਨਮਾਨ ਨਿਧੀ ਸ਼ੁਰੂ ਕੀਤੀ ਗਈ ਸੀ, ਜੋ ਅਜੇ ਵੀ ਚੱਲ ਰਹੀ ਹੈ ਅਤੇ ਕਰੋਨਾ ਮਹਾਂਮਾਰੀ ਤੋਂ ਬਾਅਦ 80 ਕਰੋੜ ਲੋਕਾਂ ਨੂੰ ਪੰਜ ਕਿੱਲੋ ਮੁਫ਼ਤ ਅਨਾਜ ਦੇਣ ਦੀ ਯੋਜਨਾ ਸ਼ੁਰੂ ਕੀਤੀ ਗਈ ਸੀ, ਜਿਸ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਪੰਜ ਸਾਲ ਲਈ ਵਧਾਉਣ ਦਾ ਐਲਾਨ ਕੀਤਾ ਸੀ। ਕੀ ਵਿਰੋਧੀ ਗਠਜੋੜ ਕੋਲ ਮੋਦੀ ਵੱਲੋਂ 80 ਕਰੋੜ ਲਾਭਪਾਤਰੀਆਂ ਨੂੰ ਚਾਰ ਕਰੋੜ ਲੋਕਾਂ ਨੂੰ ਘਰ, ਉੱਜਵਲਾ ਯੋਜਨਾ ਦੇ ਲਾਭਪਾਤਰੀਆਂ ਦੇ ਘਰ ਚਾਹ ਅਤੇ 5 ਕਿਲੋ ਮੁਫ਼ਤ ਅਨਾਜ ਦੇ ਕੇ ਹਿੰਦੂ ਸਵੈਮਾਨ ਨਾਲ ਜੋੜ ਕੇ ਕੀਤੀ ਗਈ ਰਾਜਨੀਤਕ ਮੁਹਿੰਮ ਦਾ ਮੁਕਾਬਲਾ ਕਰਨ ਲਈ ਕੋਈ ਯੋਜਨਾ ਹੈ? ਇੰਡੀਆ ਗੱਠਜੋੜ ਹਾਲੇ ਤਕ ਸੀਟ ਵੰਡ ਦੇ ਝਗੜੇ ਵਿੱਚ ਉਲਝਿਆ ਇੰਡੀਆ ਗਠਜੋੜ ਦਾ ਸ਼ਕਤੀਸ਼ਾਲੀ ਸਰੂਪ ਨਹੀਂ ਉਸਾਰ ਸਕਿਆ। ਇਸੇ ਕਰਕੇ ਭਾਜਪਾ 400 ਸੀਟਾਂ ਲਿਜਾਣ ਦਾ ਦਾਅਵਾ ਕਰ ਰਹੀ ਹੈ। ਇੰਗਲੈਂਡ ਦਾ ਗਾਰਡੀਅਨ ਅਖਬਾਰ ਵੀ ਦਾਅਵਾ ਕਰ ਰਿਹਾ ਕਿ ਇਸ ਵਾਰ ਫ਼ਿਰ ਮੋਦੀ ਜਿਤਣਗੇ। ਜੇਕਰ ਹਕੀਕਤ ਦੇਖੀ ਜਾਵੇ ਤਾਂ 2014 ਵਿੱਚ ਮੋਦੀ ਦੇ ਸੱਤਾ 'ਚ ਆਉਣ ਵੇਲੇ ਦੇਸ਼ 'ਤੇ ਕੁੱਲ ਕਰਜ਼ 55 ਲੱਖ ਕਰੋੜ ਰੁਪਏ ਸੀ, ਜਿਹੜਾ ਹੁਣ 205 ਲੱਖ ਕਰੋੜ ਹੋ ਚੁੱਕਾ ਹੈ। ਗਰੀਬੀ ਤੋਂ ਹੇਠਾਂ ਜ਼ਿੰਦਗੀ ਜਿਊਣ ਵਾਲਿਆਂ ਦੀ ਗਿਣਤੀ 22 ਫ਼ੀਸਦੀ ਤੋਂ ਉੱਪਰ ਹੋ ਗਈ ਹੈ। ਧਨ ਦਾ ਪੂਰਾ ਕੇਂਦਰੀਕਰਨ ਉੱਪਰਲੇ 5 ਫ਼ੀਸਦੀ ਲੋਕਾਂ ਦੇ ਹੱਥਾਂ ਵਿੱਚ ਹੋ ਚੁੱਕਾ ਹੈ। ਬਾਕੀ ਲੋਕ ਮੋਦੀ ਦੇ ਅਨਾਜ 'ਤੇ ਜਿਊਂਦੇ ਹਨ। ਸਰਕਾਰ ਦੇ ਆਪਣੇ ਅੰਕੜੇ ਦੱਸ ਰਹੇ ਹਨ ਕਿ ਦੇਸ਼ ਵਿੱਚ 80 ਕਰੋੜ ਲੋਕ ਗਰੀਬ ਹਨ, ਜਿਹੜੇ ਮੁਫ਼ਤ ਅਨਾਜ ਨਾਲ ਡੰਗ ਕੱਟ ਰਹੇ ਹਨ। ਨਾ ਉਮੀਦੀ ਇਸ ਹੱਦ ਤੱਕ ਪੁੱਜ ਚੁੱਕੀ ਹੈ ਕਿ ਲੋਕਾਂ ਨੇ ਰੁਜ਼ਗਾਰ ਦੀ ਇੱਛਾ ਹੀ ਤਿਆਗ ਦਿੱਤੀ ਹੈ। 'ਅੱਛੇ ਦਿਨ' ਦੇ ਵਾਅਦੇ ਨਾਲ ਆਈ ਸਰਕਾਰ ਦੇ 10 ਸਾਲਾਂ ਵਿੱਚ 22 ਲੱਖ ਲੋਕ ਦੇਸ਼ ਛੱਡ ਕੇ ਵਿਦੇਸ਼ਾਂ ਵਿੱਚ ਵਸ ਗਏ ਹਨ, ਭਾਵੇਂ ਉੱਥੇ ਉਨ੍ਹਾਂ ਨੂੰ ਮਜ਼ਦੂਰੀ ਕਰਨੀ ਪਵੇ। ਫ਼ਰਾਂਸ ਵਿੱਚ ਰੋਕੇ ਗਏ ਜਹਾਜ਼ ਵਿੱਚ ਅੱਧੇ ਤੋਂ ਵੱਧ ਮੋਦੀ ਦੇ ਜੱਦੀ ਰਾਜ ਗੁਜਰਾਤ ਦੇ ਸਨ, ਜਿਹੜੇ ਦੁਬਈ ਦੇ ਰਸਤੇ ਨਿਕਾਰਾਗੁਆ ਪੁੱਜ ਕੇ ਕੈਨੇਡਾ ਜਾਂ ਮੈਕਸੀਕੋ ਵੱਲੋਂ ਅਮਰੀਕਾ ਪੁੱਜਣਾ ਚਾਹੁੰਦੇ ਸਨ। ਅਜਿਹਾ ਨਹੀਂ ਕਿ ਇਹ ਗਰੀਬ ਸਨ। ਇਨ੍ਹਾਂ ਸਭ ਨੇ 30-70 ਲੱਖ ਰੁਪਏ ਤੱਕ ਦੇ ਰੱਖੇ ਸਨ। ਦਰਅਸਲ ਉਹ ਇਸ ਦੇਸ਼ ਵਿੱਚ ਰਹਿਣਾ ਹੀ ਨਹੀਂ ਸਨ ਚਾਹੁੰਦੇ, ਜਿੱਥੇ ਉਨ੍ਹਾਂ ਤੇ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਨਹੀਂ। ਸੋਚਿਆ ਜਾ ਸਕਦਾ ਹੈ ਕਿ ਜੇ ਅਜਿਹੇ ਲੋਕਾਂ ਲਈ ਦੇਸ਼ ਵਿਚ ਕੁਝ ਨਹੀਂ ਬਚਿਆ ਤਾਂ ਸਰਕਾਰੀ ਅਨਾਜ ਨਾਲ ਢਿੱਡ ਭਰਨ ਵਾਲਿਆਂ ਲਈ ਕੀ ਬਚਿਆ ਹੋਵੇਗਾ ? ਹਾਲਾਤ ਇੱਥੋਂ ਤੱਕ ਪੁੱਜ ਗਏ ਹਨ ਕਿ ਭਾਰਤ ਦੁਨੀਆਂ ਲਈ ਮਜ਼ਦੂਰ ਸਪਲਾਈ ਦਾ ਕੇਂਦਰ ਬਣ ਗਿਆ ਹੈ। ਭਾਰਤ ਦੇ ਹਾਲਾਤ ਏਨੇ ਨਿਘਰਨ ਦੇ ਬਾਵਜੂਦ ਭਾਜਪਾ ਨੇ ਧਰਮ ਤੇ ਫ਼ਿਰਕਿਆਂ ਦੀ ਸਿਆਸਤ ਕਰਕੇ ਏਨੇ ਅੰਧ-ਭਗਤ ਬਣਾ ਲਏ ਹਨ ਕਿ ਉਹ ਮਜ਼ਦੂਰਾਂ ਦੀ ਵਿਦੇਸ਼ਾਂ ਨੂੰ ਸਪਲਾਈ ਨੂੰ ਵੀ ਮੋਦੀ ਦਾ ਮਾਸਟਰ ਸਟਰੋਕ ਕਹਿ ਸਕਦੇ ਹਨ।

***

## ਸੀਟਾਂ ਦੀ ਵੰਡ:

ਕੀਤੀ ਅਤੇ ਅੰਤਿਮ ਫ਼ੈਸਲਾ ਬਾਅਦ 'ਚ ਲਿਆ ਜਾਵੇਗਾ।" ਕਾਂਗਰਸ ਦੀ ਐੱਨ.ਏ.ਸੀ. ਦੇ ਕਨਵੀਨਰ ਵਾਸਨਿਕ ਨੇ ਕਿਹਾ ਕਿ ਮੀਟਿੰਗ ਦੌਰਾਨ ਸੀਟਾਂ ਦੀ ਵੰਡ ਤੋਂ ਇਲਾਵਾ ਵੱਖ- ਵੱਖ ਵਿਸ਼ਿਆਂ 'ਤੇ ਡੂੰਘਾਈ ਨਾਲ ਚਰਚਾ ਕੀਤੀ ਗਈ। ਉਨ੍ਹਾਂ ਕਿਹਾ ਕਿ ਕੁਝ ਦਿਨਾਂ ਮਗਰੋਂ ਦੋਵੇਂ ਧਿਰਾਂ ਦੀ ਮੁੜ ਮੀਟਿੰਗ ਹੋਵੇਗੀ ਅਤੇ ਸੀਟਾਂ ਦੀ ਵੰਡ ਬਾਰੇ ਅੰਤਿਮ ਫ਼ੈਸਲਾ ਲਿਆ ਜਾਵੇਗਾ। 'ਅਸੀਂ ਸੀਟਾਂ ਦੀ ਵੰਡ ਦੀ ਯੋਜਨਾ ਨੂੰ ਬਾਅਦ 'ਚ ਅੰਤਿਮ ਰੂਪ ਦੇਵਾਂਗੇ। ਅਸੀਂ ਪੂਰੀ ਤਿਆਰੀ ਨਾਲ ਇਕੱਠੇ ਚੋਣਾਂ ਲੜ ਕੇ ਭਾਜਪਾ ਨੂੰ ਹਰਾਵਾਂਗੇ।' ਕਾਂਗਰਸ ਅਤੇ 'ਆਪ' ਨੂੰ 'ਇੰਡੀਆ' ਗੱਠਜੋੜ ਦਾ ਅਹਿਮ ਹਿੱਸਾ ਕਰਾਰ ਦਿੰਦਿਆਂ ਵਾਸਨਿਕ ਨੇ ਕਿਹਾ ਕਿ ਮੀਟਿੰਗ ਦੌਰਾਨ ਹੋਈ ਚਰਚਾ ਦਾ ਅਜੇ ਖ਼ੁਲਾਸਾ ਕਰਨਾ ਸਹੀ ਨਹੀਂ ਹੋਵੇਗਾ। ਇਕ ਹੋਰ ਕਾਂਗਰਸੀ ਆਗੂ ਅਸ਼ੋਕ ਗਹਿਲੋਤ ਨੇ ਕਿਹਾ ਕਿ ਕਿਸੇ ਦੇ ਨਿੱਜੀ ਵਿਚਾਰਾਂ 'ਤੇ ਚਰਚਾ ਨਹੀਂ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਵੱਡਾ ਗਠਜੋੜ ਬਣ ਜਾਂਦਾ ਹੈ ਤਾਂ ਸਾਰਿਆਂ ਨੂੰ ਸਮਝੌਤਾ ਕਰਨਾ ਪੈਂਦਾ ਹੈ ਅਤੇ ਕੁਰਬਾਨੀਆਂ ਦੇਣੀਆਂ ਪੈਂਦੀਆਂ ਹਨ। 'ਕਾਂਗਰਸ ਨੇ ਪਹਿਲ ਕੀਤੀ ਹੈ ਅਤੇ ਦੇਸ਼ ਭਰ ਵਿੱਚ ਇੱਕ ਚੰਗਾ ਸੰਦੇਸ਼ ਗਿਆ ਹੈ ਅਤੇ ਇਹ ਪ੍ਰਕਿਰਿਆ ਅੱਗੇ ਵਧ ਰਹੀ ਹੈ।' ਗਹਿਲੋਤ ਨੇ ਕਿਹਾ ਕਿ ਜੇਕਰ ਗੱਠਜੋੜ ਸਫ਼ਲ ਹੁੰਦਾ ਹੈ ਤਾਂ ਇਸ 'ਚ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਗਲੀ ਸਰਕਾਰ ਨਹੀਂ ਬਣਾ ਸਕਣਗੇ। ਜ਼ਿਕਰਯੋਗ ਹੈ ਕਿ ਪੰਜਾਬ ਅਤੇ ਦਿੱਲੀ 'ਚ 'ਆਪ' ਦੀ ਸਰਕਾਰ ਹੈ ਅਤੇ ਦੋਵੇਂ ਸੂਬਿਆਂ 'ਚ ਕਾਂਗਰਸ ਦੀਆਂ ਪ੍ਰਦੇਸ਼ ਇਕਾਈਆਂ 'ਆਪ' ਨਾਲ ਕਿਸੇ ਵੀ ਤਰ੍ਹਾਂ ਦੇ ਗੱਠਜੋੜ ਦਾ ਵਿਰੋਧ ਕਰ ਰਹੀਆਂ ਹਨ। ਕਾਂਗਰਸ ਨੇ ਵੱਖ-ਵੱਖ ਸੂਬਿਆਂ 'ਚ 'ਇੰਡੀਆ' ਗੱਠਜੋੜ 'ਚ ਸ਼ਾਮਲ ਪਾਰਟੀਆਂ ਨਾਲ ਵੀ ਸੀਟਾਂ ਦੀ ਵੰਡ ਲਈ ਗੱਲਬਾਤ ਸ਼ੁਰੂ ਕੀਤੀ ਹੋਈ ਹੈ।

***

## ਸ਼੍ਰੀਲੰਕਾ ਨੇ ਚੀਨੀ ਖੋਜ

ਚੀਨੀ ਜਹਾਜ਼ ਕੋਲੰਬੋ ਵਿੱਚ ਰੁਕੇ ਹਨ।

ਪਿਛਲੇ ਸਾਲ ਅਕਤੂਬਰ 'ਚ ਚੀਨੀ ਖੋਜ ਜਹਾਜ਼ 'ਸ਼ੀ ਯਾਨ 6' ਕਈ ਦਿਨਾਂ ਤੱਕ ਕੋਲੰਬੋ ਬੰਦਰਗਾਹ 'ਤੇ ਡੱਕਿਆ ਰਿਹਾ, ਜਦਕਿ 2022 'ਚ ਜਲ ਸੈਨਾ ਦਾ ਜਹਾਜ਼ 'ਯੁਆਨ ਵੈਂਗ 5' ਦੱਖਣੀ ਸ਼੍ਰੀਲੰਕਾ ਦੇ ਹੰਬਨਟੋਟਾ 'ਚ ਡੱਕਿਆ। ਭਾਰਤ ਵਿੱਚ ਇਹ ਡਰ ਸੀ ਕਿ ਇਨ੍ਹਾਂ ਜਹਾਜ਼ਾਂ ਦੀ ਵਰਤੋਂ ਭਾਰਤੀ ਖੇਤਰ ਦੀ ਨਿਗਰਾਨੀ ਲਈ ਕੀਤੀ ਜਾ ਸਕਦੀ ਹੈ। ਚੀਨ ਸ਼੍ਰੀਲੰਕਾ ਵਿੱਚ ਆਪਣਾ ਪ੍ਰਭਾਵ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਜੋ ਕਿ ਦੁਨੀਆ ਦੇ ਸਭ ਤੋਂ ਵਿਅਸਤ ਸ਼ਿਪਿੰਗ ਮਾਰਗਾਂ ਵਿੱਚੋਂ ਇੱਕ ਹੈ, ਜਿਸ ਵਿੱਚ ਭਾਰਤ ਨੂੰ ਇੱਕ ਪ੍ਰਮੁੱਖ ਰਣਨੀਤਕ ਖੇਤਰ ਮੰਨਿਆ ਜਾਂਦਾ ਹੈ।

***

## ਧੀਆਂ ਦੇ ਬਾਬਲ ਭੋਗਦੇ ਹਨ

ਇਹ ਅਧਿਐਨ ਯੇਲ ਯੂਨੀਵਰਸਿਟੀ ਦੇ ਖੋਜਕਾਰਾਂ ਵੱਲੋਂ ਵੱਖ-ਵੱਖ ਉਮਰ ਵਰਗ ਦੇ 28 ਲੋਕਾਂ 'ਤੇ ਕੀਤਾ ਗਿਆ ਹੈ।

ਹਰ ਵਿਅਕਤੀ ਲਈ ਸੰਗੀਤ ਦਾ ਅਰਥ ਵੱਖਰਾ ਹੁੰਦਾ ਹੈ। ਹੁਣ ਖੋਜਕਰਤਾਵਾਂ ਨੇ ਸੰਗੀਤ ਅਤੇ ਨੈਤਿਕ ਕਦਰਾਂ-ਕੀਮਤਾਂ ਵਿਚਕਾਰ ਸਬੰਧ ਦੀ ਖੋਜ ਕੀਤੀ ਹੈ। ਲੰਡਨ ਦੀ ਕਵੀਨ ਮੈਰੀ ਯੂਨੀਵਰਸਿਟੀ ਅਤੇ ਇਟਲੀ ਦੀ ਆਈਐਸਆਈ ਫ਼ਾਊਂਡੇਸ਼ਨ ਦੇ ਖੋਜਕਰਤਾਵਾਂ ਨੇ ਆਪਣੇ ਅਧਿਐਨ ਵਿੱਚ ਪਾਇਆ ਹੈ ਕਿ ਸੰਗੀਤ ਨਾ ਸਿਰਫ਼ ਸਾਡੇ ਸੁਭਾਅ ਨੂੰ ਪ੍ਰਭਾਵਿਤ ਕਰਦਾ ਹੈ ਬਲਕਿ ਇਹ ਸਾਡੇ ਸੰਸਾਰ ਨੂੰ ਦੇਖਣ ਦੇ ਤਰੀਕੇ ਨੂੰ ਵੀ ਪ੍ਰਭਾਵਿਤ ਕਰਦਾ ਹੈ। ਇਹ ਸਿੱਟਾ 1,400 ਲੋਕਾਂ 'ਤੇ ਕੀਤੇ ਗਏ ਅਧਿਐਨ ਦੇ ਆਧਾਰ 'ਤੇ ਕੱਢਿਆ ਗਿਆ ਹੈ।

***

## ਗੁ. ਰੋੜੀ ਸਾਹਿਬ ਲਾਹੌਰ ਦੀ

ਆਬਾਦ ਪਿੰਡ ਜਾਹਮਣ ਵਿਚਲੇ ਇਤਿਹਾਸਕ ਗੁਰਦੁਆਰਾ ਸਾਹਿਬ ਦਾ ਖ਼ੂਬਸੂਰਤ ਸਰੋਵਰ ਹੁਣ ਮੀਂਹ ਦੇ ਪਾਣੀ ਨਾਲ ਭਰ ਗਿਆ ਹੈ। ਗੁਰਦੁਆਰਾ ਸਾਹਿਬ ਦੀ ਤਾਰੀਖ਼ੀ ਇਮਾਰਤ ਦੀ ਹਾਲਤ ਹੀ ਬਹੁਤ ਮਾੜੀ ਹੈ। ਸੰਬੰਧਿਤ ਮਹਿਕਮੇ ਵੱਲੋਂ ਇਸ ਦੀ ਕੋਈ ਸਾਂਭ-ਸੰਭਾਲ ਨਹੀਂ ਰੱਖੀ ਜਾ ਰਹੀ। ਆਦਿਲ ਰਿਆਜ਼ ਨੇ ਅੱਗੇ ਲਿਖਿਆ ਹੈ ਕਿ ਸ਼ਾਇਦ ਪਾਕਿ ਦਾ ਕੋਈ ਵੀ ਸਰਕਾਰੀ ਵਿਭਾਗ ਇਸ ਅਸਥਾਨ ਦੀ ਹੋਂਦ ਤੋਂ ਜਾਣੂ ਨਹੀਂ ਹੈ। ਦੱਸਣਯੋਗ ਹੈ ਕਿ ਭਾਰਤੀ ਪਿੰਡ ਖਾਲੜਾ ਦੀ ਸਰਹੱਦ ਤੋਂ ਇੱਕ ਕਿੱਲੋਮੀਟਰ ਦੀ ਦੂਰੀ 'ਤੇ ਸਥਿਤ ਗੁਰਦੁਆਰਾ ਰੋੜੀ ਸਾਹਿਬ ਦੇ ਸਥਾਨ 'ਤੇ ਗੁਰੂ ਨਾਨਕ ਦੇਵ ਜੀ ਨੇ ਤਿੰਨ ਵਾਰ ਚਰਨ ਪਾਏ। ਗੁਰਦੁਆਰਾ ਸਾਹਿਬ ਦਾ 50 ਏਕੜ ਰਕਬਾ ਸੀ ਅਤੇ ਗੁਰਦੁਆਰਾ ਸਾਹਿਬ ਦੇ ਪਵਿੱਤਰ ਸਰੋਵਰ 'ਚ ਹਿੰਦੂ, ਸਿੱਖ ਅਤੇ ਮੁਸਲਿਮ ਸ਼ਰਧਾਲੂ ਦੂਰ-ਦੂਰ ਤੋਂ ਇਸ਼ਨਾਨ ਕਰਨ ਆਉਂਦੇ ਸਨ। ਦੇਸ਼ ਦੀ ਵੰਡ ਤੋਂ ਪਹਿਲਾਂ ਇਸ ਅਸਥਾਨ ਦੀ ਸੇਵਾ ਭਾਈ ਵਧਾਵਾ ਸਿੰਘ ਕਰਦੇ ਰਹੇ ਅਤੇ ਇੱਥੇ ਵਿਸਾਖੀ ਅਤੇ 20 ਜੇਠ ਨੂੰ ਵੱਡਾ ਮੇਲਾ ਲੱਗਦਾ ਸੀ।

***

## ਟਾਈਟਲਰ ਵਿਰੁੱਧ ਦੋਸ਼

ਟਾਈਟਲਰ ਦੇ ਵਕੀਲ ਵੱਲੋਂ ਬਹਿਸ ਪੇਸ਼ ਕਰਨ ਲਈ ਸਮਾਂ ਮੰਗਣ ਤੋਂ ਬਾਅਦ ਜੱਜ ਨੇ ਮਾਮਲੇ ਦੀ ਅਗਲੀ ਸੁਣਵਾਈ 22 ਜਨਵਰੀ 'ਤੇ ਪਾ ਦਿੱਤੀ ਹੈ। ਇੱਕ ਮੈਜਿਸਟ੍ਰੇਟ ਅਦਾਲਤ ਨੇ 11 ਸਤੰਬਰ, 2023 ਨੂੰ ਕੇਸ ਅਗਲੀ ਕਾਰਵਾਈ ਲਈ ਜ਼ਿਲ੍ਹਾ ਜੱਜ ਕੋਲ ਭੇਜ ਦਿੱਤਾ ਸੀ। ਇਹ ਨੋਟ ਕਰਦਿਆਂ ਕਿ ਟਾਈਟਲਰ 'ਤੇ ਕਤਲ (ਆਈ.ਪੀ.ਸੀ. ਦੀ ਧਾਰਾ 302 ਅਧੀਨ ਸਜ਼ਾਯੋਗ) ਦਾ ਦੋਸ਼ ਹੈ, ਵਧੀਕ ਚੀਫ਼ ਮੈਟਰੋਪੋਲੀਟਨ ਮੈਜਿਸਟਰੇਟ ਵਿਧੀ ਗੁਪਤਾ ਆਨੰਦ ਨੇ ਕੇਸ ਨੂੰ ਜ਼ਿਲ੍ਹਾ ਜੱਜ ਕੋਲ ਭੇਜ ਦਿੱਤਾ, ਤਾਂ ਜੋ ਇਹ ਮਾਮਲਾ ਸੈਸ਼ਨ ਜੱਜ ਨੂੰ ਸੌਂਪਿਆ ਜਾ ਸਕੇ, ਜੋ ਕਿ ਸੈਸ਼ਨ ਅਦਾਲਤ ਵੱਲੋਂ ਨਿਵੇਕਲੇ ਤੌਰ 'ਤੇ ਮੁਕੱਦਮੇਯੋਗ ਅਪਰਾਧ ਹੈ। ਦੁਰਲੱਭ ਮਾਮਲਿਆਂ ਵਿੱਚ ਇਸ ਅਪਰਾਧ 'ਚ ਮੌਤ ਦੀ ਸਜ਼ਾ ਦੀ ਵੱਧ ਤੋਂ ਵੱਧ ਸਜ਼ਾ ਸ਼ਾਮਿਲ ਹੈ।

***

## ਪੰਜਾਬ ਦੇ ਹਰ ਗਲੀ-ਮੁਹੱਲ

ਅਰਵਿੰਦ ਕੇਜਰੀਵਾਲ ਦੀ ਤਸਵੀਰ ਹੋਣ ਕਰਕੇ ਰੱਦ ਹੋਈ ਹੈ। ਉਸ ਮਗਰੋਂ ਕੇਂਦਰੀ ਰੱਖਿਆ ਮੰਤਰਾਲੇ ਦੇ ਹਵਾਲੇ ਨਾਲ ਮੁੱਖ ਮੰਤਰੀ ਨੇ ਮੋੜਵਾਂ ਵਾਰ ਕੀਤਾ ਸੀ ਕਿ ਜਾਖੜ ਦਾ ਝੂਠ ਨੰਗਾ ਹੋ ਗਿਆ ਹੈ। ਸੂਤਰਾਂ ਅਨੁਸਾਰ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਇਸ ਝਾਕੀ ਨੂੰ ਰੋਡ ਸ਼ੋਅ'ਜ਼ ਦਾ ਹਿੱਸਾ ਵੀ ਬਣਾਇਆ ਜਾਵੇਗਾ। ਹਰ ਜ਼ਿਲ੍ਹੇ ਵਿੱਚ ਡਿਪਟੀ ਕਮਿਸ਼ਨਰ ਅਤੇ ਹਲਕਾ ਵਿਧਾਇਕ ਦੇ ਮਸ਼ਵਰੇ ਨਾਲ ਪਿੰਡਾਂ ਤੇ ਸ਼ਹਿਰਾਂ ਵਿੱਚ ਝਾਕੀ ਲਿਜਾਣ ਦਾ ਰੂਟ ਪਲਾਨ ਤਿਆਰ ਕੀਤਾ ਜਾਵੇਗਾ। ਸਿਆਸੀ ਹਲਕਿਆਂ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਇਸ ਝਾਕੀ ਨੂੰ ਰੱਦ ਕੀਤੇ ਜਾਣ ਦਾ ਸਿਆਸੀ ਲਾਹਾ ਚੋਣਾਂ ਵਿੱਚ ਖੱਟਣਾ ਚਾਹੁੰਦੀ ਹੈ।

ਇਹ ਵੀ ਪਤਾ ਲੱਗਾ ਹੈ ਕਿ ਇੱਕ ਝਾਕੀ ਦਿੱਲੀ ਵਿਖੇ ਪੰਜਾਬ ਭਵਨ ਵਿੱਚ ਸੁਸ਼ੋਭਿਤ ਕੀਤੀ ਜਾਵੇਗੀ। ਦਿੱਲੀ ਦੇ 'ਆਪ' ਵਿਧਾਇਕਾਂ ਨੂੰ ਇਸ ਝਾਕੀ ਨੂੰ ਪੰਜਾਬੀ ਇਲਾਕਿਆਂ ਵਿੱਚ ਲਿਜਾਣ ਦੀ ਖੁੱਲ੍ਹ ਹੋਵੇਗੀ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਗਣਤੰਤਰ ਦਿਵਸ ਪਰੇਡ ਵਾਸਤੇ 'ਪੰਜਾਬ-ਸ਼ਹੀਦਾਂ ਅਤੇ ਕੁਰਬਾਨੀਆਂ ਦੀ ਗਾਥਾ', 'ਨਾਰੀ ਸ਼ਕਤੀ' (ਮਾਈ ਭਾਗੋ-ਪਹਿਲੀ ਮਹਾਨ ਸਿੱਖ ਜੰਗਜੂ ਬੀਬੀ) ਅਤੇ 'ਪੰਜਾਬ ਦੇ ਅਮੀਰ ਸੱਭਿਆਚਾਰ ਦੀ ਪੇਸ਼ਕਾਰੀ' ਵਿਸ਼ਿਆਂ ਨੂੰ ਝਾਕੀਆਂ ਲਈ ਭੇਜਿਆ ਗਿਆ ਸੀ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com